
ਆਤਮ ਮਾਰਗ
Monthly Atam Marg Magazine
March 2007
ਤਖਤ ਸ੍ਰੀ ਕੇਸਗੜ੍ਹ ਸਾਹਿਬ

ਸਾਲ ਬਾਰ੍ਹਵਾਂ, ਅੰਕ ਬਾਰ੍ਹਵਾਂ, ਮਹੀਨਾ ਮਾਰਚ 2007

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ**

**ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ**

**ਕਾਨੂੰਨੀ ਸਲਾਹਕਾਰ : ਕਰਨਲ ਦਵਿੰਦਰ ਸਿੰਘ MALLB, PGDTM**


## FOREIGN (ਵਿਦੇਸ਼) CONTACT NO.


**U.S.A. - Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319

**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387

**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**Australia - Bhai Jiwan Singh ji**
Phone : 03-943-65865, Fax : 03-943-65867


## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


**Postal Address for 'ATAM MARG' Enquiry, Money Order, Cheque, Draft & correspondence**

V.G.R.M Charitable Trust 'Atam Marg'
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb. India.

**Office 'Atam Marg' Ph. No. - 9417214391,79**
**Gurudwara Ishar Parkash Ratwara Sahib** 98551-32009

**For more information please visit us on internet at:-**
**,Email : atammarg1@yahoo.co.in**
Website. www.ratwarasahib.org



*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*



**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਪ੍ਰਕਾਸ਼ਿਤ ਕੀਤਾ।**


# ਤੱਤਕਰਾ


| | |
|---|---|
| 1. ਬਾਰਾਮਾਹਾ | 2 |
| 2. ਸੰਪਾਦਕੀ | 3 |
| 3. ਚਉਥੈ ਪਹਿਰ ਸਬਾਹ ਕੈ | 4 |
| 4. ਸੰਸਾ ਇਹ ਸੰਸਾਰ ਹੈ | 8 |
| 5. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ.. | 16 |
| 6. ਕਰਮ ਬੰਧਨ ਤੋਂ ਮੁਕਤੀ | 44 |
| 7. ਸੰਤ ਬਿਮਲਾ ਸਿੰਘ ਜੀ | 48 |
| 8. ਯੋਗਾ ਉਪਰ ਲੈਕਚਰ | 59 |


## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ | ਕਾਲਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | (For outstation cheques) |

## ਸੰਪਰਕ ਨੰ. ਰਤਵਾੜਾ ਸਾਹਿਬ


ਪਰਮ ਸਤਿਕਾਰ ਯੋਗ ਬੀਜੀ - 9417214381

**'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ** **9417214391,79**

ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ 9417214383

ਸਕੂਲ ਟਰਾਂਸਪੋਰਟ - 9417214384, ਕਾਲਜ - 94172 14382

ਸੰਤ ਬਾਬਾ ਰਾਜਿੰਦਰ ਸਿੰਘ ਰਤਵਾੜਾ ਸਾਹਿਬ ਲੰਗਰਾਂ ਵਾਲੈ **9417214380**

ਆਡੀਓ ਵੀਡੀਓ ਲਾਇਬ੍ਰੇਰੀ 94172 14385

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003

ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਰਤਵਾੜਾ ਸਾਹਿਬ


**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**

**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

## ਚੇਤਿ

***ਚੇਤਿ ਗੋਵਿੰਦੁ ਆਰਾਧੀਐ ਹੋਵੈ ਅਨੰਦੁ ਘਣਾ॥***
***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥***
***ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥***
***ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥***
***ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥***
***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥***
***ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥***
***ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥***
***ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥ ਪੰਨਾ - 133***

ਚੇਤ ਦਾ ਮਹੀਨਾ ਬਸੰਤ ਰੁੱਤ ਦਾ ਬੜਾ ਸੁਹਾਵਣਾ ਮਹੀਨਾ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਅਨੰਦ ਦਿੰਦੀ ਹੈ। ਜੇ ਇਸ ਮਹੀਨੇ ਦੀ ਮਿੱਠੀ ਰੁੱਤ ਵਿਚ ਪ੍ਰਭੂ ਦਾ ਸਿਮਰਨ ਕਰੀਏ ਤਾਂ ਸਿਮਰਨ ਦੀ ਬਰਕਤਿ ਨਾਲ ਬਹੁਤ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ ਪਰ ਰਸਨਾ ਨਾਲ ਪ੍ਰਭੂ ਸਿਮਰਨ ਕਰਨ ਦੀ ਦਾਤਿ ਗੁਰੂ ਪਿਆਰ ਵਾਲੇ ਨਾਮ-ਅਨੁਭਵੀ ਸੰਤ ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ। ***(ਚੇਤਿ ਗੋਵਿੰਦੁ ਆਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥)*** ਸੰਸਾਰ ਵਿਚ ਉਸ ਮਨੁੱਖ ਦਾ ਹੀ ਆਉਣਾ ਸਫਲ ਹੈ ਜਿਸ ਨੇ ਸਿਮਰਨ ਦੀ ਸਹਾਇਤਾ ਨਾਲ ਆਪਣੇ ਪ੍ਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ ਹੈ ਕਿਉਂਕਿ ਪ੍ਰਭੂ ਦੀ ਯਾਦ ਤੋਂ ਬਿਨਾਂ ਇਕ ਖਿਨ ਦਾ ਸਮਾਂ ਗੁਜ਼ਾਰਨਾ ਭੀ ਜ਼ਿੰਦਗੀ ਨੂੰ ਬਰਬਾਦ ਕਰਨਾ ਹੈ। ***(ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ। ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥)*** ਅਸਲ ਜੀਵਨ ਉਸ ਦੀ ਯਾਦ ਵਿਚ ਜੀਉਣਾ ਹੈ। ਉਹ ਹੀ ਸਫਲ ਜੀਵਨ ਹੈ, ਆਤਮਿਕ ਜੀਵਨ ਹੈ, ਸਦੀਵ ਜੀਵਨ ਹੈ। ਫੁਰਮਾਨ ਹੈ -

***ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥***

***ਅੰਗ - 1019***

***ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥***
***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥***
***ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥***

***ਅੰਗ - 133***

ਜਿਹੜਾ ਪ੍ਰਭੂ ਪਾਣੀ ਵਿਚ, ਧਰਤੀ ਵਿਚ, ਆਕਾਸ਼ ਅਤੇ ਜੰਗਲ ਵਿਚ ਹਰ ਥਾਂ ਪਰੀਪੂਰਨ ਹੈ, ਸਰਬ-ਵਿਆਪਕ ਹੈ, ਜੇ ਐਸਾ ਪ੍ਰਭੂ ਜਿਸਦੇ ਹਿਰਦੇ ਵਿਚ ਨਾ ਵਸੇ ਤਾਂ ਉਸ ਮਨੁੱਖ ਦੇ ਦੁਖਾਂ ਦੀ ਗਿਣਤੀ ਹੀ ਨਹੀਂ ਹੋ ਸਕਦੀ ਅਰਥਾਤ ਉਸ ਦਾ ਜੀਵਨ ਅਤਿਅੰਤ ਦੁੱਖਾਂ ਨਾਲ ਆ ਘਿਰਦਾ ਹੈ। ***(ਪ੍ਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ॥)*** ਪਰ ਜਿਨ੍ਹਾਂ ਗੁਰੂ ਪਿਆਰ ਵਾਲਿਆਂ ਨੇ ਉਸ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਉਨ੍ਹਾਂ ਦਾ ਮਾਨੋ ਬੜਾ ਭਾਗ ਜਾਗ ਪਿਆ ਹੈ, ਉਹ ਵਡਭਾਗੀ ਹਨ। ਜਿਨ੍ਹਾਂ ਨੇ ਘਾਲਣਾ ਕਮਾਈਆਂ, ਮੁਸ਼ਕਤਾਂ ਘਾਲ ਕੇ ਪ੍ਰਮੇਸ਼ਰ ਨੂੰ ਪਾਇਆ ਹੈ ਉਨ੍ਹਾਂ ਦਾ ਹੀ ਸੰਸਾਰ ਦੇ ਉੱਤੇ ਆਉਣਾ ਗਿਣਤੀ ਵਿੱਚ ਹੁੰਦਾ ਹੈ। ਉਸ ਪ੍ਰਮੇਸ਼ਰ ਪਿਆਰੇ ਤੋਂ ਬਿਨਾਂ ਇੱਕ ਖਿਨ ਦਾ ਜੀਵਣਾ ਜਨਮ ਬਿਰਥਾ ਜਾਣ ਦੇ ਸਮਾਨ ਹੈ। ਪਾਣੀ, ਜੰਗਲ, ਧਰਤੀ ਅਤੇ ਅਕਾਸ਼ ਵਿੱਚ ਹਰ ਥਾਂ ਪ੍ਰਮੇਸ਼ਰ ਰਵਿਆ ਹੈ। ਸੋ ਪ੍ਰਮੇਸ਼ਰ ਜਿਨ੍ਹਾਂ ਨੂੰ ਚਿਤ ਚੇਤੇ ਨਹੀਂ ਆਉਂਦਾ ਉਨ੍ਹਾਂ ਨੂੰ ਕਿਨ੍ਹਾਂ ਹੀ ਗਿਣਤੀ ਵਿੱਚ ਆਉਣ ਵਾਲਾ ਦੁੱਖ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਨੇ ਵੀ ਪ੍ਰਮੇਸ਼ਰ ਨੂੰ ਰਾਵਿਆ ਹੈ ਉਹ ਹੀ ਜਗਿਆਸੂ ਜੀਵ ਭਾਗਾਂ ਵਾਲੇ ਹੁੰਦੇ ਹਨ।

***ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥***
***ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥***

***ਅੰਗ - 133***

ਸ਼ਬਦ ਦੀਆਂ ਅੰਤਲੀਆਂ ਤੁਕਾਂ ਵਿਚ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਦਾ ਮਨ ਵੀ ਪ੍ਰਭੂ ਦਰਸ਼ਨ ਦੀਦਾਰਾਂ ਲਈ ਤਾਂਘ ਰਿਹਾ ਹੈ, ਨਾਨਕ ਦੇ ਮਨ ਵਿਚ ਹਰੀ ਦਰਸ਼ਨਾਂ ਦੀ ਪਿਆਸ ਬਣੀ ਹੋਈ ਹੈ। ਜਿਹੜਾ ਮਨੁੱਖ ਹਰੀ ਮਿਲਾਪ ਕਰਵਾ ਦੇਵੇ, ਦਰਸ਼ਨ-ਦੀਦਾਰ ਕਰਨ ਵਿਚ ਸਹਾਇਤਾ ਕਰੇ, ਮੈਂ ਉਸ ਦੇ ਚਰਨੀਂ ਲਗਾਂਗਾ ਅਰਥਾਤ ਉਸ ਦਾ ਬਹੁਤ ਇਜ਼ਤ ਮਾਣ ਕਰਾਂਗਾ।

(***********)

# ਸੰਪਾਦਕੀ

ਜਿਥੇ ਆਪ ਜੀ ਕੋਲ ਇਸ ਮੀਡੀਏ ਦੇ ਯੁੱਗ ਵਿਚ ਟੈਲੀਵੀਜ਼ਨ, ਕੇਬਲ ਟੀ.ਵੀ., ਸੈਟੇਲਾਈਟ ਚੈਨਲ, ਅਖਬਾਰਾਂ, ਅਨੇਕ ਪ੍ਰਕਾਰ ਦੇ ਰਸਾਲਿਆਂ, ਅਸ਼ਲੀਲ ਫਿਲਮਾਂ ਰਾਹੀਂ, ਇੰਟਰਨੈਟ ਰਾਹੀਂ ਅਨੇਕ ਪ੍ਰਕਾਰ ਦੀ ਸੂਚਨਾ ਪ੍ਰਾਪਤ ਹੋ ਰਹੀ ਹੈ। ਜਿਸ ਨੂੰ ਦੇਖ, ਪੜ੍ਹ ਅਤੇ ਸੁਣ ਕੇ ਮਨ ਵਿਚ ਅਨੇਕਾਂ ਪ੍ਰਕਾਰ ਦੇ ਵਿਕਾਰ, ਈਰਖਾ, ਵੈਰ-ਵਿਰੋਧ, ਘਭਰਾਹਟ, ਅਸਭਿਅਕ ਵਿਚਾਰ ਇਨਸਾਨ ਦੇ ਮਨ ਵਿੱਚ ਉਥਲ ਪੁਥਲ ਮਚਾ ਰਹੇ ਹਨ। ਆਪਣੇ ਅਤੇ ਪਰਾਏ ਦੀ ਪਹਿਚਾਣ ਨੂੰ ਖਤਮ ਕਰ ਰਹੇ ਹਨ। ਆਪਣੇ ਸਭਿਆਚਾਰ, ਸੰਸਕ੍ਰਿਤੀ ਅਤੇ ਵਿਰਸੇ ਨੂੰ ਪਤਨ ਵੱਲ ਨੂੰ ਲੈ ਕੇ ਜਾ ਰਹੇ ਹਨ। ਅਨੇਕਾਂ ਪ੍ਰਕਾਰ ਦੇ ਸਾਡੇ ਮਨ ਵਿੱਚ ਨਾਸਤਕ ਖਿਆਲ ਉਤਪਨ ਕਰਨ ਵਿੱਚ ਭਾਗੀਦਾਰ ਬਣ ਰਹੇ ਹਨ। ਅਜੋਕੇ ਹਾਲਾਤ ਦਾ ਮੁਕਾਬਲਾ ਕਰਨ ਵਾਸਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਅਤੇ ਪਰਮ ਸਤਿਕਾਰਯੋਗ ਬੀਜੀ ਦੇ ਤਪ, ਤਤਿਖਸ਼ਾ, ਮਹਾਨ ਘਾਲਣਾ, ਕਮਾਈ ਦੀ ਬਦੌਲਤ ਅੱਜ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਤੋਂ ਪ੍ਰਕਾਸ਼ਿਤ ਹੋਣ ਵਾਲੀ ਇਸ ਮਹਾਨ ਰੂਹਾਨੀ ਪਤ੍ਰਿਕਾ ਆਤਮ ਮਾਰਗ ਪਿਛਲੇ ਬਾਰਾਂ ਸਾਲ ਤੋਂ ਇੱਕ ਅੰਮ੍ਰਿਤਧਾਰਾ ਦੀ ਤਰ੍ਹਾਂ ਸਾਡੇ ਕਲਯੁਗੀ ਜੀਵਾਂ ਦੇ ਦਿਲਾਂ ਵਿੱਚ ਠੰਢ ਵਰਸਾ ਰਿਹਾ ਹੈ। ਰੂਹਾਨੀ ਰਸਤੇ ਤੇ ਚਲਣ ਵਾਲੇ ਅਨੇਕਾਂ ਪਾਧੀਆਂ ਨੂੰ ਸੇਧ ਬਖਸ਼ਿਸ਼ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਦੇ ਨਾਲ-ਨਾਲ ਟਰਸਟ ਰਤਵਾੜਾ ਸਾਹਿਬ ਸੰਸਥਾਂ ਵੱਲੋਂ ਮਹਾਨ ਪ੍ਰਉਪਕਾਰ ਦੇ ਕਾਰਜ ਚੱਲ ਰਹੇ ਹਨ। ਜਿਨ੍ਹਾਂ ਵਿੱਚ ਨਿਰੰਤਰ ਚਲ ਰਹੀ ਅਤਿਆਧੁਨਿਕ ਸਰੋਵਰ ਦੀ ਕਾਰਸੇਵਾ ਸੰਪਨ ਹੋਣ ਵੱਲ ਜਾ ਰਹੀ ਹੈ। ਟਰਸਟ ਵੱਲੋਂ ਬਹੁਤ ਹੀ ਰਮਣੀਕ ਪਹਾੜੀ ਕੰਦਰਾਂ ਵਿੱਚ ਇਕਾਂਤ ਅਸਥਾਨ ਨਿਰਮਲ ਡੇਰਾ ਹਿਰਦਾਪੁਰ ਖੇੜੀ ਜਿਲ੍ਹਾ ਰੋਪੜ ਸੰਗਤਾਂ ਦੀ ਸਹੂਲਤ ਵਾਸਤੇ ਸੜਕ ਦਾ ਨਿਰਮਾਣ ਕਰਨ ਵਾਸਤੇ ਅਨੇਕਾਂ ਹੀ ਟਰੈਕਟਰਾਂ ਰਾਹੀਂ ਕਾਰ ਸੇਵਾ ਕੀਤੀ ਜਾ ਰਹੀ ਹੈ। ਚੌਗਿਰਦੇ ਦੀ ਸੇਵਾ ਸੰਭਾਲ ਵਾਸਤੇ ਟਰਸਟ ਰਤਵਾੜਾ ਸਾਹਿਬ ਦੀ ਬੇ ਅਬਾਦ ਜ਼ਮੀਨ ਉਪਰ ਬਹੁਤ ਹੀ ਯੋਜਨਾਂ ਬੰਦ ਤਰੀਕੇ ਦੇ ਨਾਲ ਹਰਬਲ ਪੌਦੇ ਲਗਾ ਕੇ ਅਬਾਦ ਕੀਤਾ ਜਾ ਰਿਹਾ ਹੈ। ਕਾਰ ਸੇਵਾ ਵਿੱਚ ਸੰਗਤਾਂ ਆਪਣੇ ਵਿੱਤ ਅਨੁਸਾਰ ਤਨ, ਮਨ ਅਤੇ ਧਨ ਨਾਲ ਸੇਵਾ ਕਰਦੀਆਂ ਹੋਈਆਂ ਆਪਣੀ ਕਮਾਈ ਸਫਲ ਕਰ ਰਹੀਆਂ ਹਨ।

ਇਸ ਸੰਸਥਾਂ ਵੱਲੋਂ ਵੱਖ ਵੱਖ ਥਾਵਾਂ ਤੇ ਜਾ ਕੇ ਗੁਰਮਤਿ ਦੇ ਆਸ਼ੇ ਨੂੰ ਮੁੱਖ ਰਖਦਿਆਂ ਗੁਰਮਤਿ ਸਮਾਗਮ ਕੀਤੇ ਜਾ ਰਹੇ ਹਨ ਅਤੇ ਟਰਸਟ ਰਤਵਾੜਾ ਸਾਹਿਬ ਦੇ ਅਧੀਨ ਚਲ ਰਹੇ ਆਸ਼ਰਮਾਂ ਅੰਦਰ ਅੰਤਰਾਸਟਰੀ ਪੱਧਰ ਦੀ ਵਿਦਿਆ ਬਹੁਤ ਹੀ ਲਾਗਤ ਮਾਤਰ ਕੀਮਤ ਉਪਰ ਪ੍ਰਦਾਨ ਕਰਨ ਵਾਸਤੇ ਵਿਦਿਆ ਮੰਦਰ ਪਬਲਿਕ ਸਕੂਲ ਸਥਾਪਿਤ ਕੀਤੇ ਜਾ ਰਹੇ ਹਨ। ਟਰਸਟ ਨਾਲ ਸਬੰਧਤ ਪਬਲਿਕ ਸਕੂਲ ਵਿਦਿਆ ਮੰਦਰ ਬਹੁਤ ਹੀ ਚੜ੍ਹਦੀ ਕਲਾ ਨਾਲ ਸਫਲਤਾ ਵੱਲ ਜਾ ਰਹੇ ਹਨ। ਸਿਆਣੇ ਮਾਪੇ ਆਪਣੇ ਬੱਚਿਆਂ ਨੂੰ ਦੁਨਿਆਵੀ ਵਿਦਿਆ ਦੇ ਨਾਲ ਰੂਹਾਨੀ ਸੇਧ ਪ੍ਰਾਪਤ ਕਰਨ ਵਾਸਤੇ ਇਨ੍ਹਾਂ ਸਕੂਲਾਂ ਵਿੱਚ ਦਾਖਲ ਕਰਾ ਰਹੇ ਹਨ। ਰਿਹਾਈਸ਼ ਅਤੇ ਲੰਗਰ ਦਾ ਪੂਰਾ-ਪੂਰਾ ਪ੍ਰਬੰਧ ਬੱਚਿਆਂ ਵਾਸਤੇ ਆਸ਼ਰਮ ਅੰਦਰ ਹੀ ਕੀਤਾ ਜਾਂ ਰਿਹਾ ਹੈ।

ਹਰ ਮਹੀਨੇ ਦੇ ਆਤਮ ਮਾਰਗ ਦੀ ਇਹ ਵਿਲੱਖਣਤਾ ਕਾਇਮ ਰਹੀ ਹੈ ਕਿ ਬਿਨਾਂ ਕਿਸੇ ਰਾਗ ਦਵੈਸ਼ ਤੋਂ ਰੂਹਾਨੀ ਸੰਦੇਸ਼ ਘਰ ਘਰ ਪਹੁੰਚਾਇਆ ਗਿਆ ਹੈ। ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿੱਚ ਛਪਣ ਵਾਲੇ ਆਤਮ ਮਾਰਗ ਨੂੰ ਜਗਿਆਸੂਆਂ ਨੇ ਬਹੁਤ ਹੀ ਆਦਰ ਸਤਿਕਾਰ ਪਿਆਰ ਬਖਸ਼ਿਸ਼ ਕੀਤਾ ਹੈ। ਇਸ ਮਹੀਨੇ ਦੇ ਆਤਮ ਮਾਰਗ ਮੈਗਜ਼ੀਨ ਅੰਦਰ ਨਿਰੰਤਰ ਚਲ ਰਹੇ ਲੜੀ ਵਾਰ ਲੇਖਾਂ ਦੇ ਨਾਲ ਨਾਲ ਨਵੇਂ ਸਿਰਲੇਖਾਂ ਹੇਠ ਵੀ ਰੂਹਾਨੀ ਉਪਦੇਸ਼ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਦੇਸ਼-ਵਿਦੇਸ਼ ਦੂਰ ਦਰਾਜ਼ ਪਿਆਰ ਵਾਲੇ ਪ੍ਰੇਮੀ ਆਪਣੀਆਂ ਕਿਰਤ ਕਮਾਈਆਂ ਨੂੰ ਸਫਲ ਕਰਨ ਵਾਸਤੇ ਗੁਰ-ਸ਼ਬਦ ਲੰਗਰ ਵਿੱਚ ਆਪੋ ਆਪਣਾ ਯੋਗਦਾਨ ਪਾ ਰਹੇ ਹਨ। ਅਦਾਰਾ ਆਤਮ ਮਾਰਗ ਨੂੰ ਪੂਰਨ ਆਸ ਦੇ ਨਾਲ ਦ੍ਰਿੜ ਵਿਸ਼ਵਾਸ਼ ਹੈ ਕਿ ਗੁਰ ਪੀਰਾਂ ਮਹਾਂਪੁਰਸ਼ਾਂ ਦੀ ਬਖਸ਼ਿਸ਼ ਰਹਿਮਤ ਬਦੌਲਤ ਇਹ ਰੂਹਾਨੀ ਖੇਤਰ ਵਿੱਚ ਨਵੀਆਂ ਅਮਿਟ ਪੈੜਾਂ ਛਡਦਾ ਹੋਇਆ ਇਤਿਹਾਸ ਸਿਰਜਣ ਵਿੱਚ ਪੂਰੀ ਤਰ੍ਹਾਂ ਦੇ ਨਾਲ ਕਾਮਯਾਬ ਹੋਵੇਗਾ। ਇਸ ਰੂਹਾਨੀ ਮਿਸ਼ਨ ਦੇ ਬਾਨੀ ਮਹਾਂਪੁਰਸ਼ਾਂ ਦੇ 'ਸਾਧ ਬਚਨ ਅਟਲਾਧਾ' ਅਨੁਸਾਰ ਕੀਤੇ ਪ੍ਰਬਚਨ ਕਿ ਜਿਸ ਘਰ ਵਿੱਚ ਆਤਮ ਮਾਰਗ ਮੈਗਜ਼ੀਨ ਜਾਵੇਗਾ ਉਸ ਘਰ ਅੰਦਰ ਖੁਸ਼ਿਆਲੀ, ਸੁਖ-ਸ਼ਾਂਤੀ ਕ੍ਰਿਤ ਕਮਾਈਆਂ ਵਿੱਚ ਬਰਕਤਾਂ ਪੈਂਦੀਆਂ ਰਹਿਣਗੀਆਂ। ਇਸ ਲਈ ਜਿਥੇ ਆਪ ਜੀ ਆਤਮ ਮਾਰਗ ਦੇ ਪਾਠਕ ਹੋ ਨਾਲ ਹੀ ਹੋਰਨਾਂ ਨੂੰ ਵੀ ਇਸ ਮੈਗਜ਼ੀਨ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***

***ਬਾਨੀ ਵਿ. ਗੁ. ਰੂ. ਮਿਸ਼ਨ***

## ਹੁਕਮਨਾਮਾ

*ਸਲੋਕ ॥*

*ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ ॥ ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥ ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ ॥ ਜਿਨਿ ਉਪਾਈ ਮੇਦਨੀ ਨਾਨਕ ਸੋ ਪ੍ਰਭੁ ਜਾਪਿ ॥ ਪਉੜੀ ॥*

*ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥*

*ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥*

*ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥*

*ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥*

*ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥*

*ਅੰਗ - ੭੦੯*

ਸਾਧਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਦੇ ਅੰਦਰ ਸੁਸ਼ੋਭਤ ਹੋਏ ਹੋ। ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਹਰੀ ਦਾ ਜਸ ਸਰਵਣ ਕਰ ਰਹੇ ਸੀ ਤੇ ਇਕ ਮਹਾਨ-ਮਹਾਨ ਪੁੰਨ ਜਿਸ ਦੀ ਕਦੇ ਤੋਟ ਨਹੀਂ ਆਉਂਦੀ ਵਧਦਾ ਹੀ ਜਾਂਦਾ ਹੈ, ਉਹ ਆਪ ਖੱਟ ਰਹੇ ਸੀ। ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਹੋਵੇ ਤਾਂ ਅੰਮ੍ਰਿਤ ਵੇਲੇ ਦੀ ਜਾਗ ਬਖਸ਼ਦੇ ਨੇ। ਜਿਸ ਦੇ ਭਾਗ ਹੀਣੇ ਹੁੰਦੇ ਨੇ ਉਹ ਅੰਮ੍ਰਿਤ ਵੇਲੇ ਆਲਸ ਵਿਚ ਜਾਂਦੇ ਨੇ ਤੇ ਪ੍ਰਭੂ ਦੇ ਪਿਆਰ ਤੋਂ ਵਾਂਝੇ ਰਹਿ ਕੇ ਆਪਣਾ ਜੀਵਨ ਵਿਅਰਥ ਬਰਬਾਦ ਕਰ ਦਿੰਦੇ ਨੇ। ਸੋ ਮਹਾਰਾਜ ਜੀ ਨੇ ਛੋਟੇ-ਛੋਟੇ ਬੱਚਿਆਂ, ਸਾਰੀ ਸੰਗਤ ਨੂੰ ਉਤਸ਼ਾਹ ਬਖਸ਼ਿਆ ਹੈ ਕਿਉਂਕਿ ਜਦੋਂ ਤੱਕ ਪੁੰਨ ਕਰਮ ਨਹੀਂ ਜਾਗਦੇ ਓਨੀਂ ਦੇਰ ਤੱਕ ਭਗਤੀ ਨਹੀਂ ਹੋਇਆ ਕਰਦੀ, ਨਾਮ ਨਹੀਂ ਜਪਿਆ ਜਾ ਸਕਦਾ, ਗੁਰੂ ਦਾ ਮਿਲਾਪ ਨਹੀਂ ਹੁੰਦਾ। ਬਹੁਤ ਵੱਡੀ ਬਖਸ਼ਿਸ਼ ਹੋਵੇ ਜਿਸ ਦੇ ਉਤੋਂ ਮਹਾਰਾਜ ਜੀ ਕਹਿੰਦੇ ਸਿਰਫ ਓਹੀ ਹਰੀ ਦਾ ਜਸ ਗਾ ਸਕਦਾ ਹੈ, ਦੂਸਰਾ ਕੋਲ ਬੈਠਾ ਰਹਿ ਜਾਂਦਾ ਹੈ। ਜੀਵਨ ਸਾਰਾ ਵਿਅਰਥ ਗੁਆ ਕੇ ਸੰਸਾਰ ਤੋਂ ਤੁਰ ਜਾਂਦਾ ਹੈ ਤੇ ਉਸਨੂੰ ਕੋਈ ਕਿਨਾਰਾ ਨਹੀਂ ਲੱਭਦਾ।

ਗੁਰਮੁਖ ਜੋ ਹੈ ਉਹ ਸੰਸਾਰ ਤੇ ਆਉਂਦਾ ਹੈ, ਸੋਝੀ ਹੁੰਦੀ ਹੈ ਏਸਨੂੰ। ਸੋਝੀ ਹੋਣ ਦੇ ਨਾਲ ਪਤਾ ਹੁੰਦਾ ਹੈ ਕਿ ਮੈਂ ਕਿਉਂ ਆਇਆ ਹਾਂ? ਮੇਰੇ ਜੀਵਨ ਦਾ ਮਨੋਰਥ ਕੀ ਹੈ? ਓਸ ਮਨੋਰਥ ਨੂੰ ਪ੍ਰਾਪਤ ਕਰਨ ਵਾਸਤੇ ਉਸ ਦੇ ਅੰਦਰ ਗਿਆਨ ਹੁੰਦਾ ਹੈ, ਪ੍ਰਭੂ ਵਲੋਂ ਹੀ ਬਖਸ਼ਿਆ ਹੋਇਆ ਗਿਆਨ ਹੁੰਦਾ ਹੈ। ਸਿਰਫ ਓਹੋ ਜਿਹੇ ਹਾਲਾਤ, ਉਹੋ ਜਿਹਾ ਵਾਤਾਵਰਨ ਓਸ ਨੂੰ ਮਿਲ ਜਾਵੇ ਉਸੇ ਵੇਲੇ ਉਹ ਚੀਜ਼ ਫੇਰ ਜਾਗ ਪਿਆ ਕਰਦੀ ਹੈ। ਵੱਡੇ-ਵੱਡੇ ਮਹਾਂਪੁਰਸ਼ਾਂ ਦਾ ਹਾਲ ਪੜ੍ਹੋ, ਸਭ ਕੁਝ ਉਨ੍ਹਾਂ ਦੇ ਕੋਲ ਸੀ ਲੇਕਿਨ ਸਮੇਂ ਤੇ ਆ ਕੇ ਹੀ ਉਨ੍ਹਾਂ ਦੀ ਜਾਗ ਖੁੱਲ੍ਹੀ।

ਗੁਰੂ ਨਾਨਕ ਪਾਤਸ਼ਾਹ ਇਕ ਜੰਗਲ ਵਿਚ ਜਾ ਰਹੇ ਨੇ। ਮਰਦਾਨੇ ਨੂੰ ਕਹਿਣ ਲੱਗੇ, ਮਰਦਾਨਿਆਂ! ਉਹ ਕੌਣ ਜਾਂਦਾ ਹੈ? ਅੰਦਾਜ਼ਾ ਲਾਇਆ ਕਿਉਂਕਿ ਰੋਜ਼ ਦਾ ਕੰਮ ਸੀ ਉਨ੍ਹਾਂ ਦਾ। ਕਹਿੰਦਾ, ਸੱਚੇ ਪਾਤਸ਼ਾਹ! ਮੈਨੂੰ ਤਾਂ ਆਏਂ ਲਗਦਾ ਹੈ ਕਿ ਕੋਈ ਵਪਾਰੀ ਜਾ ਰਿਹਾ ਹੈ ਕਿਉਂਕਿ ਉਸ ਦੇ ਕੋਲ ਪਰਲੇ ਪਾਸੇ ਦੇਖੋ, ਝੋਲੇ ਵਿਚ ਆਏਂ ਲਗਦਾ ਹੈ ਕਿ ਜਿਵੇਂ ਤੱਕੜੀ ਹੁੰਦੀ ਹੈ ਤੇ ਗਲ ਦੇ ਨਾਲ ਲਟਕਾਇਆ ਹੋਇਆ ਹੈ ਪਲੜੇ ਝੋਲੇ ਵਿਚ ਪਾਏ ਹੋਏ ਨੇ ਤੇ ਡੰਡੀ ਬਾਹਰ ਤੇ ਇਹ ਕੋਈ ਫੇਰੀ ਵਾਲਾ ਹੈ।

ਮਹਾਰਾਜ ਜੀ ਕਹਿੰਦੇ, ਬੁਲਾਓ ਏਸ ਨੂੰ।

ਮਰਦਾਨਾ ਜੀ ਨੇ ਆਵਾਜ਼ ਦਿੱਤੀ ਕਹਿੰਦੇ, ਪ੍ਰੇਮੀਆ! ਤੈਨੂੰ ਗੁਰੂ ਯਾਦ ਫੁਰਮਾਉਂਦੇ ਨੇ। ਉਹ ਹਾਜ਼ਰ ਹੋਇਆ। ਚਿਹਰਾ ਦੇਖਿਆ, ਮਸਤਕ ਦੇਖਿਆ, ਖਿੱਚ ਪਈ, ਆਪਣੇ-ਆਪਣੇ ਲੱਗੇ, ਪੂਰੀ ਸ਼ਰਧਾ ਦੇ ਨਾਲ ਨਮਸਕਾਰ ਕੀਤੀ।

ਮਹਾਰਾਜ ਕਹਿੰਦੇ, ਪ੍ਰੇਮੀਆ! ਕੀ ਲਈ ਫਿਰਦਾ ਹੈਂ? ਕਾਹਦੀ ਰਾਸ ਹੈ ਤੇਰੇ ਕੋਲ?

ਕਹਿੰਦਾ, "ਸੱਚੇ ਪਾਤਸ਼ਾਹ! ਆਪ ਦਾ ਬਖਸ਼ਿਆ

ਹੋਇਆ ਕੁਝ ਸਮਾਨ ਹੈ ਜੋ ਮੈਂ ਨਗਰਾਂ ਵਿਚ ਫਿਰ-ਫਿਰ ਕੇ, ਝੌਂਪੜੀਆਂ ਵਿਚ ਘੁੰਮਾ-ਘੁੰਮਾ ਕੇ ਵੇਚਦਾ ਹਾਂ ਤੇ ਉਸ ਦੇ ਨਾਲ ਮੈਂ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਹਾਂ।

ਮਹਾਰਾਜ ਜੀ ਕਹਿੰਦੇ, ਦਿਖਾ ਤਾਂ।

ਉਸ ਵੇਲੇ ਉਸ ਨੇ ਸਮਾਨ ਰੱਖ ਲਿਆ, ਸ਼ਰਧਾ ਦੇ ਵਿਚ ਹੈ। ਇਹ ਫੁਰਨਾ ਨਹੀਂ ਆਇਆ। ਉਸ ਦੇ ਮਨ ਦੇ ਅੰਦਰ ਕਿ ਮੇਰਾ ਸਮਾਂ ਬਰਬਾਦ ਕਰਦੇ ਨੇ, ਇਨ੍ਹਾਂ ਸੰਤਾਂ ਨੇ ਕੀ ਲੈਣਾ ਹੈ, ਇਨ੍ਹਾਂ ਕੋਲ ਤਾਂ ਕੋਈ ਚੀਜ਼ ਹੀ ਨਹੀਂ ਹੈ। ਪੋਟਲੀਆਂ ਕੱਢ-ਕੱਢ ਦਿਖਾਈ ਜਾਂਦਾ ਹੈ ਕਿ ਮਹਾਰਾਜ! ਇਹ ਚੌਲ ਨੇ ਮੇਰੇ ਕੋਲ, ਆਹ ਹਲਦੀ ਹੈ, ਆਹ ਨਮਕ ਹੈ ਡੱਬੀਆਂ ਨੇ, ਜੈਸੀ-ਜੈਸੀ ਚੀਜ਼ ਸੀ ਉਹ ਦਿਖਾਈ।

ਮਹਾਰਾਜ ਜੀ ਕਹਿੰਦੇ, ਆਹ, ਛੋਟੀ ਥੈਲੀ ਵਿਚ ਕੀ ਹੈ?

ਕਹਿੰਦਾ, ਜੀ! ਇਸ ਦੇ ਵਿਚ ਵੱਟੇ ਨੇ।

ਕਹਿੰਦੇ, ਇਹ ਵੀ ਕੱਢ।

ਉਦੋਂ ਕੱਚੇ ਵੱਟੇ ਹੁੰਦੇ ਸੀ, ਪੱਥਰਾਂ ਦੇ ਬਣਾਏ ਹੋਏ ਤੋੜ ਭੰਨ ਕੇ ਕਹਿੰਦੇ, ਆਹ ਮਹਾਰਾਜ! ਦੁਸਹਿਰੀ ਹੈ, ਆਹ ਇਕ ਸੇਰ ਹੈ, ਆਹ ਅੱਧ ਸੇਰ ਹੈ।

ਕਹਿੰਦੇ, ਆਹ ਛੋਟਾ ਜਿਹਾ ਵੱਟਾ?

ਕਹਿੰਦਾ, "ਮਹਾਰਾਜ! ਇਹ ਹੈ ਪਾਈਆ।"

ਮਹਾਰਾਜ ਜੀ ਨੇ ਉਹ ਹੱਥ ਵਿਚ ਫੜ ਲਿਆ, ਦੋਹਾਂ ਹੱਥਾਂ ਵਿਚ ਲੈ ਲਿਆ ਕਹਿੰਦੇ ਧੰਨ ਪਾਓ! ਧੰਨ ਪਾਓ!! ਧੰਨ ਪਾਓ!!! ਧੰਨ ਹਟ ਗਿਆ ਫੇਰ ਪਾਓ, ਪਾਓ ਰਹਿ ਗਿਆ - ਪਾਓ, ਪਾਓ, ਪਾਓ। ਸਮਝ ਨਾ ਸਕਿਆ ਕਿ ਐਡੀ ਮਹਾਨਤਾ ਦੇ ਰਹੇ ਨੇ ਲੇਕਿਨ ਐਉਂ ਸਮਝ ਗਿਆ ਕਿ ਕਿਸੇ ਥਾਂ ਇਨ੍ਹਾਂ ਦੀ ਸੁਰਤ ਖੜ੍ਹੀ ਕਹਿ ਰਹੀ ਹੈ ਕਿ ਪਾਓ, ਪਾਓ, ਪਾਓ ਦਿਓ, ਪਾ ਦਿਓ।

ਉਸ ਤੋਂ ਬਾਅਦ ਕਹਿੰਦੇ, ਧੰਨ ਹੈ ਭਾਈ! ਤੂੰ ਸਾਰਿਆਂ ਨਾਲੋਂ ਛੋਟਾ ਕਹਾਇਆ, ਧੰਨ ਹੈ ਤੂੰ!

ਕਿਉਂਕਿ ਗੁਰੂ-ਘਰ ਦੇ ਅੰਦਰ ਵੱਡੇ ਦਾ ਥਾਂ ਨਹੀਂ ਹੈ, ਜੋ ਵੱਡਾ ਕਹਾਉਂਦਾ ਹੈ ਉਸ ਦਾ ਕੋਈ ਥਾਂ ਨਹੀਂ ਹੈ। ਗੁਰੂ-ਘਰ ਦੇ ਅੰਦਰ ਨਿਮਰਤਾ ਦਾ ਥਾਂ ਹੈ, ਗਰੀਬੀ ਦਾ ਥਾਂ ਹੈ, ਜੋ ਮਨ ਦੀ ਗਰੀਬੀ ਹੁੰਦੀ ਹੈ ਉਸ ਨੂੰ ਥਾਂ ਮਿਲਦਾ ਹੈ ਕਿਉਂਕਿ ਜਿੱਥੇ ਵਡੱਪਣ ਹੈ ਉਥੇ ਨਾਮ ਨਹੀਂ ਠਹਿਰਿਆ ਕਰਦਾ -

*ਫਰੀਦਾ ਗਰਬੁ ਜਿਨ੍ਾ ਵਡਿਆਈਆ*
*ਧਨਿ ਜੋਬਨਿ ਆਗਾਹ ॥ ਅੰਗ - ੧੩੮੩*

ਧਨ ਦਾ ਗਰਬ, ਜੋਬਨ ਦਾ, ਜਾਇਦਾਦਾਂ ਦਾ, ਵਿਦਿਆ, ਹੋਰ ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੰਗਾਂ ਦਾ, ਕਹਿੰਦੇ ਇਹ -

*ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥*
*ਅੰਗ - ੧੩੮੩*

ਐਸੇ ਜਿਹੜੇ ਹਿਰਦੇ ਹੋਣਗੇ ਇੱਥੇ ਨਾਮ ਦਾ ਨਿਵਾਸ ਨਹੀਂ ਹੋਣਾ ਇਹ ਵਾਹਿਗੁਰੂ ਤੋਂ ਖਾਲੀ ਰਹਿਣਗੇ। ਕਿਸ ਤਰ੍ਹਾਂ ਦੇ ਨਾਲ? ਜਿਵੇਂ ਆਹ ਸਾਮ੍ਹਣੇ ਕੱਚੇ ਪਹਾੜ ਨੇ ਚੰਡੀਗੜ੍ਹ ਤੋਂ ਪਰਲੇ ਪਾਸੇ। ਬਾਰਿਸ਼ ਉਥੇ ਪੈਂਦੀ ਹੈ ਪਰ ਉਨ੍ਹਾਂ ਕੱਚਿਆਂ ਪਹਾੜਾਂ ਨੂੰ ਕੁਝ ਨਹੀਂ ਮਿਲਦਾ ਸਗੋਂ ਉਨ੍ਹਾਂ ਨਾਲੋਂ ਕੁਝ ਹਿੱਸਾ ਖੁਰ ਕੇ ਥੱਲੇ ਨੂੰ ਚਲਿਆ ਜੰਦਾ ਹੈ, ਉਦੂੰ ਵੀ ਘਟ ਜਾਂਦੇ ਨੇ ਤੇ ਜਿਹੜਿਆਂ ਖੇਤਾਂ ਵਿਚ ਜਾ ਕੇ ਪਾਣੀ ਨੀਵਿਆਂ ਥਾਵਾਂ ਤੇ ਖੜ੍ਹਦਾ ਹੈ ਉਥੇ ਜਾ ਕੇ ਇਨ੍ਹਾਂ ਦੀ ਮਿੱਟੀ ਨੂੰ ਪਾਣੀ ਛੱਡ ਜਾਂਦਾ ਹੈ ਉਧਰ ਖੇਤ ਹਰੇ ਹੋ ਜਾਂਦੇ ਨੇ ਤੇ ਇਨ੍ਹਾਂ ਵਿਚ ਇਕ ਤਿਣਕਾ ਵੀ ਹਰਾ ਨਹੀਂ ਹੁੰਦਾ। ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਜਿਹੜੇ ਮਾਣ-ਮੱਤੇ ਹਿਰਦੇ ਨੇ ਉਨ੍ਹਾਂ ਦੇ ਅੰਦਰ ਪ੍ਰਭੂ ਦਾ ਨਾ ਪਿਆਰ ਟਿਕ ਸਕੇ, ਨਾ ਨਾਮ ਟਿਕ ਸਕੇ, ਟਿਕਦਾ ਕਿਨ੍ਹਾਂ ਦੇ ਵਿਚ ਹੈ? ਇਹ ਵੀ ਧਿਆਨ ਦੇ ਨਾਲ ਸਾਨੂੰ ਨੋਟ ਕਰ ਲੈਣਾ ਚਾਹੀਦਾ ਹੈ ਕਿਉਂਕਿ ਗੁਰਬਾਣੀ ਦੇ ਅੰਦਰ ਸਿਧਾਂਤ ਹੈ ਜਿਵੇਂ ਸੰਵਿਧਾਨ ਦੇ ਵਿਚ ਦਫਾਵਾਂ ਹੁੰਦੀਆਂ ਨੇ, ਧਾਰਾਵਾਂ ਹੁੰਦੀਆਂ ਨੇ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਅਨੇਕਾਂ ਹੀ ਸਿਧਾਂਤ ਨੇ। ਜੇ ਕੋਈ ਖੋਜ ਕਰਨ ਵਾਲਾ ਬੰਦਾ ਸੱਚੇ ਦਿਲ ਨਾਲ ਲੱਗ ਜਾਵੇ ਫੇਰ ਇਨ੍ਹਾਂ ਦੇ ਅਰਥ ਆਪੇ ਹੀ ਖੁਲ੍ਹ ਜਾਇਆ ਕਰਦੇ ਨੇ, ਅੰਦਰ ਟਿਕ ਜਾਇਆ ਕਰਦੇ ਨੇ।

ਸੋ ਗੁਰੂ ਮਹਾਰਾਜ ਇਹ ਕਹਿੰਦੇ ਨੇ ਕਿ ਭਾਈ ਪ੍ਰੇਮੀਓ! ਸਾਨੂੰ ਦੁਨੀਆਂ ਨਮਸਕਾਰਾਂ ਕਰਦੀ ਹੈ, ਬੇਅੰਤ ਸੰਸਾਰ ਆਉਂਦਾ ਹੈ। ਉਨ੍ਹਾਂ ਦੇ ਮਨਾਂ ਵਿਚ ਇਹ ਬੜਾ ਪ੍ਰਭਾਵ ਹੈ, ਸ਼ਰਧਾ ਹੈ ਕਿ ਅਸੀਂ ਬਹੁਤ ਉਚੇ ਹਾਂ ਲੇਕਿਨ ਅਸੀਂ ਤੁਹਾਨੂੰ ਇਕ ਗੱਲ ਦੱਸ ਦਿੰਦੇ ਹਾਂ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*
*ਪ੍ਰਣਵਤਿ ਨਾਨਕੁ ਤਾਰੇ ਸੋਇ ॥*
*ਅੰਗ - ੭੨੮*

ਮਹਾਰਾਜ ਜੀ ਨੇ ਖਤਮ ਹੀ ਕਰ ਦਿਤਾ ਕਿ ਇੱਥੇ ਚੰਗਾ ਵੀ ਨਹੀਂ ਹੈ ਤੇ ਬੁਰਾ ਵੀ ਕੋਈ ਨਹੀਂ ਹੈ। ਵਿਚਾਲੇ ਨਿਰਪੱਖ ਕਰ ਦਿਤਾ ਤੇ ਗੁਰਬਾਣੀ ਵਿਚ ਅੱਗੇ ਹੋਰ

ਆਉਂਦਾ ਹੈ ਕਿ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ - ੧੩੬੪*

ਅਸੀਂ ਬੁਰੇ ਹਾਂ ਮੈਨੂੰ ਛੱਡ ਦਿਓ ਤੁਸੀਂ ਬਾਕੀ ਸਾਰੇ ਹੀ ਭਲੇ ਨੇ ਸੰਸਾਰ ਵਿਚ ਤੇ ਅੱਗੇ ਇਕ ਸ਼ਰਤ ਰੱਖ ਦਿਤੀ ਕਿ ਜਿਸ ਦੇ ਮਨ ਵਿਚ ਐਸਾ ਆ ਜਾਵੇ, ਪੱਕੀ ਤਰ੍ਹਾਂ ਬੈਠ ਜਾਵੇ, ਇਕ ਤਾਂ ਅਸੀਂ ਮੂੰਹ ਨਾਲ ਕਹਿੰਦੇ ਹਾਂ। ਅਰਦਾਸ ਕਰਦਾ ਹੈ ਅਰਦਾਸੀਆ -

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥*
*ਭਾਈ ਗੁਰਦਾਸ ਜੀ, ਵਾਰ 36/21*

ਬੜੇ ਸੋਹਣੇ ਸ਼ਬਦ ਨੇ ਕਿਸੇ ਹਿਰਦੇ ਵਿਚ ਜਾ ਕੇ ਟੁਣਕਾਰ ਮਾਰਦੇ ਨੇ, ਆ ਜਾਂਦਾ ਹੈ ਆਪਣਾ ਔਗੁਣ ਸਾਮ੍ਹਣੇ ਕਿ ਮੇਰੇ ਵਿਚ ਵੀ ਇਹ ਔਗੁਣ ਨੇ ਸਾਰੇ ਲੇਕਿਨ ਅਰਦਾਸ ਕਰਨ ਵਾਲੇ ਨੇ ਇਹ ਚੀਜ਼ ਆਪਣੇ ਉਪਰ ਨਹੀਂ ਘਟਾਈ ਇਕ ਯਾਦ ਕੀਤੀ ਹੋਈ ਚੀਜ਼ ਸੰਗਤ ਦੇ ਵਿਚ ਪੜ੍ਹ ਦਿਤੀ ਤੇ ਗੁਰੂ ਮਹਾਰਾਜ ਦੇ ਵੀ ਸਾਮ੍ਹਣੇ ਪੜ੍ਹ ਦਿਤੀ। ਉਹ ਅੰਤਰਜਾਮੀ ਘਟ-ਘਟ ਦੇ ਜਾਨਣਹਾਰਾ ਜਾਣਦਾ ਹੈ ਕਿ -

*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ ॥ ਅੰਗ - ੪੫੦*

ਅੱਖਾਂ ਵਿਚ ਵੀ ਪਾਣੀ ਵਗਦਾ ਦੇਖਿਆ ਹੈ ਪਰ ਉਸ ਜੇ ਇਹ ਕਹਿ ਦਿਓ ਥੋੜ੍ਹੀ ਦੇਰ ਤੋਂ ਬਾਅਦ ਕਿ ਤੂੰ ਤਾਂ ਠੱਗ ਬੰਦਾ ਹੈ, ਚੋਰ ਹੈ ਤੂੰ। ਉਹ ਕਦੇ ਵੀ ਨਹੀਂ ਮੰਨਦਾ ਕਿ ਮੈਂ ਚੋਰ ਹਾਂ, ਮੈਂ ਠੱਗ ਹਾਂ, ਲੜਨ ਨੂੰ ਪਏਗਾ, ਗੁੱਸਾ ਕਰ ਲਏਗਾ ਕਿਉਂਕਿ ਉਸ ਨੇ ਬੁੱਝਿਆ ਨਹੀਂ ਹੈ ਏਸ ਗੱਲ ਨੂੰ ਕੇਵਲ ਕਿਹਾ ਹੀ ਹੀ ਮੂੰਹ ਦੇ ਨਾਲ, ਗੱਲ ਬੁੱਝੀ ਨਹੀਂ ਹੈ। ਜਿਸ ਨੇ ਇਹ ਗੱਲ ਬੁੱਝ ਲਈ ਉਸ ਦੀ ਪਦਵੀ ਕਿੰਨੀ ਉਚੀ ਹੋ ਗਈ -

*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ - ੧੩੬੪*

ਮਿਤਰਤਾ ਪ੍ਰਾਪਤ ਕਰਨੀ ਬਹੁਤ ਵੱਡੀ ਚੀਜ਼ ਹੈ। ਕਿਸੇ ਵੱਡੇ ਅਫਸਰ ਦੀ ਮਿਤਰਤਾ ਪ੍ਰਾਪਤ ਹੋ ਜਾਵੇ, ਕਿਸੇ ਪੁਲਿਸ ਦੇ ਵੱਡੇ ਅਧਿਕਾਰੀ ਦੀ ਮਿਤਰਤਾ ਪ੍ਰਾਪਤ ਹੋ ਜਾਵੇ, ਕਿਸੇ ਮੰਤਰੀ ਦੀ ਹੋ ਜਾਵੇ ਤਾਂ ਕੰਮ ਸੁਖਾਲੇ ਹੀ ਚੱਲਣੇ ਸ਼ੁਰੂ ਹੋ ਜਾਂਦੇ ਨੇ। ਪਤਾ ਰਹਿੰਦਾ ਹੈ ਕਿ ਮੇਰਾ ਮਿੱਤਰ ਹੈ ਕੋਈ ਔਖ-ਸੌਖ ਆਈ ਤਾਂ ਮੇਰੀ ਸਹਾਇਤਾ ਹੋ ਜਾਏਗੀ ਤੇ ਮਹਾਰਾਜ ਜੀ ਦੀ ਮਿਤਰਤਾ ਕਿੱਡੀ ਵੱਡੀ ਚੀਜ਼ ਹੈ ਕੇਵਲ ਇਹ ਜੇ ਸਮਝ ਆ ਜਾਵੇ ਜਿਸ ਤਰ੍ਹਾਂ ਇਕੋ ਹੀ ਤੁਕ ਵਿਚ ਮਹਾਰਾਜ ਜੀ ਨੇ ਬਿਆਨ ਕਰ ਦਿਤਾ ਹੈ।

ਸੋ ਅਭਿਮਾਨ ਜਿਹੜਾ ਹੈ ਇਹ ਨਹੀਂ ਭਾਉਂਦਾ ਗੁਰੂ ਘਰ ਵਿਚ। ਅਭਿਮਾਨ ਇਕ ਤਰ੍ਹਾਂ ਦਾ ਨਹੀਂ ਹੁੰਦਾ - ਕਿਸੇ ਨੂੰ ਇਹ ਅਭਿਮਾਨ ਹੁੰਦਾ ਹੈ ਕਿ ਮੈਂ ਅੰਮ੍ਰਿਤ ਵੇਲੇ ਜਾਗਦਾ ਹਾਂ, ਆਹ ਸਾਰੀ ਚੌਰਾਸੀ ਸੁੱਤੀ ਪਈ ਹੈ। ਮਾਣ ਆ ਗਿਆ ਜਾਗਣ ਦਾ, ਮਹਾਰਾਜ ਜੀ ਕਹਿੰਦੇ ਇਹ ਵੀ ਤੇਰੀ ਚੰਗੀ ਗੱਲ ਨਹੀਂ ਹੈ, ਕਿਸੇ ਨੂੰ ਬਾਣੀ ਪੜ੍ਹਨ ਦਾ ਮਾਣ ਹੈ ਕਿ ਮੈਂ 19 ਬਾਣੀਆਂ ਦਾ ਨਿਤਨੇਮ ਕਰਦਾ ਹਾਂ, ਕੋਈ ਕਹਿੰਦਾ ਹੈ ਮੈਂ ਢਾਈ ਘੰਟੇ ਨਾਮ ਜਪਦਾ ਹਾਂ, ਇਹ ਤਾਂ ਜਪਦੇ ਹੀ ਨਹੀਂ, ਇਨ੍ਹਾਂ ਦੀ ਮਾੜੀ ਗਤੀ ਹੋਏਗੀ, ਕੋਈ ਪੈਸੇ ਦਾ ਮਾਣ ਕਰਦਾ ਹੈ, ਕੋਈ ਆਪਣੀ ਵਿਦਿਆ ਦਾ ਮਾਣ ਕਰਦਾ ਹੈ, ਕੋਈ ਆਪਣੀ ਚਤੁਰਾਈ ਦਾ ਮਾਣ ਕਰਦਾ ਹੈ ਕਿਸੇ ਨੂੰ ਆਪਣੇ ਅਹੁਦਿਆ ਦਾ ਮਾਣ ਹੁੰਦਾ ਹੈ, ਕਿਸੇ ਨੂੰ ਰਾਜਸੀ ਸੱਤ੍ਹਾ ਦਾ ਮਾਣ ਹੁੰਦਾ ਹੈ। ਮਹਾਰਾਜ ਕਹਿੰਦੇ ਇਹ ਮਾਣ ਜਿਹੜੇ ਨੇ ਇਹ ਉਚੇ ਟਿੱਬੇ ਹੁੰਦੇ ਨੇ ਆਦਮੀ ਦੇ ਅੰਦਰ, ਜਿਵੇਂ ਨੀਵਿਆਂ ਖੇਤਾਂ ਵਿਚ ਪਾਣੀ ਖੜ੍ਹਦਾ ਹੈ, ਉਚਿਆਂ ਟਿੱਬਿਆਂ ਤੋਂ ਰੁੜ੍ਹ ਆਉਂਦਾ ਹੈ ਇਸੇ ਤਰ੍ਹਾਂ ਇਨ੍ਹਾਂ ਵਿਚੋਂ ਜੋ ਗੁਰੂ ਦਾ ਪਿਆਰ ਤੇ ਜੋ ਗੁਰੂ ਦਾ ਦੱਸਿਆ ਹੋਇਆ ਜੀਵਨ ਹੈ ਉਹ ਅਭਿਮਾਨੀ ਹਿਰਦਿਆਂ ਵਿਚੋਂ ਰੁੜ੍ਹ ਜਾਂਦਾ ਹੈ। ਅਭਿਮਾਨ ਹਰ ਕਿਸਮ ਦਾ ਹੈ ਤੇ ਓਹੀ ਅਭਿਮਾਨ ਜਿਹੜਾ ਹੈ ਉਹ ਦ੍ਵੈਤ ਪੈਦਾ ਕਰਦਾ ਹੈ। ਇਕ ਨੂੰ ਚੰਗਾ ਸਮਝਦਾ ਹੈ ਦੂਸਰੇ ਨੂੰ ਮਾੜਾ ਸਮਝਦਾ ਹੈ। ਆਪਣੇ-ਆਪ ਨੂੰ ਹਰ ਕੋਈ ਚੰਗਾ ਸਮਝਦਾ ਹੈ, ਦੂਸਰੇ ਦੀ ਨਿੰਦਿਆ ਕੋਈ ਤਾਂ ਕਰੇਗਾ ਜੇ ਉਹ ਆਪਣੇ-ਆਪ ਨੂੰ ਚੰਗਾ ਸਮਝੇਗਾ ਜਿਹੜਾ ਆਪਣੇ ਆਪ ਨੂੰ ਚੰਗਾ ਨਹੀਂ ਸਮਝਦਾ ਉਹ ਕਿਸੇ ਨੂੰ ਬੁਰਾ ਹੀ ਨਹੀਂ ਕਹਿੰਦਾ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਉਹ ਸਰੀਰਾਂ ਨੂੰ ਨਹੀਂ ਦੇਖਦੇ ਸਰੀਰ ਵਿਚ ਵਸਦੀ ਜੋਤ ਨੂੰ ਦੇਖਦੇ ਨੇ। ਉਹ ਜੋਤ ਕੀ ਹੈ ? ਉਸ ਦਾ ਪਰਛਾਵਾਂ

ਵੀ ਹੈ ਪਰ ਪਰਛਾਵੇਂ ਨਾਲ ਉਨ੍ਹਾਂ ਦਾ ਸਬੰਧ ਨਹੀਂ ਹੁੰਦਾ। ਪਰਛਾਵੇਂ ਦੇ ਵਿਚ ਹਉਮੈ ਹੋਇਆ ਕਰਦੀ ਹੈ, ਹਉਮੈ ਵਿਚ 'ਮੈਂ' ਹੋਇਆ ਕਰਦੀ ਹੈ, 'ਮੈਂ' ਦੇ ਸਬੰਧ ਵਿਚ ਜੀਵ ਨੱਠੇ ਫਿਰਦੇ ਨੇ। ਸੋ ਬਹੁਤ ਲੰਮਾ-ਚੌੜਾ ਚੱਕਰ ਹੈ ਇਹ। ਜਿਹੋ ਜਿਹੀ ਬੁੱਧੀ ਵਾਹਿਗੁਰੂ ਨੇ ਕਿਸੇ ਨੂੰ ਬਖਸ਼ ਦਿਤੀ -

*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥ ਅੰਗ - ੨੭੫*

ਆਪਣਾ ਚਿੱਤ ਬਾਣੀ ਨੂੰ ਲਗਦਾ ਹੈ, ਦੂਸਰਿਆਂ ਦਾ ਨਹੀਂ ਲਗਦਾ ਉਨ੍ਹਾਂ ਨੂੰ ਮਾੜਾ ਨਾ ਕਹੇ ਜੇ ਕਹਿਣਾ ਵੀ ਹੈ ਤਾਂ ਇਹ ਹੈ ਕਿ ਇਸਨੂੰ ਇਹ ਮੱਤ ਦਿਤੀ ਹੋਈ ਹੈ ਮੈਨੂੰ ਇਹ ਮੱਤ ਦਿਤੀ ਹੋਈ ਹੈ ਫੇਰ ਕਿਸੇ ਨਾਲ ਵੀ ਰੌਲਾ ਨਹੀਂ ਪੈਂਦਾ। ਰੌਲਾ ਪਾ ਲੈਣਾ ਆਪਣੇ-ਆਪ ਨੂੰ ਉਚਾ ਸਮਝ ਲੈਣਾ, ਸ਼ੁੱਭ ਸਮਝਣਾ ਇਹੀ ਮਾੜੀ ਬਾਤ ਹੋਇਆ ਕਰਦੀ ਹੈ ਇਸ ਦੇ ਵਿਚ ਨਾਮ ਨਹੀਂ ਟਿਕਿਆ ਕਰਦਾ। ਸੋ ਇਹ ਸਾਰੀਆਂ ਚੀਜ਼ਾਂ ਜਿੰਨੀਆਂ ਵੀ ਅਸੀਂ ਕਰਦੇ ਹਾਂ ਇਹ ਮਹਾਰਾਜ ਜੀ ਦੀ ਕ੍ਰਿਪਾ ਹੋਵੇ ਕਿ ਸਾਨੂੰ 'ਸ਼ੁੱਭ ਮੱਤ' ਮਿਲ ਜਾਵੇ ਤੇ ਸ਼ੁੱਭ ਮੱਤ ਦੇ ਮੁਤਾਬਿਕ ਅਸੀਂ ਆਪਣਾ ਜੀਵਨ ਬਤੀਤ ਕਰੀਏ।

ਸੋ ਜਿਹੜੇ ਪ੍ਰੇਮੀ ਅੰਮ੍ਰਿਤ ਵੇਲੇ ਜਾਗਦੇ ਨੇ ਕਿੰਨੀ ਕੁਰਬਾਨੀ ਹੈ ਅਸੀਂ ਤਾਂ ਬਲਿਹਾਰ ਜਾਂਦੇ ਹਾਂ ਇਨ੍ਹਾਂ ਦੇ ਕਿ ਧੰਨ ਹੈ ਸੱਚੇ ਪਾਤਸ਼ਾਹ! ਕਿ ਆਹ ਛੋਟੇ-ਛੋਟੇ ਬੱਚੇ ਰਜਾਈਆਂ ਵਿਚੋਂ ਨਹੀਂ ਨਿਕਲਦੇ ਤੇ 1 ਵਜੇ ਸੜਕਾਂ ਤੇ ਖੜ੍ਹੇ ਹੁੰਦੇ ਨੇ, ਧੁੰਦ ਪੈਂਦੀ ਹੈ ਇਸ ਦੇ ਵਿਚ ਸਾਈਕਲਾਂ ਤੇ ਤੁਰੇ ਆਉਂਦੇ ਨੇ, ਕਿੰਨੀ ਠੰਢ ਹੁੰਦੀ ਹੈ। ਕਿੰਨੀ ਲਗਨ ਬਖਸ਼ੀ ਹੈ ਪਾਤਸ਼ਾਹ ਤੂੰ ਇਨ੍ਹਾਂ ਨੂੰ। ਕ੍ਰਿਪਾ ਕਰੀ ਇਨ੍ਹਾਂ ਤੇ ਇਨ੍ਹਾਂ ਨੂੰ ਗੁਰਮਤਿ ਦੀ ਸੋਝੀ ਵੀ ਬਖਸ਼ੀ ਤੇ ਨਾਲ ਆਪਣਾ ਪਿਆਰ ਵੀ ਬਖਸ਼ੀ ਕਿਉਂਕਿ ਜਦੋਂ ਤੱਕ ਸਾਨੂੰ ਨਾਮ ਦੀ ਸੋਝੀ ਨਹੀਂ ਆਉਂਦੀ ਉਨੀਂ ਦੇਰ ਤੱਕ ਗੱਲ ਨਹੀਂ ਬਣਦੀ। ਉਤਸ਼ਾਹ ਹੈ ਅਸੀਂ ਸਕੂਲ ਵਿਚ ਤਾਂ ਆ ਜਾਂਦੇ ਹਾਂ ਕਿਉਂਕਿ ਇਹ ਸਤਿਸੰਗ ਚਾਟਸਾਲ ਹੁੰਦੀ ਹੈ। ਇੱਥੇ ਆ ਕੇ ਕਰਿਆ ਕੀ ਜਾਂਦਾ ਹੈ? ਮਨ ਦੇ ਵਿਚ ਬੇਅੰਤ ਵਿਕਾਰ ਪਏ ਨੇ, ਗਿਣਤੀ ਤੋਂ ਬਾਹਰ ਵਿਕਾਰ - ਇਨ੍ਹਾਂ ਵਿਕਾਰਾਂ ਨੂੰ ਇੱਥੇ ਆ ਕੇ ਮਾਂਜਿਆ ਜਾਂਦਾ ਹੈ - ਮਹਾਰਾਜ ਕਹਿੰਦੇ-

*ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ*
*ਹਰਿ ਕੈ ਨਾਮਿ ਨਿਵਾਸੁ ॥*
*ਮਿਟੈ ਅੰਧੇਰਾ ਅਗਿਆਨਤਾ ਭਾਈ*
*ਕਮਲ ਹੋਵੈ ਪਰਗਾਸੁ ॥ ਅੰਗ - ੬੩੯*

ਜਿੱਥੇ ਤੱਤ ਬਚਨ ਆਉਂਦੇ ਨੇ ਉਤੇ ਆ ਕੇ ਮਨ ਨੂੰ ਮਾਂਜੋ। ਉਸ ਦੇ ਨਾਲ ਕੀ ਹੋਏਗਾ, ਜਦੋਂ ਮਨ ਮਾਂਜਿਆ ਗਿਆ ਫੇਰ ਕੋਈ ਸ਼ੁਭ ਚੀਜ਼ ਉਸ ਦੇ ਵਿਚ ਆਏਗੀ, ਗੰਦੇ ਥਾਂ ਨਹੀਂ ਆਇਆ ਕਰਦੀ -

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ*
*ਪਿਆਰੇ ਕਿਉ ਧਨ ਸੇਜੈ ਜਾਏ ॥ ਅੰਗ - ੭੨੨*

ਚੋਲਾ ਪਰਵਾਣ ਨਹੀਂ ਹੁੰਦਾ, ਉਪਰਲਾ ਦਿਖਾਵਾ ਪ੍ਰਵਾਨ ਨਹੀਂ ਹੁੰਦਾ, ਅੰਦਰੋਂ ਮਨ ਮਾਂਜਿਆ ਹੋਵੇ। ਮਹਾਰਾਜ ਕਹਿੰਦੇ ਇਹ ਬੁਰਾ ਭਲਾ ਤਾਂ ਕਹੇਗਾ ਜਿੰਨਾ ਚਿਰ ਇਹ ਹਉਮੈ ਦੇ ਮੰਡਲ ਵਿਚ ਰਹਿੰਦਾ ਹੈ -

*ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥*
*ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥*
*ਅੰਗ - ੭੫੭*

ਜਿੰਨਾ ਚਿਰ ਬੁਰਾ ਤੇ ਭਲਾ ਦੇਖਦਾ ਹੈ ਕਿ ਆਹ ਬੁਰਾ ਪੁਰਸ਼ ਹੈ, ਆਹ ਮਾੜਾ ਪੁਰਸ਼ ਹੈ ਤੇ ਆਹ ਚੰਗਾ ਪੁਰਸ਼ ਹੈ, ਆਹ ਭਲਾ ਪੁਰਸ਼ ਹੈ ਜਿੰਨਾ ਚਿਰ ਇਹ ਮਿਟਦੀ ਨਹੀਂ ਹੈ ਦੁਬਿਧਾ। ਮਹਾਰਾਜ ਕਹਿੰਦੇ ਇਹ ਦ੍ਵੈਤ ਵਿਚ ਹੈ। ਹੁਣ ਇਹ ਬੜਾ ਸਵਾਲ ਹੈ ਕਿ ਇਹ ਤਾਂ ਬੜੀ ਮੁਸ਼ਕਲ ਗੱਲ ਹੈ। ਭਲਿਆਂ ਨੂੰ ਅਸੀਂ ਭਲੇ ਕਹਿੰਦੇ ਹਾਂ, ਮਾੜਿਆਂ ਨੂੰ ਅਸੀਂ ਮਾੜੇ ਕਹਿੰਦੇ। ਇਹ ਅਵਸਥਾ ਮਹਾਰਾਜ ਜੀ ਨੇ ਉਹ ਦੱਸੀ ਹੈ ਜਦੋਂ ਅਸੀਂ ਹਉਮੈ ਦੇ ਮੰਡਲ ਵਿਚੋਂ ਉਪਰ ਲੰਘ ਜਾਂਦੇ ਹਾਂ, ਉਥੇ ਇਕ ਜੋਤ ਹੀ ਨਜ਼ਰ ਆਉਂਦੀ ਹੈ ਦੂਸਰਾ ਨਜ਼ਰ ਹੀ ਨਹੀਂ ਆਉਂਦਾ, ਸਾਰਿਆਂ ਦੇ ਅੰਦਰ ਇਕੋ ਹੀ ਪ੍ਰਮਾਤਮਾ ਪਰੀਪੂਰਨ ਨਜ਼ਰ ਆਉਂਦਾ ਹੈ। ਉਸ ਦਾ ਪ੍ਰਭਾਵ ਪ੍ਰਕ੍ਰਿਤੀ ਤੇ ਪੈਂਦਾ ਹੈ। ਜਿਹੋ-ਜਿਹੀ ਪ੍ਰਕਿਰਤੀ, ਜਿਹੋ ਜਿਹੀ ਉਹ ਮਸ਼ੀਨ ਓਹੋ ਜਿਹੀ ਉਹ ਚਲਦੀ ਹੈ। ਜੇ ਬਿਜਲੀ ਹੀਟਰ ਨੂੰ ਲਾ ਦਿਤੀ ਤਾਂ ਉਹ ਗਰਮ ਹੋ ਜਾਂਦਾ ਹੈ ਜੇ ਫਰਿਜ਼ ਨੂੰ ਲਾ ਦਿਤੀ ਤਾਂ ਉਹ ਠੰਢਾ ਹੋ ਜਾਂਦਾ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਸਮਾਪਤ ਕਰਦਾ ਹਾਂ।

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

# ਸੰਸਾ ਇਹੁ ਸੰਸਾਰ ਹੈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

ਗੁਰੂ ਨਾਨਕ ਪਾਤਸ਼ਾਹ ਅੱਜ ਦਿੱਲੀ ਜਮੁਨਾ ਦੇ ਕਿਨਾਰੇ ਆਪ ਸਤਿਸੰਗ ਕਰਕੇ ਸਾਰੇ ਸੰਸਾਰ ਨੂੰ, ਦਿੱਲੀ ਵਾਸੀਆਂ ਨੂੰ ਤਾਰ ਰਹੇ ਨੇ। ਕਾਫੀ ਦਿਨ ਲੰਘ ਗਏ ਤਾਂ ਕੋਲ ਮਹਾਵਤ ਖਾਨਾ ਸੀ, ਹਾਥੀ ਖਾਨਾ। ਉਥੇ ਅੱਜ ਅੰਮ੍ਰਿਤ ਵੇਲੇ ਆਵਾਜ਼ ਆਉਣ ਲੱਗ ਗਈ ਰੋਣ ਦੀ। ਮਹਾਰਾਜ ਨੇ ਮਰਦਾਨੇ ਨੂੰ ਭੇਜਿਆ ਕਹਿਣ ਲੱਗੇ, ਦੇਖ ਮਰਦਾਨਾ! ਐਨੀ ਦਰਦਨਾਕ ਆਵਾਜ਼ ਆ ਰਹੀ ਹੈ, ਦੇਖ ਕੌਣ ਰੋ ਰਿਹਾ ਹੈ? ਐਨਾ ਦੁਖੀ ਕੌਣ ਹੈ? ਮਰਦਾਨਾ ਗਿਆ ਜਾ ਕੇ ਪਤਾ ਕਰਿਆ, ਵਾਪਸ ਆ ਕੇ ਦੱਸਿਆ ਕਿ ਮਹਾਰਾਜ ਮਹਾਵਤ ਨੇ ਹਾਥੀ ਵਾਲੇ, ਉਹ ਰੋਂਦੇ ਨੇ।

ਕਹਿੰਦੇ, ਕਿਉਂ ਰੋਂਦੇ ਨੇ?

ਕਹਿੰਦਾ, ਹਾਥੀ ਮਰ ਗਿਆ ਤੇ ਉਹ ਇਹ ਕਹਿੰਦੇ ਨੇ ਸਾਨੂੰ ਹੁਣ ਬਾਦਸ਼ਾਹ ਨੇ ਨੌਕਰੀ 'ਚੋਂ ਕੱਢ ਦੇਣਾ ਹੈ। ਛੋਟੇ-ਛੋਟੇ ਬੱਚੇ ਨੇ ਕਿੱਥੋਂ ਖਾਣਗੇ। ਏਸ ਕਰਕੇ ਮਹਾਰਾਜ ਉਹ ਰੋ ਰਹੇ ਨੇ। ਮਹਾਰਾਜ ਕਹਿੰਦੇ, ਉਨ੍ਹਾਂ ਨੂੰ ਕਹਿ ਦਿਓ ਕਿ ਹਾਥੀ ਮਰਿਆ ਨਹੀਂ ਹੈ, ਰੋਣ ਨਾ ਉਹ, ਖੜ੍ਹਾ ਕਰ ਲੈਣ ਇਹਨੂੰ, ਮਰਿਆ ਨਹੀਂ ਹੈ, ਭੁਲੇਖਾ ਪੈ ਗਿਆ। ਸੋ ਮਰਦਾਨਾ ਜੀ ਨੇ ਜਾ ਕੇ ਕਹਿ ਦਿਤਾ। ਹਾਥੀ ਜੀਉਂਦਾ ਹੋ ਗਿਆ। ਦਿਨ ਹੋਇਆ ਉਸ ਮਹਾਵਤ ਨੇ ਗੱਲ ਸ਼ੁਰੂ ਕਰ ਦਿਤੀ ਕਿ ਇਥੇ ਇਕ ਉਚੀ ਕੋਟੀ ਦੇ ਮਹਾਤਮਾ, ਕੋਈ ਪੀਰ ਆਏ ਹੋਏ ਨੇ, ਉਨ੍ਹਾਂ ਨੇ ਆਹ ਗੱਲ ਕਹੀ ਤਾਂ ਹਾਥੀ ਮੇਰਾ ਜੀਉਂਦਾ ਹੋ ਗਿਆ। ਚਲਦੇ-ਚਲਦੇ ਗੱਲ ਬਾਦਸ਼ਾਹ ਦੇ ਪਾਸ ਪਹੁੰਚ ਗਈ। ਉਹਨੇ ਦੇਖਿਆ ਕਿ ਕੋਈ ਕਲਾਵਾਨ ਸੰਤ ਆ ਗਿਆ, ਬਈ ਗੱਲ ਕਰਨੀ ਚਾਹੀਦੀ ਹੈ। ਗੁਰੂ ਨਾਨਕ ਪਾਤਸ਼ਾਹ ਦੇ ਕੋਲ ਆ ਗਿਆ। ਕਹਿਣ ਲੱਗਿਆ, ਨਾਨਕ ਦਰਵੇਸ਼! ਮੈਨੂੰ ਇਹ ਪਤਾ ਲੱਗਿਆ ਹੈ ਕਿ ਤੂੰ ਮਰਿਆ ਹੋਇਆ ਹਾਥੀ ਜੀਉਂਦਾ ਕਰ ਦਿਤਾ। ਮਹਾਰਾਜ ਕਹਿੰਦੇ, ਮਾਰਨਾ ਤੇ ਜੀਵਾਲਣਾ ਪ੍ਰਮੇਸ਼ਰ ਦੇ ਹੱਥ ਵਿਚ ਹੁੰਦਾ ਹੈ, ਫਕੀਰ ਦੀ ਦੁਆ ਹੁੰਦੀ ਹੈ, ਪ੍ਰਮੇਸ਼ਰ ਮੰਨ ਜਾਇਆ ਕਰਦਾ ਹੈ। ਕਹਿੰਦੇ, ਹੁਣ ਮਾਰ ਕੇ ਦਿਖਾ? ਮਹਾਰਾਜ ਕਹਿੰਦੇ, ਇਹ ਤਾਂ ਮਰਿਆ ਹੋਇਆ ਹੀ ਸੀਗਾ। ਐਨਾ ਕਹਿੰਦੇ ਹੀ ਦੜੰਮ ਕਰਕੇ ਹਾਥੀ ਗਿਰ ਗਿਆ। ਹੁਣ ਕਹਿੰਦਾ ਕਿ ਜੀਉਂਦਾ ਕਰਕੇ ਦਿਖਾ। ਮਹਾਰਾਜ ਕਹਿੰਦੇ, ਬਾਦਸ਼ਾਹ! ਰੱਬ ਦੀ ਕੀਤੀ ਹੋਈ ਨੂੰ ਫਕੀਰ ਚੁੱਕ ਲੈਂਦੇ ਨੇ ਤੇ ਫਕੀਰ ਦਾ ਮਾਰਿਆ ਹੋਇਆ ਰੱਬ ਨਹੀਂ ਬਖਸ਼ ਸਕਦਾ। ਕਹਿੰਦਾ ਕਿਸ ਤਰ੍ਹਾਂ? ਕਹਿੰਦੇ ਦੇਖ, ਅੱਗ ਜਲਦੀ ਹੈ, ਕੋਲਾ ਚੁੱਕ ਲਓ ਅੱਗ ਦੇ ਵਿਚੋਂ, ਇਕ ਦੋ ਸਕਿੰਟ ਕੋਲਾ ਹੱਥ ਹਿਲਾ ਹੁਲਾ ਕੇ ਰੱਖਿਆ ਜਾ ਸਕਦਾ ਹੈ। ਪਰ ਜੇ ਜੇ ਉਹਦੇ ਵਿਚ ਲੋਹਾ ਸੁੱਟ ਦੇਈਏ, ਉਹ ਤਦ ਰੂਪ ਹੋ ਜਾਵੇ, ਅੱਗ ਦਾ ਹੀ ਰੂਪ ਬਣ ਜਾਵੇ, ਫੇਰ ਭਾਈ! ਜੇ ਕੋਈ ਬੰਦਾ ਉਹਨੂੰ ਹੱਥ ਵੀ ਲਾ ਦਏ, ਉਂਗਲੀ ਵੀ ਲਾ ਦਏ, ਉਸ ਨੇ ਉਸੇ ਵੇਲੇ ਜਾਲ ਦੇਣਾ ਹੈ। ਸੋ ਜਿਹੜੇ ਫਕੀਰ ਹੁੰਦੇ ਨੇ, ਸੰਤ ਹੁੰਦੇ ਨੇ, ਪ੍ਰਮੇਸ਼ਰ ਦੇ ਨਾਮ ਦੇ ਰੰਗ ਵਿਚ, ਪਿਆਰ ਦੇ ਵਿਚ ਉਹਦਾ ਰੂਪ ਹੋਏ ਹੁੰਦੇ ਨੇ ਤੇ ਉਹਦਾ ਰੂਪ ਹੋਣ ਕਰਕੇ ਉਨ੍ਹਾਂ ਦੀ ਮਾਰੀ ਹੋਈ ਖ਼ੁਦਾ ਨਹੀਂ ਚੁੱਕ ਸਕਿਆ ਕਰਦਾ।

ਇਕ ਵਾਰੀ ਮੁਲਤਾਨ ਦਾ ਨਵਾਬ, ਕਿਉਂਕਿ ਮੁਲਤਾਨ ਦਾ ਜਿਹੜਾ ਸ਼ਹਿਰ ਹੈ ਉਥੇ ਬੜੇ ਪੀਰ ਨੇ, ਬੜੇ ਮੁਲਾਣੇ ਨੇ। ਉਹ ਪੀਰਾਂ ਤੇ ਮੌਲਵੀਆਂ ਦਾ ਹੀ ਸ਼ਹਿਰ ਸੀਗਾ ਤੇ ਉਹ ਜਾਦੂ ਟੂਣੇ ਕਰਦੇ ਰਹਿੰਦੇ ਸੀ। ਬੜੀਆਂ ਉਹਨੂੰ ਖਬਰਾਂ ਪਹੁੰਚਦੀਆਂ ਰਹਿੰਦੀਆਂ ਸੀ, ਝੂਠ ਵੀ ਕਰਦੇ ਸੀ, ਪਾਖੰਡ ਵੀ ਕਰਦੇ ਸੀ। ਨਵਾਬ ਦਾ ਲੜਕਾ ਬੀਮਾਰ ਹੋ ਗਿਆ, ਇਸ ਨੇ ਸਾਰੇ ਮੁਲਾਣੇ ਬੁਲਾ ਲਏ। ਕਹਿਣ ਲੱਗਿਆ, ਤੁਹਾਡੇ ਮੈਂ ਬੜੇ-ਬੜੇ ਮੰਤਰਾਂ ਦੀ ਗੱਲ ਮੈਂ ਸੁਣੀ ਹੈ ਤੇ ਮੇਰੇ ਲੜਕੇ ਨੂੰ ਰਾਜ਼ੀ ਕਰੋ। ਹਕੀਮ ਕਹਿਣ ਲੱਗੇ ਕਿ ਮਹਾਰਾਜ! ਨਵਾਬ ਸਾਹਿਬ ਬੀਮਾਰੀ ਐਸੀ ਹੋ ਗਈ ਲੜਕਾ ਰਾਜ਼ੀ ਨਹੀਂ ਹੋ ਸਕਦਾ। ਕਹਿੰਦਾ, ਹੁਣ ਤੁਸੀਂ ਰਾਜ਼ੀ ਕਰੋ, ਜਾਦੂ ਕਰੋ ਜਿਹੜਾ ਤੁਸੀਂ ਲੋਕਾਂ ਨੂੰ ਦਿਖਾਉਂਦੇ ਓਂ। ਜੇ ਨਾ ਮੇਰਾ ਲੜਕਾ ਰਾਜ਼ੀ ਹੋਇਆ ਤਾਂ ਮੈਂ ਤੁਹਾਨੂੰ ਇਥੇ ਹੀ ਮਾਰ ਦੇਵਾਂਗਾ। ਸਖਤ ਹੁਕਮ ਦਿੰਦਾ ਮੈਂ ਇਹ।

ਸੋ ਉਸ ਵੇਲੇ ਬੜਾ ਫਿਕਰ ਪਿਆ ਸਾਰਿਆਂ ਨੂੰ। ਅੱਜ ਲੰਘ ਗਿਆ ਦਿਨ, ਦੂਜਾ ਦਿਨ ਲੰਘ ਗਿਆ ਤੇ ਉਹ ਬਾਰ-ਬਾਰ ਕਹਿ ਰਿਹਾ ਹੈ ਕਿ ਇਸਨੂੰ ਜੀਉਂਦਾ ਕਰੋ। ਜੀਉਂਦਾ ਕਰਨ ਦੀ ਤਾਂ ਤਾਕਤ ਹੈ ਨਹੀਂ ਸੀ ਕਿਸੇ ਵਿਚ। ਕਹਿਣ ਲੱਗੇ, ਮਹਾਰਾਜ! ਇਕ ਸਾਡੇ ਨਾਲ ਦਾ ਬਾਹਰ ਰਹਿ ਗਿਆ ਜੇ ਉਹ ਰਹਿ ਗਿਆ ਜੇ ਉਹ ਆ ਜਾਵੇ ਤਾਂ ਅਸੀਂ ਜੀਉਂਦਾ ਕਰ ਦੇਵਾਂਗੇ। ਕਹਿੰਦੇ, ਸਮਸਤਬਰੇਜ਼ ਹੈ, ਉਹ ਮਨਸੂਰ ਦਾ ਮੁਰੀਦ ਹੈ। ਭਾਲ ਕੀਤੀ ਤੇ ਮਸਾਣਾਂ ਦੇ ਵਿਚ, ਮੜ੍ਹੀਆਂ ਦੇ ਵਿਚੋਂ ਉਹਨੂੰ ਫੜ ਕੇ ਜੇਲ੍ਹ ਵਿਚ ਲੈ ਆਏ।

ਉਥੇ ਹੁਕਮ ਸੁਣਾਇਆ ਕਿ ਜੇ ਲੜਕਾ ਜੀਉਂਦਾ ਨਾ ਹੋਇਆ ਤਾਂ ਨਾਲ ਹੀ ਮਾਰ ਦਿਤੇ ਜਾਵੋਂਗੇ ਸਾਰੇ। ਸਮਸਤਬਰੇਜ਼ ਨੇ ਕਿਹਾ ਕਿ ਆ ਤਾਂ ਮੌਜਾਂ ਹੀ ਹੋ ਗਈਆਂ। ਇਸ ਤੋਂ ਵਧੀਆ ਗੱਲ ਕਿਹੜੀ ਹੈ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

ਨਵਾਬ ਕਹਿ ਕੇ ਚਲਿਆ ਤੇ ਇਹ ਲੱਗੇ ਮਿੰਨਤਾਂ ਕਰਨ ਕਿ ਪੀਰ ਜੀ! ਤੁਹਾਨੂੰ ਤਾਂ ਕੋਈ ਰੋਣ ਵਾਲਾ ਵੀ ਨਹੀਂ ਹੈ, ਸਾਡੇ ਤਾਂ ਛੋਟੇ-ਛੋਟੇ ਬੱਚੇ ਨੇ। ਐਹੋ ਜਿਹੀਆਂ ਗੱਲਾਂ ਕਰਦੇ, ਸਾਰੀ ਰਾਤ ਲੰਘ ਗਈ, ਰੋਈ ਜਾਂਦੇ ਨੇ ਕਿ ਤੁਸੀਂ ਕ੍ਰਿਪਾ ਕਰੋ। ਅਖੀਰ ਸਮਸਤਬਰੇਜ਼ ਨੇ ਗੱਲ ਕਹੀ ਕਿ ਜੀਉਂਦਾ ਤਾਂ ਜਾਏਗਾ ਪਰ ਤੁਸੀਂ ਸਰ੍ਹਾ ਵਾਲੇ ਬੰਦੇ ਓਂ। ਤੁਸੀਂ ਮੇਰੇ ਖਿਲਾਫ ਹੋ ਜਾਣਾ ਹੈ। ਕਹਿਣ ਲੱਗੇ, ਮਹਾਰਾਜ! ਨਾਲੇ ਤੁਸੀਂ ਲੜਕੇ ਨੂੰ ਰਾਜ਼ੀ ਕਰੋਂ, ਅਸੀਂ ਕਿਉਂ ਖਿਲਾਫ ਹੋਣਾ ਹੈ, ਅਸੀਂ ਤਾਂ ਤੁਹਾਡਾ ਅਹਿਸਾਨ ਸਾਰੀ ਜ਼ਿੰਦਗੀ ਨਹੀਂ ਭੁੱਲਦੇ।

ਨਵਾਬ ਆ ਗਿਆ ਤੇ ਲੜਕਾ ਚੜ੍ਹਾਈ ਕਰ ਗਿਆ। ਜਲਾਦਾਂ ਨੂੰ ਨਾਲ ਲੈ ਆਇਆ। ਅਰਥੀ ਚੁਕਾ ਕੇ ਜਿੱਥੇ ਕੈਦ ਸੀ ਸਾਰੇ, ਬਾਹਰ ਕੱਢ ਲਏ, ਕਹਿਣ ਲੱਗਿਆ, ਨਹੀਂ ਤਾਂ ਇਹਨੂੰ ਜੀਉਂਦਾ ਕਰ ਦਿਓ ਤੇ ਨਹੀਂ ਤਾਂ ਤੁਹਾਡੀ ਵਾਰੀ ਨਾਲ ਹੀ ਆਏਗੀ। ਕਬਰਸਤਾਨ ਸਾਂਝਾ ਹੀ ਬਣੇਗਾ ਸਾਰਿਆਂ ਦਾ।

ਬਹੁਤ ਫਿਕਰ ਪੈ ਗਿਆ, ਚਿਹਰੇ ਪੀਲੇ ਹੋ ਗਏ ਸਾਰਿਆਂ ਦੇ। ਸਮਸਤਬਰੇਜ਼ ਦਾ ਚਿਹਰਾ ਲਾਲ ਹੁੰਦਾ ਤੁਰਿਆ ਜਾ ਰਿਹਾ ਹੈ। ਕਹਿੰਦੇ ਆਹ ਤਾਂ ਅੱਲਾਹ ਤਾਲਾ ਨੇ ਬਹੁਤ ਸੋਹਣੀ ਗੱਲ ਕਰੀ, ਆਪਣੇ ਕੋਲ ਬੁਲਾ ਰਿਹਾ ਹੈ। ਕਿਉਂਕਿ ਸੰਤ ਮਰਦੇ ਨਹੀਂ ਹੁੰਦੇ।

*ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥*
*ਅੰਗ - ੧੩੬੫*

ਰੋਵੋ ਮਨਮੁਖ ਬੰਦੇ ਨੂੰ, ਸਾਕਤ ਬੰਦੇ ਨੂੰ ਜਿਹਨੇ ਜੂਨਾਂ ਵਿਚ ਜਾਣਾ ਹੈ। ਸੰਤਾਂ ਨੇ ਤਾਂ ਆਪਣੇ ਘਰ ਵਿਚ ਜਾਣਾ ਹੈ, ਸੱਚਖੰਡ ਵਿਚ ਪਹੁੰਚਣਾ ਹੈ। ਉਹ ਤਾਂ ਸਗੋਂ ਚਾਹੁੰਦੇ ਨੇ ਕਿ ਕਦ ਸਮਾਂ ਪੂਰਾ ਹੋਵੇ, ਕਦੋਂ ਆਪਣੇ ਘਰ ਜਾਈਏ। ਸੋ ਇਸ ਤਰ੍ਹਾਂ ਦੇ ਨਾਲ, ਉਹ ਖੁਸ਼ ਨੇ।

ਅਖੀਰ ਜਦੋਂ ਸਾਰਿਆਂ ਨੇ ਮਿੰਨਤ, ਖੁਸ਼ਾਮਦ ਕਰੀ, ਨਵਾਬ ਨੇ ਕਿਹਾ ਕਿ ਪੀਰ ਜੀ! ਜੀਉਂਦਾ ਕਰ ਦਿਓ ਜੇ ਤੁਹਾਡੇ ਹੱਥ ਵਿਚ ਹੈ। ਕਹਿੰਦੇ, ਨਵਾਬ! ਜੀਉਂਦਾ ਤਾਂ ਲੜਕਾ ਹੋ ਜਾਏਗਾ, ਪਰ ਤੂੰ ਵੀ ਤੇ ਇਨ੍ਹਾਂ ਸਾਰਿਆਂ ਨੇ ਮੇਰੇ ਖਿਲਾਫ ਹੋ ਜਾਣਾ ਹੈ। ਕਿਉਂਕਿ ਤੁਸੀਂ ਮਾਰਫਤ ਦੇ ਜਾਣੂੰ ਨਹੀਂ ਤੁਸੀਂ ਸ਼ਰ੍ਹਾ ਦੇ ਜਾਣੂ ਹੋ। ਸ਼ਰ੍ਹਾ ਦਾ ਜਾਣੂ ਅੰਨਾ ਹੁੰਦਾ ਹੈ, ਮਾਰਫਤ ਦੇ ਜਾਨਣ ਵਾਲਾ ਸੁਜਾਖਾ ਹੁੰਦਾ ਹੈ।

ਕਹਿਣ ਲੱਗੇ, ਨਹੀਂ ਜੇ ਤੁਸੀਂ ਜੀਉਂਦਾ ਕਰ ਦਿਓਂਗੇ ਤਾਂ ਅਸੀਂ ਤੁਹਾਡੇ ਕਿਵੇਂ ਖਿਲਾਫ ਹੋ ਜਾਵਾਂਗੇ?

ਕਹਿੰਦੇ, ਅੱਛਾ।

ਉਸ ਬੱਚੇ ਦੇ ਆਲੇ ਦੁਆਲੇ ਟਹਿਲਣ ਲੱਗ ਗਏ, ਅਖੀਰ ਬੜੇ ਜਲਾਲ ਵਿਚ ਆ ਕੇ ਕਹਿਣ ਲੱਗੇ ਕਿ ਓ ਲੜਕੇ ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ।

ਉਹ ਉਠ ਕੇ ਨਹੀਂ ਖੜ੍ਹਾ ਹੋਇਆ। ਫੇਰ ਕਾਫੀ ਦੇਰ ਬਾਅਦ ਕਿਹਾ ਕਿ ਓ ਲੜਕੇ! ਖੁਦਾ ਕੇ ਹੁਕਮ ਉਠ ਖੜ੍ਹਾ ਹੋ।

ਫੇਰ ਨਾ ਹੋਇਆ, ਕਹਿਣ ਲੱਗੇ, ਨਵਾਬ! ਇਹ ਤਾਂ ਉਠਦਾ ਨਹੀਂ ਹੈ।

ਕਹਿਣ ਲੱਗਿਆ, ਪੀਰ ਜੀ! ਕੁਛ ਕਰੋ।

ਤੀਸਰੀ ਵਾਰ ਫੇਰ ਕਿਹਾ ਕਿ ਓ ਲੜਕੇ, ਮੈਂ ਆਪ ਕੋ ਕਹਤਾ ਹੂੰ ਕਿ ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ।

ਉਹ ਟਸ ਤੋਂ ਮਸ ਨਾ ਹੋਇਆ, ਮਰਿਆ ਪਿਆ ਸੀ।

ਉਸ ਤੋਂ ਬਾਅਦ ਜਦੋਂ ਸਾਰਿਆਂ ਨੇ ਬਹੁਤ ਕਿਹਾ, ਤਾਂ ਸਮਸਤਬਰੇਜ਼ ਨੇ ਕਿਹਾ ਕਿ ਤੁਸੀਂ ਖਿਲਾਫ ਹੋ ਜਾਓਂਗੇ। ਕਹਿਣ ਲੱਗੇ, ਨਾ ਮਹਾਰਾਜ! ਅਸੀਂ ਤੁਹਾਡੇ ਖਿਲਾਫ ਨਹੀਂ ਹੁੰਦੇ।

ਕਹਿੰਦੇ, ਅੱਛਾ!

ਫੇਰ ਕਹਿਣ ਲੱਗੇ ਕਿ ਓ ਲੜਕੇ, ਫਕੀਰ ਕੇ ਹੁਕਮ ਸੇ ਉਠ ਖੜ੍ਹਾ ਹੋ।

ਉਸੇ ਵੇਲੇ ਲੜਕਾ ਉਠ ਕੇ ਬੈਠ ਗਿਆ।

ਸਾਰਿਆਂ ਦੇ ਮਨ ਵਿਚ ਬੜੀ ਖੁਸ਼ੀ ਆਈ, ਘਰ ਚਲੇ ਗਏ। ਆਦਮੀ ਦਾ ਸੁਭਾਅ ਹੀ ਹੈ ਜਦੋਂ ਫਸਿਆ ਹੁੰਦਾ ਹੈ, ਫੇਰ ਤਾਂ ਇਹ ਵੱਡੇ-ਵੱਡੇ ਕੰਮ ਕਰ ਲੈਂਦਾ ਹੈ, ਜਿਹਨੂੰ ਨਹੀਂ ਵੀ ਮਿਲਣਾ ਉਹਦੇ ਪੈਂਦ ਜਾ ਕੇ ਬੈਠਦਾ ਹੈ। ਜਦੋਂ ਕੰਮ ਨਿਕਲ ਜਾਵੇ ਫੇਰ ਰੱਬ ਨੂੰ ਵੀ ਕੱਖ ਨਹੀਂ ਸਮਝਦਾ। ਸਾਧੂ ਸੰਤਾਂ ਨੂੰ ਤਾਂ ਕੀ ਸਮਝਣਾ ਹੈ।

ਕਈ ਪ੍ਰੇਮੀ ਹੁੰਦੇ ਨੇ ਐਸੇ। ਇਕ ਪ੍ਰੇਮੀ ਨੂੰ ਅਸੀਂ ਕਿਹਾ ਕਿ ਤੂੰ ਆਉਂਦਾ ਨਹੀਂ, ਕੀ ਗੱਲ ਹੋ ਗਈ? ਕਹਿਣ ਲੱਗਿਆ, ਜੀ ਲੜਕੀ ਬੀਮਾਰ ਸੀ ਉਹ ਰਾਜ਼ੀ ਹੋ ਗਈ, ਫਲਾਣਾ ਮੇਰੇ ਪਾਣੀ ਨਹੀਂ ਸੀ ਨਿਕਲਦਾ ਉਹ ਨਿਕਲ ਆਇਆ, ਫਲਾਣਾ ਕੰਮ ਹੋ ਗਿਆ, ਫਲਾਣਾ ਕੰਮ ਹੋ ਗਿਆ, ਹੁਣ ਕਹਿੰਦਾ ਤੁਹਾਡੇ ਤੱਕ ਸਾਨੂੰ ਕੋਈ ਕੰਮ ਹੀ ਨਹੀਂ, ਇਸ ਕਰਕੇ ਨਹੀਂ ਆਉਂਦੇ।

ਮੈਂ ਕਿਹਾ ਵਾਹ, ਤੈਨੂੰ ਤਾਂ ਇਹ ਗੱਲ ਮੰਨਣੀ ਚਾਹੀਦੀ ਸੀ ਕਿ ਪ੍ਰਮੇਸ਼ਰ ਦੇ ਨਾਮ ਵਿਚ ਸ਼ਕਤੀ ਹੈ, ਤੈਨੂੰ ਲੱਗ ਜਾਣਾ ਚਾਹੀਦਾ ਸੀ। ਕਹਿੰਦਾ, ਜੀ ਅਸੀਂ ਤਾਂ ਦੁਨੀਆਂਦਾਰ ਬੰਦੇ ਹਾਂ, ਸਾਨੂੰ ਇਨ੍ਹਾਂ ਗੱਲਾਂ ਨਾਲ ਕੀ ਵਾਸਤਾ।

ਸੋ ਆਦਮੀ ਭੁੱਲ ਜਾਂਦਾ ਹੈ, ਵੱਡੇ ਤੋਂ ਵੱਡਾ ਅਹਿਸਾਨ ਭੁੱਲ ਜਾਂਦਾ ਹੈ।

ਸੋ ਭੁੱਲ ਗਏ ਥੋੜ੍ਹੇ ਦਿਨਾਂ ਵਿਚ ਤੇ ਚਰਚਾ ਚੱਲ ਪਈ ਕਿ ਇਹਨੇ ਖੁਦਾ ਦੀ ਬਰਾਬਰੀ ਕਰ ਲਈ। ਅਖੀਰ ਮੁਕਦਮਾ ਦਾਇਰ ਹੋ ਗਿਆ। ਕਾਜ਼ੀ ਦੇ ਪਾਸ ਪਹੁੰਚ ਗਿਆ, ਕਾਜ਼ੀ ਨੇ ਨਵਾਬ ਨੂੰ ਦੇ ਦਿਤਾ। ਅਖੀਰ ਫੈਸਲਾ ਹੋਇਆ ਕਿ ਸਮਸ਼ਤਬਰੇਜ਼ ਨੇ ਖੁਦਾ ਦੀ ਸ਼ਰੀਕੀ ਕਰੀ ਹੈ, ਸ਼ਨਾਖਤ ਕਰੀ ਹੈ, ਇਹਦੀ ਜੀਉਂਦੇ ਦੀ ਖੱਲ ਲਾਹ ਦਿਓ।

ਸੋ ਪ੍ਰਮੇਸ਼ਰ ਜਿਹੜਾ ਹੈ ਸਾਧਸੰਗਤ ਜੀ! ਵਾਹਿਗੁਰੂ, ਸੰਤ ਉਹਨੂੰ ਪਿਆਰ ਕਰਦੇ ਨੇ, ਵਾਹਿਗੁਰੂ ਜੀ ਸੰਤਾਂ ਦਾ ਕਿਹਾ ਹੋਇਆ ਨਹੀਂ ਮੋੜਦੇ। ਬਾਕੀ ਜਿਹੜਾ ਸੰਸਾਰ ਹੈ –

***ਦੇਦਾ ਦੇ ਲੈਦੇ ਥਕਿ ਪਾਹਿ ॥***
***ਜੁਗਾ ਜੁਗੰਤਰਿ ਖਾਹੀ ਖਾਹਿ ॥*** ***ਅੰਗ – ੨***

ਪ੍ਰਮੇਸ਼ਰ ਦਿੰਦਾ ਤੁਰਿਆ ਜਾਂਦਾ ਹੈ, ਲੇਕਿਨ ਸੰਸਾਰ ਪ੍ਰਮੇਸ਼ਰ ਨੂੰ ਪਿਆਰ ਨਹੀਂ ਕਰਦਾ। ਦਿੱਤੀਆਂ ਹੋਈਆਂ ਚੀਜ਼ਾਂ ਨਾਲ ਪਿਆਰ ਕਰਦਾ ਹੈ। ਪ੍ਰਮੇਸ਼ਰ ਕਹਿੰਦਾ ਹੈ ਕਿ ਮੈਨੂੰ ਪਿਆਰ ਦੀ ਭੁੱਖ ਹੈ। ਪਿਆਰ ਦੀ ਵਸੀਭੂਤ ਹੋ ਕੇ, ਮੈਂ ਸੇਵਾਦਾਰ ਵੀ ਬਣਦਾ ਹਾਂ। ਸੈਣ ਦੇ ਥਾਂ ਤੇ ਜਾ ਕੇ ਮੈਂ ਰਾਜੇ ਦੀ ਮੁੱਠੀ ਚਾਪੀ ਕਰੀ। ਸੰਤਾਂ ਦੇ ਥਾਂ ਜਾ ਕੇ ਮੈਂ ਛੋਟੇ ਤੋਂ ਛੋਟਾ ਕੰਮ ਕਰਦਾ ਹਾਂ। ਲੇਕਿਨ ਮੈਨੂੰ ਸੰਤ ਪਿਆਰੇ ਨੇ, ਮੈਂ ਪਿਆਰ ਦਾ ਭੁੱਖਾ ਹਾਂ।

ਸੋ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਐਉਂ ਕਰੋ, ਮੈਂ ਸਵੇਰੇ ਜਦੋਂ ਦਰਬਾਰ ਲੱਗੇਗਾ ਉਸ ਵੇਲੇ ਆ ਜਾਵਾਂਗਾ। ਓਧਰਲੇ ਪਾਸੇ ਜੋ ਬਿਦਰ ਹੈ ਉਹ ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਤੁਸੀਂ ਅੰਤਰਜਾਮੀ ਹੋਂ, ਭਾਵੇਂ ਮੈਂ ਗਰੀਬ ਹਾਂ, ਤੁਸੀਂ ਰਾਜਿਆਂ ਦੇ ਮਹਿਮਾਨ ਓਂ, ਪਰ ਤੁਹਾਡੇ ਕੋਲ ਉਨ੍ਹਾਂ ਨੇ ਸਮਾਂ ਨਹੀਂ ਦੇਣਾ। ਆਪ ਕ੍ਰਿਪਾ ਕਰੋ, ਦਰਸ਼ਨ ਦਿਓ –

***ਧਾਰਨਾ – ਸਾਰੀ ਧਰਤੀ ਸੁਹਾਵੀ ਹੋ ਜਾਏ,***
***ਮੇਰੇ ਵਿਹੜੇ ਆ ਜਾ ਮਾਲਕਾ।***

***ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥***
***ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥***
***ਅੰਗ – ੧੦੯੫***

ਬਾਰ-ਬਾਰ ਬੇਨਤੀਆਂ ਕਰਦਾ ਹੈ, ਰੋ-ਰੋ ਕੇ ਬੇਨਤੀਆਂ ਕਰਦਾ ਹੈ, ਐਉਂ ਨਹੀਂ ਹੈ ਕਿ ਨਿਰਾ ਗਾਉਂਦਾ ਹੀ ਹੈ। ਕਿਉਂਕਿ ਸਾਡੇ ਵਿਚ ਤੇ ਪਿਆਰਿਆਂ ਦੇ ਵਿਚ ਫਰਕ ਹੁੰਦਾ ਹੈ। ਆਦਮੀ ਗਾਉਂਦਾ ਹੈ, ਬਹੁਤ ਸੋਹਣੇ ਰਹਾਓ ਕੱਢਦਾ ਹੈ, ਬਹੁਤ ਵਧੀਆ ਗਲਾ, ਬਹੁਤ ਸੋਹਣੇ ਵਾਜੇ, ਬਹੁਤ ਸੋਹਣੀਆਂ ਢੋਲਕੀਆਂ, ਹੱਥ-ਹੱਥ ਬਦਲਾ-ਬਦਲਾ ਕੇ ਗਾਉਂਦਾ ਹੈ ਪਰ ਪ੍ਰਮੇਸ਼ਰ ਐਉਂ ਤਾਂ ਨਹੀਂ ਭਿੱਜਿਆ ਕਰਦਾ–

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ***
***ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥***
***ਅੰਗ – ੪੫੦***

ਕਿਉਂਕਿ ਉਹ ਜਾਣਦਾ ਹੈ ਕਿ ਇਹਦੇ ਅੰਦਰ ਖਿੱਚ ਨਹੀਂ ਹੈ, ਇਹ ਉਤੋਂ-ਉਤੋਂ ਹੀ ਗਾਉਂਦਾ ਹੈ, ਗਲ ਦੇ ਉਤੋਂ-ਉਤੋਂ ਹੈਗਾ, ਅੰਦਰਲੇ ਪਾਸੇ ਕੁਛ ਹੋਰ ਸੋਚ ਰਿਹਾ ਹੈ। ਪਰ ਜਿੱਥੇ ਪਿਆਰ ਦੇ ਨਾਲ ਕੋਈ ਯਾਦ ਕਰਦਾ ਹੈ –

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***
***ਅੰਗ – ੪੦੩***

ਇਹ ਨੇਮ ਹੈ ਪ੍ਰਭੂ ਦਾ ਕਿ ਜਿੱਥੇ ਵੀ ਉਸਨੂੰ ਕੋਈ ਸੱਚੇ ਦਿਲ ਨਾਲ ਯਾਦ ਕਰਦਾ ਹੈ, ਉਥੇ ਉਹ ਧਾਅ ਕੇ ਜਾਂਦਾ ਹੈ, ਹੌਲੀ ਨਹੀਂ ਜਾਂਦਾ ਇਕ ਦਮ ਜਾਂਦਾ ਹੈ। ਧੰਨੇ ਨੇ ਯਾਦ ਕਰਿਆ, ਰੋਇਆ ਧੰਨਾ, ਸੱਚੇ ਦਿਲ ਨਾਲ ਯਾਦ ਕਰਿਆ। ਉਹ ਨਿਰਗੁਣ ਸਰੂਪ ਵਾਹਿਗੁਰੂ ਜਿਸਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਿਹੋ ਜਿਹਾ ਚਾਹੁੰਦਾ ਸੀ ਉਹੋ ਜਿਹਾ ਰੂਪ ਧਾਰ ਕੇ ਆ ਗਿਆ –

***ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ॥***
***ਭਾਈ ਗੁਰਦਾਸ ਜੀ, ਵਾਰ 10/12***

ਲੱਸੀ ਵੀ ਪੀਂਦਾ ਹੈ ਸਾਡੇ ਵਾਂਗਣ, ਰੋਟੀ ਵੀ ਖਾਂਦਾ ਹੈ। ਰੱਬ ਨੂੰ ਤਾਂ ਭੁੱਖ ਨਹੀਂ ਸਾਧਸੰਗਤ ਜੀ, ਉਹ ਤਾਂ ਛੱਡ

ਕੇ ਆ ਜਾਂਦੇ ਨੇ ਐਸ ਤਰ੍ਹਾਂ ਨਾਲ ਫੁਰਮਾਨ ਹੈ –

***ਧਾਰਨਾ – ਹਰਿ ਜੀ ਛੱਡ ਕੇ ਸ਼ਿੰਘਾਸ਼ਨ ਆਉਂਦੇ,***
***ਭਗਤਾਂ ਦੇ ਰੱਖਣੇ ਨੂੰ।***

ਕਹਿੰਦੇ ਹੌਲੀ ਨਹੀਂ ਜਾਂਦਾ, ਦੌੜ ਕੇ ਜਾਂਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ, ਆਪ ਦਾ ਦੀਵਾਨ ਲੱਗਿਆ ਹੋਇਆ ਤੇ ਭਾਈ ਆਕੁਲ ਇਕ ਗੁਰਸਿੱਖ ਹੋਇਆ ਹੈ। ਉਹਦਾ ਸਾਰਾ ਪਰਿਵਾਰ ਸਿੱਖ ਸੀ। ਉਹਦੀ ਜਵਾਨ ਲੜਕੀ ਦੀ ਸ਼ਾਦੀ ਹੋ ਗਈ ਪਰ ਸੁਲਤਾਨੀਆਂ ਦੇ ਘਰ ਹੋਈ। ਕਿਉਂਕਿ ਉਨ੍ਹਾਂ ਦਿਨਾਂ ਦੇ ਅੰਦਰ, ਪੰਜਾਬ ਦੇ ਅੰਦਰ ਲਾਲਾਂ ਵਾਲਾ ਜਿਹਨੂੰ ਕਹਿੰਦੇ ਨੇ ਜਾਂ ਸੁਲਤਾਨੀਏ ਕਹਿੰਦੇ ਨੇ, ਇਹ ਬਹੁਤ ਹੀ ਸੀ। ਸਾਰੇ ਪਿੰਡਾਂ ਦੇ ਪਿੰਡ ਸੁਲਤਾਨੀਆਂ ਦੇ, ਉਹਨੂੰ ਮੰਨਦੇ ਸੀ ਤੇ ਭਰਾਈ ਦਾ ਜੂਠਾ ਕੀਤਾ ਹੋਇਆ ਰੋਟ ਖਾਂਦੇ ਸੀ ਵੰਡ ਕੇ। ਬੜੇ ਗੁਰਸਿੱਖ ਭਾਈ ਮੰਝ ਵਰਗੇ, ਭਾਈ ਤਿਲਕੂ ਵਰਗੇ, ਸਾਰੇ ਸੁਲਤਾਨੀਏ ਸੀ ਪਹਿਲਾਂ। ਭਾਈ ਬਹਿਲੋ ਸਭ ਤੋਂ ਪਹਿਲੋ। ਪਹਿਲਾਂ ਉਹ ਸੁਲਤਾਨੀਆਂ ਹੁੰਦਾ ਸੀ ਫੇਰ ਗੁਰਸਿੱਖੀ 'ਚ ਆਇਆ। ਸੋ ਉਸ ਵੇਲੇ ਸਾਰੇ ਪੰਜਾਬ ਦੇ ਅੰਦਰ ਜੋਸ਼ ਸੀ, ਸਿੱਖੀ ਨਹੀਂ ਸੀ ਅਜੇ ਪਿੰਡਾਂ ਵਿਚ ਆਈ ਤੇ ਇਹ ਭਰਾਈ ਹੋਇਆ ਕਰਦੇ ਸੀ, ਢੋਲ ਵਜਾਉਂਦੇ ਹੁੰਦੇ, ਰੋਟ ਲਾ ਲੈਂਦੇ ਸੀ ਧਰਤੀ ਤੇ ਗਰਮ ਕਰਕੇ ਪਾਥੀਆਂ ਦੇ ਅੰਦਰ, ਫੇਰ ਜਦੋਂ ਉਹ ਪੱਕ ਜਾਂਦਾ ਸੀ ਤਾਂ ਭੋਗ ਇਸ ਤਰ੍ਹਾਂ ਲਗਦਾ ਸੀ, ਇਕ ਪਾਸੇ ਉਹ ਦੰਦੀ ਵੱਢ ਕੇ ਬੁਰਕੀ ਤੋੜ ਲੈਂਦਾ ਸੀ ਫੇਰ ਸਾਡੇ ਬਜ਼ੁਰਗਾਂ ਨੂੰ ਵੰਡ ਕੇ ਦੇ ਦਿੰਦੇ ਸੀ, ਕੋਈ 'ਨਾਮ' ਨਹੀਂ, ਕੋਈ ਕੁਛ ਨਹੀਂ ਬੱਸ ਕਬਰ ਨੂੰ ਜਾ ਕੇ ਮੱਥੇ ਟੇਕੀ ਜਾਂਦੇ ਸੀ। ਹੁਣ ਵੀ ਬਥੇਰੇ ਟੇਕਦੇ ਨੇ।

ਸੋ ਉਹ ਲੜਕੀ ਨੂੰ ਪਤਾ ਲੱਗਿਆ ਕਿ ਜਿੱਥੇ ਮੇਰਾ ਰਿਸ਼ਤਾ ਹੋਇਆ ਹੈ ਉਹ ਤਾਂ ਸੁਲਤਾਨੀਏ ਨੇ। ਸੁਲਤਾਨੀਏ ਜਿਹੜੇ ਨੇ ਉਹ ਗੁਰੂ ਘਰ ਦੇ ਸਰਵਰੀਏ ਨੇ ਤੇ ਗੁਰੂ ਘਰ ਨੂੰ ਬਹੁਤ ਬੁਰਾ ਮੰਨਦੇ ਨੇ। ਹਰ ਵਕਤ ਨਿੰਦਿਆ ਕਰਦੇ ਨੇ। ਹਰ ਵਕਤ ਫਿਕਰ ਵਿਚ ਰਹਿਣ ਲੱਗ ਗਈ ਲੜਕੀ, ਸ਼ਾਦੀ ਹੋ ਗਈ ਭਾਈ ਸਾਧੂ ਦੇ ਨਾਲ। ਉਸ ਵੇਲੇ ਜਦੋਂ ਡੋਲਾ ਜਾ ਰਿਹਾ ਹੈ, ਲੜਕੀ ਦੇ ਕੰਨਾਂ ਵਿਚ ਸ਼ਬਦ ਦੀ ਆਵਾਜ਼ ਪਈ, ਡੋਲੇ ਵਿਚੋਂ ਝਾਂਮਟ (ਪਰਦਾ) ਪਰ੍ਹੇ ਕਰਕੇ ਦੇਖਿਆ ਤਾਂ ਹੈਰਾਨ ਰਹਿ ਗਈ ਕਿ ਇਹ ਤਾਂ ਗੁਰੂ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਹੈ। ਉਸ ਵੇਲੇ ਪਹਿਰੇਦਾਰਾਂ ਨੂੰ ਕਿਹਾ, ਜੋ ਸ਼ਗਨ ਵਗੈਰਾ ਦਾ ਪੈਸਾ ਮਿਲਿਆ ਸੀ, ਕਹਿਣ ਲੱਗੀ ਆਹ ਲੈ ਲਓ, ਮੇਰਾ ਡੋਲਾ ਇਥੇ ਰੱਖ ਦਿਓ, ਮੈਂ ਹੁਣੇ ਆਉਂਦੀ ਹਾਂ, ਮੱਥਾ ਟੇਕ ਆਵਾਂ ਮਹਾਰਾਜ ਨੂੰ। ਡੋਲੀ ਬਰਦਾਰਾਂ ਨੇ ਡੋਲਾ ਰੱਖ ਦਿਤਾ ਤੇ ਬਰਾਤ ਤੁਰੀ ਗਈ, ਜੰਜ ਵਾਲੇ ਲੰਘ ਗਏ, ਘੋੜਿਆਂ ਤੇ ਸਵਾਰ ਸੀ ਤੇ ਇਹ ਲੜਕੀ ਉਥੋਂ ਉਠ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਆ ਗਈ। ਆ ਕੇ ਚਰਨਾਂ ਤੇ ਢਹਿ ਐਨਾ ਰੋਈ ਕਿ ਮਹਾਰਾਜ ਸੀਸ ਤੇ ਹੱਥ ਫੇਰਦੇ ਨੇ ਪਿੱਠ ਤੇ ਹੱਥ ਫੇਰਦੇ ਨੇ, ਬੇਟਾ! ਕਾਰਨ ਤਾਂ ਦੱਸ ਕਿ ਕੀ ਹੈ? ਕਿਉਂ ਰੋਂਦੀ ਹੈਂ ਤੂੰ?

ਕਹਿਣ ਲੱਗੀ, ਮਹਾਰਾਜ! ਮੇਰਾ ਕੋਈ ਮਾੜਾ ਕਰਮ ਮੇਰੇ ਮੂਹਰੇ ਆ ਗਿਆ। ਜਿਸ ਥਾਂ ਮੇਰਾ ਰਿਸ਼ਤਾ ਹੋਇਆ ਹੈ, ਉਹ ਸਰਵਰੀਏ ਨੇ। ਸ਼ਰਾਬਾਂ ਕਬਾਬਾਂ ਉਥੇ ਆਮ ਚਲਦੀਆਂ ਨੇ, ਹੁਣ ਵੀ ਲੜਕੀਆਂ ਬਹੁਤ ਦੁਖੀ ਹੁੰਦੀਆਂ ਨੇ, ਜਦੋਂ ਪਤਾ ਲਗਦਾ ਹੈ ਕਿ ਮੇਰਾ ਘਰਵਾਲਾ ਸ਼ਰਾਬ ਪੀਂਦਾ ਹੈ। ਬਹੁਤ ਦੁਖੀ ਨੇ ਬੀਬੀਆਂ, ਵਸ ਨਹੀਂ ਚਲਦਾ ਉਨ੍ਹਾਂ ਦਾ ਕੋਈ ਵੀ।

ਸੋ ਮਹਾਰਾਜ ਦੇ ਚਰਨੀਂ ਢਹਿ ਪਈ ਕਿ ਮਹਾਰਾਜ! ਮੈਨੂੰ ਰੱਖ ਲਓ। ਪੁਛਿਆ, ਸਾਰੀ ਗੱਲ। ਕਹਿਣ ਲੱਗੀ, ਇਸ ਤਰ੍ਹਾਂ ਸਰਵਰੀਆਂ ਦੇ ਮੇਰੀ ਸ਼ਾਦੀ ਕਰ ਦਿਤੀ, ਜਿਥੇ ਗੁਰੂ ਦੀ ਨਿੰਦਿਆ ਹੋਣੀ ਹੈ, ਮੈਨੂੰ ਕਿਸੇ ਨੇ ਬਾਣੀ ਨਹੀਂ ਪੜ੍ਹਨ ਦੇਣੀ, ਕਿਸੇ ਨੇ ਨਾਮ ਨਹੀਂ ਜਪਣ ਦੇਣਾ, ਆਪ ਦੇ ਸਤਿਸੰਗ ਵਿਚ ਨਹੀਂ ਆਉਣ ਦੇਣਾ।

ਮਹਾਰਾਜ ਕਹਿਣ ਲੱਗੇ, ਕੋਈ ਨਾ ਬੇਟਾ! ਗੁਰੂ ਨਾਨਕ ਤੇਰਾ ਸਾਰਾ ਕਾਰਜ ਰਾਸ ਕਰਨਗੇ। ਐਨੇ ਨੂੰ ਉਨ੍ਹਾਂ ਨੂੰ ਪਤਾ ਲੱਗਿਆ ਕਿ ਡੋਲਾ ਨਹੀਂ ਆਇਆ। ਉਹਦੇ ਪਿਤਾ ਨੇ ਭਾਈ ਸਾਧੂ ਨੂੰ ਕਿਹਾ ਕਿ ਡੋਲਾ ਨਹੀਂ ਆਇਆ, ਤੂੰ ਕਮਲਿਆਂ ਵਾਂਗੂੰ ਅੱਗੇ ਲੰਘ ਆਇਆ। ਜਾਹ, ਜਾ ਕੇ ਪਤਾ ਕਰ।

ਅੱਗੇ ਜਾ ਕੇ ਕੀ ਦੇਖਦੇ ਨੇ ਕਿ ਡੋਲਾ ਧਰਤੀ ਤੇ ਰੱਖਿਆ ਹੋਇਆ ਹੈ, ਉਨ੍ਹਾਂ ਨੇ ਦੱਸਿਆ ਕਿ ਉਹ ਬੈਠੀ ਹੈ ਲੜਕੀ, ਗੁਰੂ ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਹੈ। ਇਹ ਵੀ ਚਲਿਆ ਗਿਆ, ਮਹਾਰਾਜ ਨੇ ਦ੍ਰਿਸਟੀ ਕਰੀ ਉਸੇ ਵੇਲੇ ਬਦਲਾਅ ਦਿਤਾ। ਚਰਨਾਂ ਤੇ ਢਹਿ ਪਿਆ, ਮਹਾਰਾਜ ਨੇ ਕਿਹਾ ਦੇਖ, ਕਬਰ ਨੂੰ ਮੰਨ ਕੇ ਨਹੀਂ ਤੇਰਾ ਗੁਜ਼ਾਰਾ ਹੋਣਾ, ਜੀਉਂਦਾ ਗੁਰੂ ਹੁੰਦਾ ਹੈ –

***ਸਤਿਗੁਰੁ ਜਾਗਤਾ ਹੈ ਦੇਉ ॥ ਅੰਗ – ੪੭੯***

ਗੁਰੂ ਤੋਂ ਬਗੈਰ ਨਹੀਂ ਕਲਿਆਣ ਹੋਇਆ ਕਰਦੀ। ਸਮਝਾਇਆ ਤੇ ਕੁਛ ਕ੍ਰਿਪਾ ਦ੍ਰਿਸ਼ਟੀ ਕੀਤੀ, ਉਹ ਵੀ ਗੁਰੂ ਦਾ ਹੋ ਗਿਆ। ਉਸ ਤੋਂ ਬਾਅਦ ਪਿਤਾ ਆ ਗਿਆ,

ਉਸ ਨੂੰ ਵੀ ਸਮਝਾਇਆ। ਭਾਈ ਸਾਧੂ ਦੇ ਭਾਈ ਰੂਪਾ ਲੜਕਾ ਹੋਇਆ, ਇਹ ਬਚਪਨ ਤੋਂ ਹੀ ਗੁਰੂ ਦਾ ਪਿਆਰ ਕਰਦਾ ਹੈ, ਇਹ ਬਹੁਤ ਹੀ ਗੁਰੂ ਨੂੰ ਮੰਨਦੇ ਸੀ।

ਅੱਜ ਗੁਰੂ ਛੇਵੇਂ ਪਾਤਸ਼ਾਹ ਡਰੋਲੀ ਗਏ ਹੋਏ ਨੇ, ਇਹ ਲੱਕੜੀਆਂ ਕੱਟਣ ਵਾਸਤੇ ਜੰਗਲ ਵਿਚ ਗਏ। ਲੋਅ ਚਲਦੀ ਹੈ ਬਹੁਤ ਗਰਮੀ ਹੈ ਬਹੁ ਤੇ ਕੁੰਨਾ ਪਾਣੀ ਦਾ ਭਰ ਕੇ ਲੈ ਗਏ। ਉਥੇ ਜਾ ਕੇ ਦਰਖਤ ਦੇ ਨਾਲ ਟੰਗ ਦਿਤਾ। ਪਿਤਾ ਨੇ ਜਦੋਂ ਪਿਆਸ ਲੱਗੀ, ਕਿਹਾ ਬੇਟਾ ਜਾਹ ਪਾਣੀ ਲਿਆ, ਪਾਣੀ ਦਾ ਦੋ ਘੁੱਟ ਪੀ ਲਈਏ ਤੇ ਹੁਣ ਗਰਮੀ ਬਹੁਤ ਹੋ ਗਈ, ਥੋੜ੍ਹਾ ਜਿਹਾ ਹੋਰ ਕੰਮ ਕਰਕੇ ਹੁਣ ਫੇਰ ਆਪਾਂ ਸਮਾਪਤ ਕਰੀਏ। ਉਥੇ ਗਿਆ ਤਾਂ ਹੱਥ ਲਾਇਆ ਤਾਂ ਪਾਣੀ ਬਹੁਤਾ ਹੀ ਠੰਢਾ। ਉਸ ਵੇਲੇ ਵਾਪਸ ਆ ਗਿਆ। ਪਿਤਾ ਨੇ ਪੁਛਿਆ ਕਿ ਪਾਣੀ ਨਹੀਂ ਲਿਆਇਆ? ਕਹਿਣ ਲੱਗਿਆ, ਪਿਤਾ ਜੀ! ਉਹ ਤਾਂ ਪਾਣੀ ਗੁਰੂ ਮਹਾਰਾਜ ਦੇ ਪੀਣ ਵਾਲਾ ਹੈ, ਆਪਣੇ ਪੀਣ ਵਾਲਾ ਨਹੀਂ ਹੈ। ਪਿਤਾ ਵੀ ਕਿਉਂਕਿ ਸਿੱਖ ਸੀ, ਉਹਦੇ ਹਿਰਦੇ ਵਿਚੋਂ ਲੰਘ ਗਈ ਗੱਲ, ਬੇਟਾ ਜੇ ਗੁਰੂ ਦੇ ਪੀਣ ਵਾਲਾ ਤਾਂ ਪਾਣੀ ਉਦੋਂ ਹੀ ਪੀਵਾਂਗੇ, ਪਹਿਲਾਂ ਜਦੋਂ ਗੁਰੂ ਮਹਾਰਾਜ ਪੀਣਗੇ। ਉਸੇ ਤਰ੍ਹਾਂ, ਕੰਮ ਲੱਗ ਗਏ।

ਭੁੱਖਾ ਆਦਮੀ ਕੱਟ ਲੈਂਦਾ ਹੈ, ਲੇਕਿਨ ਪਿਆਸਾ ਨਹੀਂ ਕੱਟ ਸਕਦਾ। ਪਿਆਸ ਲੱਗ ਜਾਵੇ ਜ਼ੁਬਾਨ ਮੁੜ ਜਾਂਦੀ ਹੈ। ਗਲਾ ਖੁਸ਼ਕ ਹੋ ਜਾਂਦਾ ਹੈ, ਜ਼ੁਬਾਨ ਮੁੜ ਕੇ ਸਾਹ ਰੋਕਣ ਲਗ ਜਾਂਦੀ ਹੈ। ਇਸੇ ਤਰ੍ਹਾਂ ਹੀ ਹੋਇਆ ਤੇ ਅੰਦਰੋਂ ਅੰਦਰ ਅਰਦਾਸਾਂ ਕਰਦੇ ਨੇ ਕਿ ਹੇ ਪਾਤਸ਼ਾਹ! ਤੂੰ ਦਰਸ਼ਨ ਦੇ। ਕਦੇ-ਕਦੇ ਆਪਣੇ ਆਪ ਨੂੰ ਵੀ ਕੋਸਦੇ ਨੇ ਕਿ ਦੇਖ, ਚਕੋਰ ਜਿਹੜੀ ਹੈ ਚੰਦਰਮਾ ਨੂੰ ਪਿਆਰ ਕਰਦੀ ਹੈ, ਚੰਦਰਮਾ ਉਹਦੇ ਸਾਮ੍ਹਣੇ ਰਹਿੰਦਾ ਹੈ। ਸਾਡੇ ਪਿਆਰ ਦੇ ਵਿਚ ਕੋਈ ਦੋਸ਼ ਹੋਏਗਾ, ਸੋ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਜੇ ਸਾਡੇ ਵਿਚ ਦੋਸ਼ ਹੈ, ਤਾਂ ਵੀ ਤੁਸੀਂ ਬਖਸ਼ ਲਵੋ ਤੇ ਹੁਣ ਜਿੰਦ ਸਾਡੀ ਬਚ ਨਹੀਂ ਸਕਦੀ। ਇਹ ਵਿਛੋੜਾ ਸਾਡੇ ਤੋਂ ਸਹਿ ਨਹੀਂ ਹੁੰਦਾ, ਛੇਤੀ ਆਓ, ਆ ਕੇ ਜਲ ਪੀਵੋ। ਐਸ ਤਰ੍ਹਾਂ ਦੇ ਨਾਲ ਬੇਨਤੀਆਂ ਕਰਦੇ ਨੇ -

***ਧਾਰਨਾ - ਇਕ ਘੜੀ ਦਾ ਵਿਛੋੜਾ ਮੇਰੇ ਮਾਲਕਾ,***
***ਜੁਗਾਂ ਦੇ ਸਮਾਨ ਬੀਤਦਾ।***

***ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥***
***ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥***
***ਅੰਗ - ੩੭੪***

ਐਸ ਤਰ੍ਹਾਂ ਬੇਨਤੀਆਂ ਕਰਦੇ-ਕਰਦੇ, ਅਖੀਰ ਐਸੀ ਅਵਸਥਾ ਆ ਗਈ ਕਿ ਬੋਲ ਨਿਕਲਣਾ ਬੰਦ ਹੋ ਗਿਆ। ਬੇਹੋਸ਼ੀ ਤਾਰੀ ਹੋ ਗਈ, ਬੇਹੋਸ਼ ਹੁੰਦੇ ਜਾਂਦੇ ਨੇ ਕਿਉਂਕਿ -

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ***
***ਮੰਤੁ ਨ ਮਾਨੈ ਕੋਇ ॥ ਅੰਗ - ੧੩੬੮***

ਬਿਰਹੁੰ ਜਿਸ ਨੂੰ ਲੱਗਿਆ ਹੋਵੇ ਉਸੇ ਨੂੰ ਪਤਾ ਹੁੰਦਾ ਹੈ ਕਿ ਵਿਛੋੜਾ ਕੀ ਚੀਜ਼ ਹੈ, ਉਡੀਕ ਕੀ ਚੀਜ਼ ਹੈ। ਸਾਨੂੰ ਤਾਂ ਕੋਈ ਪਤਾ ਨਹੀਂ। ਅਸੀਂ ਇਨ੍ਹਾਂ ਗੱਲਾਂ ਨੂੰ ਜਾਣਦੇ ਹੀ ਨਹੀਂ ਹਾਂ।

***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥***
***ਅੰਗ - ੧੩੬੮***

ਵੈਸੇ ਤਾਂ ਜੀਉਂਦਾ ਨਹੀਂ, ਜੇ ਜੀਏ ਤਾਂ ਬਉਰਾ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ 12 ਵਜੇ ਨੇ, ਆਪ ਨੂੰ ਖਿੱਚ ਪਹੁੰਚ ਗਈ, ਉਸੇ ਵੇਲੇ ਅਜੇ ਪ੍ਰਸ਼ਾਦ ਛਕ ਕੇ ਬਿਰਾਜਣ ਦੀ ਤਿਆਰੀ ਕਰ ਰਹੇ ਨੇ। ਇਕ ਦਮ ਬਾਹਰ ਆ ਗਏ, ਕਿਸੇ ਸਿੱਖ ਨਾਲ ਕੋਈ ਗੱਲ ਨਹੀਂ ਕਰੀ, ਘੋੜੇ ਤੇ ਚੜ੍ਹ ਗਏ, ਚੜ੍ਹਦੇ ਸਾਰ ਗੈਲਪ ਘੋੜਾ ਨਠਾ ਦਿਤਾ, 25 ਮੀਲ ਤੇ ਜੰਗਲ ਦੇ ਅੰਦਰ ਪਿਉ ਤੇ ਪੁੱਤ ਬੇਹੋਸ਼ ਹੋ ਕੇ ਗਿਰ ਪਏ। ਮਹਾਰਾਜ ਦੌੜੇ ਜਾ ਰਹੇ ਨੇ, ਪਿਛੋਂ ਜਿਹੜੇ ਗੁਰਸਿੱਖ ਸੀ ਉਨ੍ਹਾਂ ਨੇ ਕਿਹਾ ਕਿ ਕੋਈ ਐਸੀ ਧੂਹ ਪੈ ਗਈ ਇਨ੍ਹਾਂ ਨੂੰ, ਜਿਹੜੀ ਗੱਲ ਕਰਨ ਦਾ ਵੀ ਸਮਾਂ ਨਹੀਂ ਹੈ।

ਇਕ ਵਾਰੀ ਇਕ ਰਾਜੇ ਨੇ ਇਕ ਮਹਾਤਮਾ ਨੂੰ ਪੁਛਿਆ, ਕਹਿਣ ਲੱਗੇ, ਮਹਾਂਪੁਰਸ਼ੋ! ਇਕ ਗੱਲ ਮੇਰੇ ਸਮਝ ਵਿਚ ਨਹੀਂ ਆ ਰਹੀ।

ਮਹਾਤਮਾ ਨੇ ਕਿਹਾ, ਕੀ ਹੈ?

ਰਾਜੇ ਨੇ ਕਿਹਾ ਕਿ ਰੱਬ ਕਿਉਂ ਜਾਂਦਾ ਹੈ ਆਪਣੇ ਭਗਤਾਂ ਨੂੰ ਰੱਖਣ ਵਾਸਤੇ, ਉਹਦੇ ਕੋਲ ਐਨੇ ਦੇਵਤੇ, ਐਨੀਆਂ ਸ਼ਕਤੀਆਂ, ਹੋਰਾਂ ਨੂੰ ਕਿਉਂ ਨਹੀਂ ਕਹਿੰਦਾ।

ਤਾਂ ਮਹਾਤਮਾ ਕਹਿਣ ਲੱਗੇ ਕਿ ਰਾਜਨ! ਜਿਵੇਂ ਤੈਨੂੰ ਆਪਣਾ ਰਾਜਕੁਮਾਰ ਪਿਆਰਾ ਹੈ, ਇਸੇ ਤਰ੍ਹਾਂ ਪ੍ਰਮੇਸ਼ਰ ਨੂੰ ਆਪਣੇ ਭਗਤ ਪਿਆਰੇ ਹੁੰਦੇ ਨੇ। ਉਨ੍ਹਾਂ ਦੇ ਪੁੱਤਰ ਹੁੰਦੇ ਸੋ ਪਿਆਰੇ ਹੁੰਦੇ ਨੇ। ਕਹਿੰਦਾ, ਇਹ ਤਾਂ ਮੈਂ ਸਮਝਦਾ ਹਾਂ ਕਿ ਪਿਆਰੇ ਹੁੰਦੇ ਨੇ, ਠੀਕ ਹੈ, ਪਰ ਕਿਉਂ ਨਹੀਂ ਕਿਸੇ ਨੂੰ ਭੇਜਦਾ? ਬਾਰ-ਬਾਰ ਜਦੋਂ ਕਿਹਾ ਤਾਂ ਮਹਾਤਮਾ ਕਹਿੰਦੇ ਕਿ ਇਕ ਹਫਤੇ ਵਿਚ ਤੈਨੂੰ ਜਵਾਬ ਦੇਵਾਂਗੇ।

ਸਰੋਵਰ ਦੇ ਕੰਢੇ ਦਰਬਾਰ ਲਾਈਂ, ਇਥੇ ਜਵਾਬ ਦਿਤਾ ਜਾਏਗਾ। ਸੋ ਮਹਾਤਮਾ ਇਕ ਬੁੱਤਘਾੜੇ ਕੋਲ ਗਏ ਕਹਿਣ ਲੱਗੇ ਕਿ ਦੇਖ ਪ੍ਰੇਮੀਆ! ਪੈਸਾ ਜਿੰਨਾ ਜੀਅ ਕਰੇ

ਲੈ ਲਈਂ ਤੇ ਰਾਜਕੁਮਾਰ ਦਾ ਹੂਬ ਹੂ ਬੁੱਤ ਬਣਾ ਸਕਦਾ ਹੈਂ? ਕਹਿਣ ਲੱਗਿਆ ਹਾਂ ਮੈਂ ਬਣਾ ਦੇਵਾਂਗਾ ਕਿ ਮੈਂ ਕਲਾਂ ਵੀ ਲਾ ਦੇਵਾਂਗਾ, ਬਾਹਵਾਂ ਵੀ ਹਿੱਲਣਗੀਆਂ, ਜਿਵੇਂ ਪੁਤਲੀਆਂ ਦੀਆਂ ਹਿਲਦੀਆਂ ਨੇ ਤੇ ਅੱਖਾਂ ਵੀ ਹਿਲਣਗੀਆਂ ਤੇ ਚਿਹਰੇ ਵੀ ਹਿਲੇਗਾ।

ਸੋ ਉਸਨੇ ਰਾਜਕੁਮਾਰ ਦਾ ਹੂ-ਬ-ਹੂ ਬੁੱਤ ਤਿਆਰ ਕਰ ਦਿਤਾ। ਬਰਾਬਰ ਬਿਠਾ ਕੇ ਦੇਖ ਲਿਆ ਮਹਾਤਮਾ ਨੇ ਗੁਪਤ ਤਰੀਕੇ ਨਾਲ। ਪਤਾ ਨਹੀਂ ਲਗਦਾ, ਕਲਾਂ ਹਿਲਾਈ ਜਾਂਦਾ ਹੈ ਆਪਣੇ ਤਰੀਕੇ ਨਾਲ, ਜਿਧਰ ਨੂੰ ਉਹ ਮੂੰਹ ਕਰਦਾ ਹੈ, ਉਧਰ ਨੂੰ ਉਹ ਕਰ ਲੈਂਦਾ ਹੈ। ਮਹਾਤਮਾ ਬੜੇ ਖੁਸ਼ ਹੋਏ ਕਿ ਬਿਲਕੁਲ ਉਹੋ ਜਿਹਾ ਹੀ ਬਣਾ ਦਿਤਾ। ਰਾਜੇ ਨੂੰ ਕਿਹਾ ਕਿ ਦਰਬਾਰ ਲਾਓ, ਦਰਬਾਰ ਲੱਗ ਗਿਆ ਤੇ ਉਸ ਵੇਲੇ ਮਹਾਤਮਾ ਨੇ ਉਸ ਬੁੱਤਘਾੜੇ ਨੂੰ ਕਿਹਾ ਕਿ ਇਹਨੂੰ ਲੈ ਚਲ। ਜਦੋਂ ਮੈਂ ਤੈਨੂੰ ਕਹਾਂਗਾ, ਉਸ ਵੇਲੇ ਤੂੰ ਇਹਨੂੰ ਸਰੋਵਰ ਵਿਚ ਸੁੱਟਣਾ ਹੈ। ਮਹਾਤਮਾ ਦੇ ਨਾਲ-ਨਾਲ ਜਾਂਦਾ ਹੈ, ਰਾਜੇ ਨੇ ਦੇਖਿਆ ਕਿ ਸੰਤ ਆ ਰਹੇ ਨੇ ਤੇ ਮੇਰਾ ਰਾਜਕੁਮਾਰ ਚੁੱਕਿਆ ਹੋਇਆ ਹੈ। ਜਦੋਂ ਰਾਜੇ ਦਾ ਚੰਗੀ ਤਰ੍ਹਾਂ ਧਿਆਨ ਗਿਆ, ਮਹਾਤਮਾ ਨੇ ਇਸ਼ਾਰਾ ਕਰ ਦਿਤਾ, ਉਹ ਬੁੱਤਘਾੜੇ ਨੇ ਚੁੱਕ ਕੇ ਪਾਣੀ ਵਿਚ ਸੁੱਟ ਦਿਤਾ। ਉਸੇ ਵੇਲੇ ਰਾਜੇ ਨੇ ਤਖਤ ਤੋਂ ਉਤਰ ਕੇ ਪਾਣੀ ਵਿਚ ਛਾਲ ਮਾਰੀ, ਬੁੱਤ ਕੱਢ ਲਿਆ ਤੇ ਮਹਾਤਮਾ ਨੇ ਤਾਲੀ ਵਜਾ ਦਿਤੀ। ਰਾਜਾ ਬਾਹਰ ਆ ਗਿਆ, ਕਪੜੇ ਭਿੱਜੇ ਹੋਏ ਨੇ। ਕਹਿਣ ਲੱਗੇ, ਕਿਉਂ ਰਾਜਨ? ਤੇਰੇ ਕੋਲ ਐਨੇ ਬੈਠੇ ਸੀਗੇ, ਤੂੰ ਕਿਉਂ ਨਾ ਆਪਣੇ ਕਿਸੇ ਅਹਿਲਕਾਰ ਨੂੰ ਭੇਜਿਆ ਕਿ ਜਾਓ, ਰਾਜਕੁਮਾਰ ਨੂੰ ਕੱਢੋ ਪਾਣੀ ਵਿਚੋਂ। ਕਹਿਣ ਲੱਗਿਆ, ਮਹਾਰਾਜ! ਐਨਾ ਸਮਾਂ ਨਹੀਂ ਸੀਗਾ। ਜੇ ਮੈਂ ਕਹਿੰਦਾ ਤਾਂ ਇਨ੍ਹਾਂ ਨੇ ਹੌਲੀ ਉਠਣਾ ਸੀ, ਇਸੇ ਲਈ ਮੈਂ ਹੀ ਉਠ ਕੇ ਗਿਆ। ਸੰਤਾਂ ਨੇ ਕਿਹਾ ਕਿ ਇਸੇ ਤਰ੍ਹਾਂ ਨਾਲ ਪ੍ਰਮੇਸ਼ਰ ਆਪਣੇ ਪਿਆਰਿਆਂ ਵਾਸਤੇ ਸਿੰਘਾਸ਼ਨ ਛੱਡ ਕੇ ਆਪ ਆਉਂਦਾ ਹੈ ਕਿਸੇ ਹੋਰ ਨੂੰ ਨਹੀਂ ਭੇਜਦਾ।

ਸੋ ਗੁਰੂ ਮਹਾਰਾਜ ਸਰਪਟ ਘੋੜਾ ਦੌੜਾਈ ਜਾਂਦੇ ਨੇ, ਅੱਗੇ ਆ ਕੇ ਉਸੇ ਜੰਗਲ ਦੇ ਵਿਚ ਆਵਾਜ਼ ਦਿੰਦੇ ਨੇ ਕਿ ਪੁੱਤਰੋ! ਪਾਣੀ ਦੀ ਪਿਆਸ ਲੱਗੀ ਹੈ, ਜਲਦੀ ਪਾਣੀ ਪਿਲਾਓ ਮੈਨੂੰ। ਲੇਕਿਨ ਅੱਗੇ ਆ ਕੇ ਦੇਖਦੇ ਨੇ ਕਿ ਇਥੇ ਪਾਣੀ ਪਿਲਾਉਣ ਵਾਲਾ ਕੌਣ ਹੈ? ਬੇਹੋਸ਼ ਹੋਏ ਪਏ ਨੇ ਦੋਵੇਂ। ਮਹਾਰਾਜ ਨੇ ਜਲ ਦਾ ਕੂੰਨਾ ਲਾਹਿਆ, ਛਿੱਟੇ ਦਿਤੇ, ਮੁੱਖ ਵਿਚ ਜਾਲ ਪਾਇਆ, ਨੇਤਰ ਖੋਲ੍ਹੇ। ਸੋ ਉਸ ਵੇਲੇ ਮਹਾਰਾਜ ਨੇ ਬੜੇ ਵਰ ਦਿਤੇ ਉਨ੍ਹਾਂ ਨੂੰ। ਤੁਹਾਡੇ ਲੰਗਰ ਦੇ ਅੰਦਰ ਗਿੱਲੀਆਂ ਲੱਕੜਾਂ ਜਲਣਗੀਆਂ, ਤੁਹਾਡੀ ਜੁਬਾਨ ਤਲਵਾਰ ਵਰਗੀ ਹੋਵੇਗੀ। ਸੋ ਅੱਜ ਉਸੇ ਤਰ੍ਹਾਂ ਹੈ।

ਸੋ ਇਸ ਤਰ੍ਹਾਂ ਜਿੱਥੇ ਪਿਆਰ ਵਾਲਾ ਯਾਦ ਕਰਦਾ ਹੈ, ਉਥੇ ਪ੍ਰਭੂ ਨੂੰ ਜਾਣਾ ਪੈਂਦਾ ਹੈ। ਸੋ ਬਿਦਰ ਯਾਦ ਕਰਦਾ ਹੈ, ਅਛੋਪਲੇ ਹੀ ਕ੍ਰਿਸ਼ਨ ਮਹਾਰਾਜ ਬਾਹਰ ਖੜ੍ਹ ਗਏ ਝੌਂਪੜੀ ਦੇ, ਆਵਾਜ਼ ਦਿੰਦੇ ਨੇ ਪਰ ਆਵਾਜ਼ ਸੁਣਨ ਵਾਲਾ ਕੋਈ ਨਹੀਂ। ਬਿਦਰ ਜੀ ਮਸਤ ਹੋਏ ਬੈਠੇ ਨੇ। ਆਪ ਜਾ ਕੇ ਬੈਠ ਗਏ, ਮੋਢੇ ਤੋਂ ਹਿਲਾਇਆ, ਬਿਦਰ ਨੇ ਨੇਤਰ ਖੋਲ੍ਹੇ, ਹੈਰਾਨ ਹੋ ਗਿਆ। ਅਖੀਰ ਖਾਣ ਨੂੰ ਆਇਆ ਤਾਂ ਪਿਆਰ ਦੇ ਵਸ ਹੋ ਕੇ, ਕੇਲਿਆਂ ਦੇ ਛਿੱਲੜ ਬੀਬੀ ਕ੍ਰਿਸ਼ਨ ਮਹਾਰਾਜ ਨੂੰ ਫੜਾਈ ਜਾਂਦੀ ਹੈ ਤੇ ਗੁੱਦਾ ਬਾਹਰ ਸੁੱਟੀ ਜਾਂਦੀ ਹੈ। ਬਿਦਰ ਬਾਹਰੋਂ ਆਇਆ ਉਸੇ ਵੇਲੇ ਕੋਈ ਕਾਰਜ ਕਰਕੇ, ਕਹਿਣ ਲੱਗਿਆ ਕਿ ਇਹ ਕੀ ਕਰ ਰਹੀ ਹੈਂ ਤੂੰ ਉਹਨੇ ਛਿੱਲੜ ਬਾਹਰ ਸੁੱਟ ਦਿਤਾ ਤੇ ਗੁਦਾ ਫੜਾ ਦਿਤਾ। ਕ੍ਰਿਸ਼ਨ ਮਹਾਰਾਜ ਨੇ ਨੇਤਰ ਖੋਲ੍ਹ ਲਏ, ਕਹਿਣ ਲੱਗੇ ਆਹ ਕੀ ਗੱਲ? ਜੋ ਸਵਾਦ ਉਹਦੇ ਵਿਚੋਂ ਆ ਰਿਹਾ ਸੀ, ਇਹਦੇ ਵਿਚੋਂ ਨਹੀਂ ਆ ਰਿਹਾ। ਸਾਗ ਬਣਾਇਆ, ਰੁੱਖਾ ਹੀ ਸਾਗ, ਨਮਕ ਮਿਰਚ ਕੁਛ ਵੀ ਨਹੀਂ ਪਾਇਆ। ਸੋ ਦੂਸਰਾ ਦਿਨ ਜਦੋਂ ਹੋਇਆ ਤਾਂ ਉਸ ਵੇਲੇ ਦਰਬਾਰ 'ਚ ਗਏ, ਦੁਰਯੋਧਨ ਨੇ ਉਸ ਵੇਲੇ ਬੜਾ ਗੁੱਸਾ ਦਿਖਾਇਆ। ਗੱਲ ਉਨ੍ਹਾਂ ਨਾਲ ਕਰਦਾ ਹੈ ਪਰ ਪਾਸਾ ਵੱਟਿਆ ਹੋਇਆ ਹੈ। ਭਾਈ ਗੁਰਦਾਸ ਜੀ ਇਸਨੂੰ ਲਿਖਦੇ ਨੇ ਕਿ -

ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ। ਘਰਿ ਆਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ। ਭਾਈ ਗੁਰਦਾਸ ਜੀ, ਵਾਰ 10/7

ਉਥੇ ਕੀ ਤੈਨੂੰ ਸੁੱਖ ਪ੍ਰਾਪਤ ਹੋਇਆ ਗੋਲੇ ਦੇ ਜਾ ਕੇ।

***ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਣੁਖਾ॥***
***ਭਾਈ ਗੁਰਦਾਸ ਜੀ, ਵਾਰ 10/7***

ਐਡੇ ਵੱਡੇ-ਵੱਡੇ ਬੰਦੇ ਜਿਨ੍ਹਾਂ ਨੇ ਤੁਹਾਡੇ ਕੋਲ ਬੈਠਣਾ ਸੀ, ਸਭਾ ਦਾ ਸ਼ਿੰਗਾਰ ਨੇ, ਉਨ੍ਹਾਂ ਨੂੰ ਛੱਡ ਕੇ ਉਥੇ ਕੀ ਤੁਸੀਂ ਕਰਿਆ।

***ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ।***
***ਭਾਈ ਗੁਰਦਾਸ ਜੀ, ਵਾਰ 10/7***

ਝੁੱਗੀ ਵਿਚ ਚਲਿਆ ਗਿਆ, ਸਾਨੂੰ ਸਾਰੀ ਰਾਤ ਗਿਣਤੀਆਂ ਕਰਦੇ ਲੰਘ ਗਈ। ਉਥੇ ਆਇਆ ਵੀ ਤੇ ਉਹੀ ਗਵਾਲਿਆਂ ਵਾਲੀ ਗੱਲ ਕਰੀ। ਉਸ ਗਰੀਬ ਦੇ ਚਲਿਆ ਗਿਆ, ਨਾ ਕੋਈ ਮੰਜਾ, ਨਾ ਕੋਈ ਕੱਪੜਾ। ਨਾ

ਕੁਛ ਖਾਣ ਨੂੰ। ਬੜਾ ਤਾਅਨਾ ਦਿਤਾ। ਉਸ ਵੇਲੇ ਕ੍ਰਿਸ਼ਨ ਮਹਾਰਾਜ ਮੁਸਕਰਾ ਪਏ।

*ਹਸ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।*
*ਭਾਈ ਗੁਰਦਾਸ ਜੀ, ਵਾਰ 10/7*

ਕਹਿਣ ਲੱਗੇ, ਏਧਰ ਮੂੰਹ ਕਰ। ਮੋਢਾ ਕਰਕੇ ਨਾ ਸਾਡੇ ਨਾਲ ਗੱਲ ਕਰ। ਇਹ ਜਿਹੜੇ ਤੂੰ ਕਹਿੰਦਾ ਹੈਂ ਸਭਾ ਦੇ ਸ਼ਿੰਗਾਰ, ਇਨ੍ਹਾਂ ਨੇ ਨਿੰਦਿਆ, ਚੁਗਲੀ, ਈਰਖਾ ਦੀਆਂ ਗੱਲਾਂ ਕਰਨੀਆਂ ਸੀ। ਹੋਰ ਕੀ ਕਰਨਾ ਸੀ? ਜਿਥੇ ਪ੍ਰਮੇਸ਼ਰ ਦਾ ਪਿਆਰਾ ਨਾ ਹੋਵੇ, ਉਹ ਥਾਂ ਤਾਂ ਉਜਾੜ ਹੋਇਆ ਕਰਦੀ ਹੈ –

*ਧਾਰਨਾ – ਦਿਸਦਾ ਉਜਾੜ ਹੈ ਰਾਮ ਦੇ ਪਿਆਰੇ ਬਾਝੋਂ।*

ਕਬੀਰ ਸਾਹਿਬ ਨੁਮਾਇਸ਼ ਦੇਖਣ ਚਲੇ ਗਏ, ਬਹੁਤ ਕਿਹਾ ਨਾ ਜਾਓ। ਪਰ ਆਪ ਚਲੇ ਗਏ।

*ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥*
*ਅੰਗ – ੧੩੬੫*

ਵਾਪਸ ਆ ਗਏ। ਪੁਛਿਆ ਕਿ ਕੀ ਦੇਖਿਆ। ਕਹਿੰਦੇ, ਕੌਤਕ ਹੋ ਰਹੇ ਸੀ ਥਾਂ-ਥਾਂ ਤੇ।

*ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥੧*
*ਅੰਗ – ੧੩੬੫*

ਮੈਂ ਤਾਂ ਉਜਾੜ ਵਿਚ ਘੁੰਮ ਕੇ ਆਇਆ ਹਾਂ ਕਿਉਂਕਿ ਉਥੇ ਪ੍ਰਮੇਸ਼ਰ ਦਾ ਕੋਈ ਪਿਆਰਾ ਨਹੀਂ ਸੀ। ਸੋ ਇਸ ਤਰ੍ਹਾਂ ਕਹਿਣ ਲੱਗੇ, ਰਾਜਨ! ਇਹ ਤਾਂ ਉਜਾੜ ਹੈ ਜਿੱਥੇ ਹੰਕਾਰੀ ਬੰਦੇ ਰਹਿੰਦੇ ਨੇ, ਮੈਨੂੰ ਤਾਂ ਇਸ ਉਜਾੜ ਵਿਚ ਆਉਣ ਦੀ ਲੋੜ ਨਹੀਂ ਸੀ।

*ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।*
*ਗੋਬਿੰਦ ਭਾਉ ਭਗਤਿ ਦਾ ਭੁਖਾ॥*
*ਭਾਈ ਗੁਰਦਾਸ ਜੀ, ਵਾਰ 10/7*

ਤੇਰੇ ਅੰਦਰ ਤਾਂ ਪਿਆਰ ਹੀ ਨਹੀਂ ਸੀ। ਤੂੰ ਤਾਂ ਇਹ ਕਹਿੰਦਾ ਸੀ ਕਿ ਤਬੇਲੇ ਵਿਚ ਮੈਂ ਖੜ੍ਹਾ ਹੋਵਾਂ। ਕਿੱਡਾ ਮਾਣ ਸੀ ਤੇਰੇ ਅੰਦਰ, ਇਹ ਕੋਈ ਪਿਆਰ ਦੀ ਗੱਲ ਸੀ? ਜੇ ਸਾਨੂੰ ਪਿਆਰ ਦੀ ਖਿੱਚ ਪੈਂਦੀ ਤਾਂ ਅਸੀਂ ਤੇਰੇ ਆਉਂਦੇ। ਸੁਣ –

*ਧਾਰਨਾ – ਰਾਜਨਾ! ਅਸੀਂ ਤੇਰੇ ਕਾਹਨੂੰ ਆਉਣਾ ਸੀ,*
*ਸਾਨੂੰ ਲਗਦੇ ਬਿਦਰ ਜੀ ਪਿਆਰੇ।*
*ਰਾਜਨ ਕਉਨੁ ਤੁਮਾਰੈ ਆਵੈ ॥*
*ਐਸੋ ਭਾਉ ਬਿਦਰ ਕੋ ਦੇਖਿਓ*
*ਓਹੁ ਗਰੀਬੁ ਮੋਹਿ ਭਾਵੈ ॥ ਅੰਗ – ੧੧੦੫*

ਤੇਰੇ ਵਿਚ ਤਾਂ ਪਿਆਰ ਹੀ ਨਹੀਂ ਸੀਗਾ। ਇਕ ਡੱਕੇ ਜਿੰਨਾਂ ਵੀ ਤੁਹਾਨੂੰ ਚਾਓ ਨਹੀਂ ਸੀ ਤੇ ਨਾ ਪਿਆਰ ਸੀ। ਉਹ ਪਿਆਰ ਦੇ ਵਿਚ ਰੋਂਦਾ ਸੀ।

*ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥*
*ਅੰਗ – ੧੧੦੫*

ਤੂੰ ਤਾਂ ਆਪਣੇ ਅਹੰਕਾਰ ਵਿਚ ਮਸਤ ਸੀ ਕਿ ਮੇਰੇ ਕੋਲ ਐਨੀਆਂ ਫੌਜਾਂ, ਐਨੇ ਮੇਰੇ ਕੋਲ ਹਾਥੀ, ਐਨਾ ਮੇਰੇ ਕੋਲ ਰਾਜ। ਰੱਬ ਦਾ ਉਥੇ ਕਿੱਥੇ ਥਾਂ। ਪਿਆਰ ਤਾਂ ਉਥੇ ਹੁੰਦਾ ਹੀ ਨਹੀਂ। ਕਹਿਣ ਲੱਗੇ, ਜਿਹੜਾ ਤੂੰ ਉਲਾਂਭਾ ਦਿੰਦਾ ਹੈਂ ਕਿ ਤੂੰ ਗਰੀਬ ਦੇ ਕੋਲ ਜਾ ਕੇ ਰਿਹਾ, ਉਹ ਗਰੀਬ ਨਹੀਂ ਸੀਗਾ, ਉਹ ਤਾਂ ਸਾਰੀ ਸ੍ਰਿਸ਼ਟੀ ਦਾ ਰਾਜਾ ਸੀ।

*ਧਾਰਨਾ – ਚਿੱਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ – ੭੦੭*

ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ, ਤੇਰਾ ਅਖਤਿਆਰ ਤਾਂ ਭਾਰਤ ਵਰਸ਼ ਵਿਚ ਚਲਦਾ ਹੈ ਪਰ ਨਾਮ ਜਪਣ ਵਾਲੇ ਦਾ ਅਖਤਿਆਰ ਦਰਗਾਹ ਵਿਚ ਚਲਦਾ ਹੈ।

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ – ੧੮੬*

ਉਹਦਾ ਤਾਂ ਦਰਗਾਹ ਵਿਚ ਚਲਦਾ ਹੈ, ਦਰਗਾਹ ਤੋਂ ਲਿਖ ਦਿਤਾ ਕਿ ਇਹਦੇ ਲੜਕਾ ਨਹੀਂ ਹੋਣਾ, ਸਾਧੂ ਕੋਲ ਆ ਗਏ, ਉਹ ਕਹਿੰਦਾ ਇਕ ਨਹੀਂ, ਸੱਤ ਹੋਣਗੇ। ਸੋ ਉਹਦਾ ਹੁਕਮ ਚਲਦਾ ਹੈ।

ਕਹਿੰਦੇ ਅਸੀਂ ਰਾਜੇ ਦੇ ਪਾਸ ਰਹੇ ਹਾਂ, ਉਜਾੜ ਵਿਚ ਅਸੀਂ ਨਹੀਂ ਸੀ ਰਹਿਣਾ। ਬਾਕੀ ਜਿਹੜਾ ਤੂੰ ਤਾਅਨਾ ਦਿਤਾ ਹੈ ਕਿ ਇਥੇ ਸਾਡੇ ਕੋਲ ਦੁੱਧ ਸੀ, ਹੋਰ ਚੀਜ਼ਾਂ ਘੀ ਸੀ, ਚੰਗੇ ਪਦਾਰਥ ਸੀ ਤੇ ਉਥੇ ਤੈਨੂੰ ਪਾਣੀ ਹੀ ਮਿਲਿਆ ਹੈ। ਸਾਨੂੰ ਤੇਰਾ ਜਿਹੜਾ ਦੁੱਧ ਹੈ ਇਹ ਕਿਸੇ ਕੰਮ ਦਾ ਨਹੀਂ-

*ਧਾਰਨਾ – ਦੁੱਧ ਤੇਰਾ ਜੀ ਕਿਸੇ ਕੰਮ ਨਾ,*
*ਅੰਮ੍ਰਿਤ ਲੱਗਿਆ ਬਿਦਰ ਦਾ ਪਾਣੀ।*
*ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤੁ ਕਰੁ ਮੈ ਮਾਨਿਆ ॥*
*ਅੰਗ – ੧੧੦੫*

ਉਹ ਤਾਂ ਅੰਮ੍ਰਿਤ ਵਰਗਾ ਸੀ।

*ਖੀਰ ਸਮਾਨਿ ਸਾਗੁ ਮੈ ਪਾਇਆ*
*ਗੁਨ ਗਾਵਤ ਰੈਨਿ ਬਿਹਾਨੀ ॥ ਅੰਗ – ੧੧੦੫*

ਮੈਨੂੰ ਤਾਂ ਦੁੱਧ ਵਰਗਾ ਲੱਗਿਆ ਸਾਗ।

ਇਥੇ ਨਿੰਦਿਆ ਚੁਗਲੀ ਕਰਨੀ ਸੀ ਉਨ੍ਹਾਂ ਨੇ, ਅਸੀਂ ਉਥੇ ਹਰੀ ਦਾ ਜਸ ਗਾਇਆ। ਸੋ ਇਸ ਕਰਕੇ ਰਾਜਨ! ਤੂੰ ਪੁਛਿਆ ਕਿ ਸਾਡੇ ਕਿਉਂ ਨਹੀਂ ਆਇਆ?

*ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।*
*ਗੋਬਿੰਦ ਭਾਉ ਭਗਤਿ ਦਾ ਭੁਖਾ॥*

***ਭਾਈ ਗੁਰਦਾਸ ਜੀ ਵਾਰ, 10/7***

ਮੈਨੂੰ ਕਿਸੇ ਦੇ ਪਦਾਰਥਾਂ ਦੀ ਭੁੱਖ ਨਹੀਂ ਹੈ, ਜੇ ਮੈਂ ਭੁੱਖਾ ਹਾਂ ਤਾਂ ਪਿਆਰ ਦਾ ਭੁੱਖਾ ਹਾਂ। ਸਾਰਾ ਸੰਸਾਰ ਜੋ ਵੀ ਮੰਗਦਾ ਹੈ ਸਭ ਨੂੰ ਦਿੰਦਾ ਹਾਂ। ਲੇਕਿਨ ਸੰਸਾਰ ਦਿਤੀ ਹੋਈ ਚੀਜ਼ ਨਾਲ ਪਿਆਰ ਕਰਦਾ ਹੈ। ਵਾਹਿਗੁਰੂ ਨਾਲ ਨਹੀਂ ਪਰਤ ਕੇ ਪਿਆਰ ਕਰਦਾ। ਇਸ ਤਰ੍ਹਾਂ ਫੁਰਮਾਨ ਹੈ-

***ਧਾਰਨਾ - ਰਾਜਨਾ! ਹਿਰਦਾ ਤੇਰਾ ਖਾਲੀ ਪਿਆਰ ਤੋਂ।***
***ਗੋਬਿੰਦ ਭਾਉ ਭਗਤ ਦਾ ਭੁੱਖਾ।***

ਮੈਂ ਕੋਈ ਆਪਣਾ ਦੁੱਖ ਦੂਰ ਕਰਾਉਣ ਤਾਂ ਨਹੀਂ ਆਇਆ ਤੇਰੇ ਕੋਲ, ਕੋਈ ਅਰਜ਼ੀ ਲੈ ਕੇ ਤਾਂ ਨਹੀਂ ਸੀ ਆਇਆ। ਮੈਂ ਸੁਤੰਤਰ ਸੀ, ਆਪਣੀ ਮਰਜ਼ੀ ਦੇ ਨਾਲ ਰਹਿਣਾ ਸੀ। ਤੁਹਾਡੇ ਅੰਦਰ ਨਾ ਕੋਈ ਚਾਓ, ਨਾ ਕੋਈ ਪਿਆਰ।

ਜਿਥੇ ਪਿਆਰ ਨਾ ਹੋਵੇ, ਚਾਓ ਨਾ ਹੋਵੇ ਉਥੇ ਕੋਈ ਬੰਦਾ ਬੱਚਿਆਂ ਕੋਲ ਵੀ ਨਹੀਂ ਜਾਂਦਾ। ਬੱਚੇ ਆਪਣੇ ਹੀ ਹੁੰਦੇ ਨੇ ਪਰ ਜਦੋਂ ਮਾਂ-ਬਾਪ ਨੂੰ ਬੋਝ ਮੰਨਣ ਲੱਗ ਜਾਣ, ਕਹਿਣਗੇ ਰਹਿਣਦੇ ਉਥੇ ਪਿਆਰ ਨਹੀਂ ਹੈ।

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਵਾਹਿਗੁਰੂ ਹੈ ਤਾਂ ਅੰਦਰ ਹੀ, ਪਰ ਇਹ ਭਗਤੀ ਨਾਲ ਮਿਲਦਾ ਹੈ। ਭਗਤੀ ਸਹਿਤ ਗਿਆਨ। ਸਾਡਾ ਜੋ ਮਤ ਹੈ ਉਹ ਹੈ ਮੁੱਖ ਭਗਤੀ, ਨਿਹਚੇ ਗਿਆਨ। ਸੰਸਾਰ ਨਾਲ ਜਿਹੜੀ ਵਰਤਣ ਹੈ - ਵਰਤਣ ਵੈਰਾਗ। ਸੋ ਭਗਤੀ ਨੌਂ ਕਿਸਮ ਦੀ ਹੁੰਦੀ ਹੈ, ਸਿਮਰਨ ਭਗਤੀ, ਹਰ ਵਕਤ ਵਾਹਿਗੁਰੂ ਨੂੰ ਯਾਦ ਰੱਖਣਾ।

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*

*ਅੰਗ - ੨੬੨*

ਕੀਰਤਨ ਭਗਤੀ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*

*ਅੰਗ - ੧੦੭੬*

ਸਰਵਣ ਭਗਤੀ ਹੈ ਜਿਹਦਾ ਮਹਾਤਮਾ ਚਾਰ ਪੌੜੀਆਂ ਜਪੁਜੀ ਸਾਹਿਬ ਦੇ ਅੰਦਰ ਲਿਖਿਆ ਹੈ। 'ਸੁਣਨ' ਦੀਆਂ ਪਉੜੀਆਂ ਵਿਚ। ਨਮਸਕਾਰ ਭਗਤੀ ਹੈ - ਬਾਰ-ਬਾਰ ਨਮਸਕਾਰ ਕਰਨੀ। ਸੋ ਇਸ ਤਰ੍ਹਾਂ ਅਰਚਣ ਭਗਤੀ ਹੈ, ਪਾਦ ਸੇਵਨ ਭਗਤੀ ਹੈ, ਦਾਸਾ ਭਾਵ, ਸਖਾ ਭਾਵ। ਆਤਮ ਸਮਰਪਣ ਭਗਤੀ ਹੈ। ਇਹ ਨੌਂਵੇਂ ਭਗਤੀਆਂ ਨੇ ਇਨ੍ਹਾਂ ਨੂੰ ਫਲ ਪੈਂਦਾ ਹੈ ਪਿਆਰ ਦੀ ਭਗਤੀ ਦਾ। ਜਿਹਨੂੰ ਪ੍ਰੇਮਾ ਭਗਤੀ ਕਹਿੰਦੇ ਨੇ, ਜਦੋਂ ਪ੍ਰੇਮਾ ਭਗਤੀ ਆਉਂਦੀ ਹੈ, ਸਾਧਸੰਗਤ ਜੀ! ਉਦੋਂ ਅਵਸਥਾ ਹੀ ਹੋਰ ਹੋ ਜਾਂਦੀ ਹੈ। ਸੋ ਮਹਾਰਾਜ ਨੇ ਤਾਂ ਇਹ ਫੁਰਮਾਨ ਕੀਤਾ ਹੈ -

***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਐਉਂ ਨਹੀਂ ਰੱਬ ਮਿਲਣਾ ਉਹ ਤਾਂ ਜਦੋਂ ਹਿਰਦੇ ਵਿਚ ਪਿਆਰ ਹੋਵੇ, ਖਿੱਚ ਆਏਗੀ, ਉਸ ਵੇਲੇ ਉਹ ਮਿਲਦਾ ਹੈ, ਸੋ ਪ੍ਰੇਮਾ ਭਗਤੀ ਤੋਂ ਬਾਦ ਆਉਂਦੀ ਹੈ ਪਰਾ ਭਗਤੀ।

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ - ੮੨੭*

ਉਸ ਤੋਂ ਬਾਅਦ ਹੈ ਅਪਰਾ ਭਗਤੀ। ਇਸ ਹੁੰਦਾ ਹੈ ਕਿ ਇਥੇ ਸੰਸਾਰ 'ਚ ਕੋਈ ਹੈ ਨਹੀਂ, ਜੇ ਹੈ ਤਾਂ ਸਾਰੀ ਸ੍ਰਿਸ਼ਟੀ ਦੇ ਅੰਦਰ ਇਕੋ ਹੀ ਪ੍ਰਭੂ ਰਮਿਆ ਹੋਇਆ ਹੈ। ਅੱਖਾਂ ਖੁਲ੍ਹ ਜਾਂਦੀਆਂ ਨੇ ਤੇ ਪ੍ਰਮੇਸ਼ਰ ਨਜ਼ਰ ਆਉਣ ਲਗ ਜਾਂਦਾ ਹੈ। ਇਹ ਜੀਵਨ ਦਾ ਮਨੋਰਥ ਹੈ।

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ*
*ਸਾਧਸੰਗਤਿ ਭਜੁ ਕੇਵਲ ਨਾਮ ॥੧॥*

*ਅੰਗ - ੧੨*

ਸੋ ਭੈ ਦਾ ਤੇ ਭਉ ਦਾ ਸ਼ਿੰਗਾਰ ਵਾਹਿਗੁਰੂ ਨੂੰ ਭਾਉਂਦਾ ਹੈ। ਬਾਕੀ ਚੀਜ਼ਾਂ ਨਹੀਂ ਉਸਨੂੰ ਭਾਉਂਦੀਆਂ, ਮਾਣ ਨਹੀਂ ਭਾਉਂਦਾ ਉਹਨੂੰ।

***ਧਾਰਨਾ - ਭੈ ਤੇ ਭਾਉ ਦਾ ਸ਼ਿੰਗਾਰ ਭਾਉਂਦਾ ਹਰੀ ਨੂੰ।***
***ਮਾਣ ਕਰੇਂ ਕਾਹਤੋਂ ਬੰਦਿਆ।***

***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥***

*ਅੰਗ - ੭੨੨*

ਭਾਉ ਕਹਿੰਦੇ ਨੇ ਪਿਆਰ ਨੂੰ, ਭੈ ਕਹਿੰਦੇ ਨੇ ਅਦਬ ਨੂੰ। ਅਦਬ ਤੇ ਪਿਆਰ ਜਦੋਂ ਹਿਰਦੇ ਵਿਚ ਹੋਏਗਾ, ਉਸ ਵੇਲੇ ਵਾਹਿਗੁਰੂ ਜੀ ਇਥੋਂ ਅੰਦਰੋਂ ਹੀ ਮਿਲ ਜਾਂਦੇ ਨੇ, ਬਾਹਰ ਨਹੀਂ ਹੈਗੇ, ਸੋ ਇਹੀ ਜੀਵਨ ਮਨੋਰਥ ਹੈ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ***

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰੁ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌਂ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

*ਮੋਹਿ ਦਾਸਰੋ ਠਾਕੁਰ ਕੋ ॥*
*ਧਾਨੁ ਪ੍ਰਭ ਕਾ ਖਾਨਾ ॥ ੧ ॥ ਰਹਾਉ ॥*
*ਐਸੋ ਹੈ ਰੇ ਖਸਮੁ ਹਮਾਰਾ ॥*
*ਖਿਨ ਮਹਿ ਸਾਜਿ ਸਵਾਰਣਹਾਰਾ ॥ ੧ ॥*
*ਕਾਮੁ ਕਰੀ ਜੇ ਠਾਕੁਰ ਭਾਵਾ ॥*
*ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥ ੨ ॥*
*ਸਰਣਿ ਪਰਿਓ ਠਾਕੁਰ ਵਜੀਰਾ ॥*
*ਤਿਨਾ ਦੇਖਿ ਮੇਰਾ ਮਨੁ ਧੀਰਾ ॥ ੩ ॥*
*ਏਕ ਟੇਕ ਏਕੋ ਆਧਾਰਾ ॥*
*ਜਨ ਨਾਨਕ ਹਰਿ ਕੀ ਲਾਗਾ ਕਾਰਾ ॥*

***ਅੰਗ - ੨੧੨***

ਵਾਹਿਗੁਰੂ ਦੇ ਬਾਰੇ ਪਹਿਲੇ ਸਮਿਆਂ ਤੋਂ ਵੱਖਰੇ-ਵੱਖਰੇ ਮਤਾਂ ਦੇ ਵੱਖਰੇ-ਵੱਖਰੇ ਖਿਆਲ ਨੇ। ਗੁਰੂ ਮਹਾਰਾਜ ਕਹਿੰਦੇ ਨੇ ਵਾਹਿਗੁਰੂ ਸੁੰਨ-ਮੁੰਨ ਨਹੀਂ ਹੈ। ਇਕ ਡੂੰਘੀ ਚੁੱਪ ਨਹੀਂ ਹੈ, ਸਭ ਕੁਛ ਜਾਣਦਾ ਹੈ। ਇਕ ਅੱਖ ਦੇ ਫੋਰੇ ਦੇ ਵਿਚ ਸਾਜ ਕੇ ਸੰਵਾਰ ਦਿੰਦਾ ਹੈ। ਸਾਜ ਵੀ ਦਿੰਦਾ ਹੈ ਤੇ ਸਵਾਰ ਵੀ ਦਿੰਦਾ ਹੈ। ਮਨੁੱਖ ਕਿੰਨਾ ਵਧੀਆ ਸਾਜਿਆ ਹੈ ਤੇ ਕਿਵੇਂ ਸੰਵਾਰਿਆ ਹੋਇਆ ਹੈ। ਵਾਹਿਗੁਰੂ ਸਭ ਕੁਛ ਕਰਦਾ ਹੈ, ਲੇਕਿਨ ਇਹ ਬੰਦਾ ਓਸਨੂੰ ਭੁੱਲ ਕੇ ਸੰਸਾਰ ਦੇ ਵਿਚ ਮੋਹਿਤ ਹੋਇਆ ਪਿਆ ਹੈ।

ਗੁਰੂ ਛੇਵੇਂ ਪਾਤਸ਼ਾਹ (ਗੁਰੂ ਹਰਿਗੋਬਿੰਦ ਸਾਹਿਬ ਜੀ) ਦਾ ਦਰਬਾਰ ਲੱਗਿਆ ਹੋਇਆ ਹੈ। ਆਪ ਸਿੰਘਾਸ਼ਨ ਤੇ ਸੁਭਾਇਮਾਨ ਨੇ। ਕਲਗੀ ਆਪ ਦੇ ਸੀਸ ਤੇ ਲੱਗੀ ਹੋਈ ਹੈ। ਬਹੁਤ ਸਾਰੀਆਂ ਕੀਮਤੀ, ਮਾਲਾਵਾਂ, ਹੀਰੇ ਜਵਾਹਰਾਤ ਦੀਆਂ ਆਪ ਦੇ ਗਲੇ ਵਿਚ ਨੇ ਤੇ ਆਪ ਦੇ ਇਕ ਪਾਸੇ ਮੀਰੀ ਦੀ ਸ੍ਰੀ ਸਾਹਿਬ ਹੈ, ਦੂਜੇ ਪਾਸੇ ਪੀਰੀ ਦੀ ਹੈ। ਇਸ ਤਰ੍ਹਾਂ ਸੁਭਾਇਮਾਨ ਹੁੰਦੇ ਨੇ ਕਿ ਜਿਸ ਤਰ੍ਹਾਂ ਤਾਰਿਆਂ ਦੇ ਅੰਦਰ ਚੰਦਰਮਾ, ਨਿਰਦਾਗ ਚੰਦਰਮਾ ਹੋਇਆ ਕਰਦਾ ਹੈ। ਸਾਰੀ ਸੰਗਤ ਗੁਰੂ ਮਹਾਰਾਜ ਦੇ ਦਰਸ਼ਨ ਕਰ ਰਹੀ ਹੈ ਤੇ ਇਕ ਸਕਿੰਟ ਵਾਸਤੇ ਵੀ ਕੋਈ ਅੱਖ ਨਹੀਂ ਝਮਕਦਾ ਕਿ ਕਿਤੇ ਐਸਾ ਨਾ ਹੋਵੇ, ਦਰਸ਼ਨ ਓਹਲੇ ਨਾ ਹੋ ਜਾਣ, ਪਿਆਰ ਦੇ ਨਾਲ ਬੈਠੇ ਨੇ। ਉਸ ਵੇਲੇ ਕੁਝ ਪ੍ਰੇਮੀ ਇਕ ਨਗਰ ਤੋਂ ਆਏ, ਬੜੇ ਉਨ੍ਹਾਂ ਦੇ ਵਿਚ ਚੰਗੇ-ਚੰਗੇ ਗੁਰਸਿੱਖ ਸੀਗੇ। ਭਾਈ ਭਗਵਾਨ ਦਾਸ, ਭਗਤ ਗੋਦਲਾ, ਮਲਕ, ਕਟਾਰੂ ਜੀ, ਪ੍ਰਿਥੀ ਮੱਲ, ਡੱਲੂ ਭਗਤ, ਸ਼ਾਮਦਾਸ, ਆਪ ਆ ਕੇ ਮਹਾਰਾਜ ਦੇ ਚਰਨਾਂ 'ਚ ਮਸਤਕ ਨਿਵਾਉਂਦੇ ਨੇ। ਉਸ ਵੇਲੇ ਗੁਰੂ ਮਹਾਰਾਜ ਜੀ ਜੋ ਬਚਨ ਕਰ ਰਹੇ ਨੇ। ਉਹਦੇ ਵਿਚੋਂ ਐਸੇ ਬਚਨ ਆ ਰਹੇ ਨੇ ਕਿ ਆਦਮੀ ਮਾਇਆ ਦੇ ਪਰਚਿਆ ਪਿਆ ਹੈ, ਇਹਦੀ ਮਿਆਦ ਕੁਛ ਨਹੀਂ ਹੈ, ਛੋਟੀ ਜਿਹੀ ਮਿਆਦ ਹੈ, ਲੇਕਿਨ ਇਹ ਮਾਇਆ ਇਕੱਠੀ ਕਰਨ ਵਿਚ ਐਨਾ ਲਗ ਗਿਆ, ਮੇਰੀ-ਮੇਰੀ ਕਰਨ ਵਿਚ ਐਨਾ ਲਗ ਗਿਆ ਕਿ ਬਾਜੀ ਹਾਰਦਾ ਚਲਿਆ ਜਾ ਰਿਹਾ ਹੈ।

ਥੋੜ੍ਹੇ ਜਿਹੇ ਚਿਰ ਵਾਸਤੇ ਚੱਕਰ ਕੱਟਦਾ-ਕੱਟਦਾ ਇਹ ਜੀਵ ਆਤਮਾ ਐਸ ਰੂਪ ਦੇ ਵਿਚ ਸੰਸਾਰ ਦੇ ਵਿਚ ਆਇਆ ਹੋਇਆ ਹੈ। ਕਿਸੇ ਦਾ ਪੁੱਤਰ ਬਣਿਆ ਹੋਇਆ ਹੈ, ਕਿਸੇ ਦਾ ਪਿਉ, ਕਿਸੇ ਦਾ ਭਰਾ, ਕਿਸੇ ਦਾ ਪਤੀ, ਕਿਸੇ ਦਾ ਕੁਛ ਰਿਸ਼ਤੇਦਾਰ ਕਹਾਉਂਦਾ ਹੈ, ਕਿਸੇ ਦਾ ਕੁਛ ਰਿਸ਼ਤੇਦਾਰ ਕਹਾਉਂਦਾ ਹੈ। ਅਨੇਕ ਉਪਾਧੀਆਂ ਇਹਦੇ ਨਾਲ ਜੁੜੀਆਂ ਹੋਈਆਂ ਨੇ। ਇਹ ਫਲਾਣਾ ਆਫੀਸਰ ਹੈ ਜੀ, ਇਹ ਫਲਾਣਾ ਸਰਦਾਰ ਬਹਾਦਰ ਹੈ ਜੀ। ਕਹਿੰਦੇ, ਆਹ ਇਹਦਾ ਹਾਲ ਚਲ ਰਿਹਾ ਹੈ ਤੇ ਦਾਅਵੇ ਬੰਨ੍ਹਣੇ ਸ਼ੁਰੂ ਕਰੇ ਹੋਏ ਨੇ ਇਸਨੇ। ਜਿਹੜੀ ਵੀ ਚੀਜ਼ ਕਰਦਾ ਹੈ, ਪੱਕੀ ਕਰਦਾ ਹੈ -

***ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥***

***ਅੰਗ - ੬੯੨***

ਗਹਿਰੀਆਂ ਕਰ-ਕਰ ਕੇ, ਪੱਕੀਆਂ ਕਰ-ਕਰ ਕੇ ਨਿਹੁੰਆਂ ਲਿਆਉਂਦਾ ਹੈ, ਪਰ ਆਪਣਾ ਪਤਾ ਹੀ ਨਹੀਂ ਕਿ ਕਿਹੜੇ ਵੇਲੇ ਚਲੇ ਜਾਣਾ ਹੈ। ਮਹਾਰਾਜ ਕਹਿੰਦੇ -

***ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥***

***ਅੰਗ - ੨੧੨***

ਜੇ ਤੂੰ ਸੁੱਖ ਲੈਣਾ ਚਾਹੁੰਦਾ ਹੈਂ ਤੇਰੇ ਮਨ ਵਿਚ ਸੱਚਮੁੱਚ ਆਸ ਹੈ ਕਿ ਮੈਂ ਸੁੱਖੀ ਹੋ ਜਾਵਾਂ ਕਿਉਂਕਿ ਤੂੰ ਸੁੱਖੀ ਹੋਣ ਵਾਸਤੇ ਬੇਅੰਤ ਯਤਨ ਕਰਦਾ ਹੈਂ। ਲੇਕਿਨ ਸੁਖੀ ਤਾਂ ਹੁੰਦਾ ਹੀ ਨਹੀਂ, ਜਿਥੇ ਜੀਅ ਕਰਦਾ ਹੈ ਚਲਿਆ ਜਾਹ। ਉਹ ਇਸ ਕਰਕੇ ਨਹੀਂ ਹੁੰਦਾ, ਜਿਸ ਥਾਂ ਤੋਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਉਥੇ ਨਹੀਂ ਜਾਂਦਾ। ਮੱਝ ਦੇ ਥਣਾਂ ਵਿਚ ਦੁੱਧ ਹੁੰਦਾ ਹੈ ਜੇ ਕੱਟਰੂ ਮੂਹਰਲੇ ਪਾਸੇ ਢੁੱਡਲੀ ਨੂੰ ਹੀ ਚੱਬੀ

ਜਾਵੇ, ਜਾਂ ਲੱਤਾਂ ਤੇ ਹੀ ਮੂੰਹ ਜਿਹਾ ਮਾਰੀ ਜਾਵੇ। ਉਥੋਂ ਦੁੱਧ ਤਾਂ ਆ ਨਹੀਂ ਸਕਦਾ ਕਿਉਂਕਿ ਦੁੱਧ ਦਾ ਥਾਂ ਤਾਂ ਥਣ ਨੇ। ਇਸੇ ਤਰ੍ਹਾਂ ਸੰਸਾਰ ਦੀ ਜਿਹੜੀ ਖੋਜ ਹੈ ਅਧੂਰੀ ਹੈ ਸੁੱਖ ਵਾਸਤੇ। ਬੜੇ ਯਤਨ ਕਰਦਾ ਹੈ, ਦਿਨ ਰਾਤ ਦੌੜਿਆ ਫਿਰਦਾ ਹੈ, ਕਮਾਈਆਂ ਕਰਦਾ ਹੈ, ਬੜੇ ਮਨਸੂਬੇ ਬੰਨ੍ਹਦਾ ਹੈ ਕਿ ਮੇਰੇ ਪੁੱਤਰ ਨਹੀਂ ਹੋਇਆ ਪੁੱਤਰ ਹੋ ਜਾਵੇ। ਮੇਰੇ ਕੋਲ ਘਰ ਨਹੀਂ ਘਰ ਹੋ ਜਾਵੇ। ਇਕ ਪੁੱਤਰ ਹੋ ਗਿਆ ਫੇਰ ਦੂਜਾ ਹੋ ਜਾਵੇ, ਦੂਜਾ ਹੋ ਗਿਆ ਫੇਰ ਤੀਜਾ ਚਾਹੀਦਾ ਹੈ। ਲੱਖ ਰੁਪਿਆ ਜਮ੍ਹਾਂ ਕਰ ਲਿਆ, ਫੇਰ ਕਹਿੰਦਾ ਹੈ ਦੱਸ ਲੱਖ ਚਾਹੀਦਾ ਹੈ, ਦੱਸ ਲੱਖ ਕਰ ਲਿਆ ਕਹਿੰਦਾ ਕਰੋੜ ਚਾਹੀਦਾ ਹੈ। ਉਹਦੇ ਵਿਚੋਂ ਸੁੱਖ ਤਾਂ ਨਹੀਂ ਨਾ ਮਿਲਦਾ, ਜਿਨ੍ਹਾਂ ਦੇ ਕੋਲ ਹੈਗੇ ਪੁੱਛ ਕੇ ਦੇਖ ਲਿਓ। ਕਿ ਤੁਹਾਨੂੰ ਸੁੱਖ ਹੈ? ਝੁੰਜਲਾਹਟ ਹੈ ਮਨ ਦੇ ਅੰਦਰ, ਮੱਥਾ ਖਿੜਿਆ ਹੋਇਆ ਨਹੀਂ, ਮੁਰਝਾਇਆ ਹੋਇਆ ਹੈ। ਝੁਲਸਿਆ ਹੋਇਆ ਮੱਥਾ ਹੁੰਦਾ ਹੈ ਕਿਉਂਕਿ ਖੁਸ਼ ਬੰਦਾ ਚਾਹੇ ਗਰੀਬ ਹੈ, ਉਹਦੇ ਨੇਤਰਾਂ ਦੇ ਵਿਚ ਵੀ ਹਾਸੀ ਹੁੰਦੀ ਹੈ, ਬੁੱਲ੍ਹਾਂ ਵੀ ਉਹਦੇ ਖਿੜੇ ਹੋਏ ਹੁੰਦੇ ਨੇ। ਸਰੀਰ ਦੇ ਵਿਚ ਵੀ ਰੌਣਕ ਹੁੰਦੀ ਹੈ ਉਸਦੇ, ਤੌਰ ਵਿਚ, ਬੋਲ ਵਿਚ, ਹਰ ਹਰਕਤ ਦੇ ਵਿਚ ਉਹਦੀ ਨਰੋਆਪਣ ਹੁੰਦਾ ਹੈ, ਜ਼ਿੰਦਗੀ ਰੁਮਕਦੀ ਹੁੰਦੀ ਹੈ। ਪੈਸੇ ਨਾਲ ਤਾਂ ਨਹੀਂ ਰੁਮਕਦੀ, ਕੋਈ ਚੀਜ਼ ਹੋਰ ਹੈ ਜਿਹੜੀ ਸਾਨੂੰ ਪ੍ਰਾਪਤ ਨਹੀਂ ਹੋਇਆ। ਮਹਾਰਾਜ ਕਹਿੰਦੇ ਜੇ ਤੁਸੀਂ ਸੱਚਮੁੱਚ ਸੁਖ ਚਾਹੁੰਦੇ ਓਂ ਤਾਂ ਪ੍ਰਮੇਸ਼ਰ ਨਾਲ ਜੁੜ ਜਾ। ਪ੍ਰਮੇਸ਼ਰ ਸਮੁੰਦਰ ਹੈ ਸੁੱਖਾਂ ਦਾ ਜਦੋਂ ਤੂੰ ਉਹਦੇ ਨਾਲ ਜੁੜ ਜਾਏਂਗਾ, ਸਮੁੰਦਰ ਦੇ ਨਾਲ ਜੇ ਚਸ਼ਮਾ ਜੁੜ ਜਾਵੇ ਆਪੇ ਪਾਣੀ ਉਹਦੇ ਵਿਚ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਪ੍ਰਮੇਸ਼ਰ ਨਾਲ ਜੇ ਸਾਡੀ ਚਿੱਤ ਬਿਰਤੀ ਜੁੜ ਜਾਵੇ, ਇਹਦੇ ਵਿਚ ਸੁੱਖ ਦੀ, ਅਨੰਦ ਦੀ, ਚੇਤਨਤਾ ਦੀ ਧਾਰਾ ਵਗ ਪੈਂਦੀ ਹੈ, ਫੇਰ ਇਹ ਸਦਾ ਸੁਖੀ ਹੋ ਜਾਂਦਾ ਹੈ।

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਪ੍ਰੇਮੀਓ! ਏਸ ਗੱਲ ਨੂੰ ਸਮਝਣ ਦਾ ਯਤਨ ਕਰੋ, ਜੇ ਤੁਸੀਂ ਪੂਰਨ ਸੁੱਖ ਚਾਹੁੰਦੇ ਓਂ, ਪੂਰਨ ਅਨੰਦ ਚਾਹੁੰਦੇ ਓਂ ਤਾਂ ਤੁਸੀਂ ਵਾਹਿਗੁਰੂ ਦੀ ਸ਼ਰਣ ਵਿਚ ਆ ਜਾਓ। ਉਹਦੇ ਵਿਚ ਪਹਿਲੀ ਸ਼ਰਤ ਹੈ –

*ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥ ਅੰਗ – ੨੧੨*

ਜੇ ਸ਼ਰਨ ਵਿਚ ਆ ਜਾਵਾਂਗੇ ਤਾਂ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ।

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥ ਅੰਗ – ੭੧੪*

ਖੋਜਦੇ-ਖੋਜਦੇ ਤੱਤ ਤੇ ਪਹੁੰਚੇ। ਇਕ-ਇਕ ਚੀਜ਼ ਲੈ ਕੇ ਖੋਜ ਕਰੀ, ਪੈਸੇ ਲੈ ਕੇ ਕਰੀ, ਸੁੰਦਰ ਪਲੰਘ ਲੈ ਕੇ ਕਰੀ, ਹੀਰੇ ਮੋਤੀਆਂ ਜੜੇ ਘਰ ਲੈ ਕੇ ਕਰੀ, ਮੋਹਣੀਆਂ ਜਿਹੜੀਆਂ ਸਾਰਿਆਂ ਨਾਲੋਂ ਸੁੰਦਰੀਆਂ ਸੀ ਉਨ੍ਹਾਂ ਨੂੰ ਰੱਖ ਕੇ ਕਰੀ, ਰਾਜਸੀ ਸ਼ਕਤੀ ਹਾਸਲ ਕਰਕੇ ਤਜਰਬਾ ਕਰਿਆ, ਰਿੱਧੀਆਂ ਸਿੱਧੀਆਂ ਸ਼ਕਤੀਆਂ ਦਾ ਇਕ ਤਜਰਬਾ ਕਰਿਆ, ਲੇਕਿਨ ਸੁੱਖ ਤਾਂ ਪ੍ਰਾਪਤ ਨਾ ਹੋਇਆ। ਸੁੱਖ ਦੀ ਥਾਂ ਤੇ ਜਿਹੜਾ ਅੰਦਰਲਾ ਕੌਲ ਸੀ ਉਹ ਜਲਦਾ ਤੁਰਿਆ ਗਿਆ। ਸੋ ਮਹਾਰਾਜ ਕਹਿੰਦੇ ਇਹ ਚੀਜ਼ਾਂ ਤਾਂ ਚੰਗੀਆਂ ਨੇ ਲੇਕਿਨ ਇਹਨਾਂ ਵਿਚ ਇਕ ਖਤਰਾ ਹੈ ਜੇ ਤਾਂ ਇਹਦੇ ਵਿਚ ਡੁੱਬ ਜਾਓ ਤਾਂ ਤਾਂ ਦੁੱਖ ਹੋ ਜਾਂਦਾ ਹੈ, ਜੇ ਇਹਨੂੰ ਦੂਰ ਰਹਿ ਕੇ ਦੇਖੋ, enjoy ਕਰੋ ਫੇਰ ਦੁਖ ਨਹੀਂ ਹੁੰਦਾ। ਫੁੱਲ ਨੂੰ ਤੁਸੀਂ ਤੋੜ ਲਓ ਥੋੜ੍ਹੀ ਦੇਰ ਬਾਅਦ ਮੁਰਝਾ ਜਾਏਗਾ। ਜੇ ਤੁਸੀਂ ਕੁਰਸੀ ਡਾਹ ਕੇ ਬਹਿ ਜਾਓ ਬਾਗ ਦੇ ਅੰਦਰ, ਫੁੱਲਾਂ ਦਾ ਖੇੜਾ ਦੇਖਦੇ ਰਹੋ ਉਹ ਹੋਰ ਚੀਜ਼ ਹੈ। ਕਿਉਂਕਿ ਉਹ ਫੁੱਲ ਤੋੜ ਕੇ ਰੱਖੇ ਹੋਏ ਦੂਜੇ ਦਿਨ ਹੀ ਕਾਲੇ ਹੋ ਜਾਣਗੇ, ਸੁੱਟਣੇ ਪੈਂਦੇ ਨੇ ਬਾਹਰ। ਆਹੀ ਹਾਲ ਪਦਾਰਥਾਂ ਦਾ ਹੈ ਜਦੋਂ ਆਦਮੀ ਇਹਦੇ ਵਿਚ ਡੁੱਬ ਜਾਂਦਾ ਹੈ, ਗਰਕ ਹੋ ਜਾਂਦਾ ਹੈ। ਆਪਣੇ ਆਪ ਦਾ ਚੇਤਾ ਭੁੱਲ ਜਾਂਦਾ ਹੈ ਉਸ ਵੇਲੇ ਫੇਰ ਇਹ ਚੀਜ਼ਾਂ ਸੁੱਖ ਨਹੀਂ ਦਿਆ ਕਰਦੀਆਂ, ਦੁੱਖ ਦਿਆ ਕਰਦੀਆਂ ਨੇ, ਕਿਉਂਕਿ ਸੁੱਖ ਵਾਲੀ ਚੀਜ਼ ਦਾ ਅਜੇ ਤੱਕ ਏਸ ਨੂੰ ਪਤਾ ਨਹੀਂ ਲੱਗਿਆ। ਸੁੱਖ ਵਾਲੀ ਚੀਜ਼ ਹੁੰਦੀ ਹੈ ਪ੍ਰਮੇਸ਼ਰ, ਵਾਹਿਗੁਰੂ ਹੁੰਦਾ ਹੈ। ਜੇ ਤਾਂ ਵਾਹਿਗੁਰੂ ਯਾਦ ਰਹਿ ਜਾਵੇ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਅੰਗ – ੨੬੨*

ਤਿੰਨ ਵਾਰੀ ਕਿਹਾ ਹੈ ਮਹਾਰਾਜ ਨੇ ਯਾਦ ਰੱਖੋ, ਯਾਦ ਰੱਖੋ, ਯਾਦ ਰੱਖੋ ਪ੍ਰਮੇਸ਼ਰ ਨੂੰ, ਇਹਦੇ ਨਾਲ ਕੀ ਹੋਏਗਾ? ਤੁਹਾਨੂੰ ਸੁੱਖ ਮਿਲ ਜਾਏਗਾ –

*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਅੰਗ – ੨੬੨*

ਕਲ੍ਹਾ ਤੇ ਕਲੇਸ਼ ਨੇ ਜਿਹੜਾ ਮਨ ਘੇਰਿਆ ਹੋਇਆ ਹੈ, ਜਿਹਦੇ 'ਚ ਸ਼ੰਕੇ ਬੇਅੰਤ ਨੇ, ਬੇਅੰਤ ਉਤਰਾਅ ਚੜ੍ਹਾਅ ਚਲ ਰਹੇ ਨੇ, ਉਹ ਸਾਰੇ ਖਤਮ ਹੋ ਜਾਣਗੇ, ਮਿਟ ਜਾਣਗੇ, ਪਤਾ ਹੀ ਨਹੀਂ ਚਲੇਗਾ ਕਿ ਕਿੱਥੇ ਚਲੇ ਜਾਣਗੇ। ਸੋ ਸੁੱਖ ਮਹਾਰਾਜ ਕਹਿੰਦੇ –

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ ॥ ਅੰਗ – ੭੧੪*

ਤਾਂ ਤੂੰ ਸਦਾ ਯਾਦ ਰੱਖ। ਜੇ ਤਾਂ ਤੇਰੇ ਯਾਦ ਰਹਿੰਦਾ ਹੈ, ਫੇਰ ਤਾਂ ਜਿੰਨੀ ਦੌਲਤ ਹੈ ਤੇਰੇ ਕੋਲ, ਜਿੰਨਾ ਪੈਸਾ ਹੈ

ਹੱਕ ਦੀ ਕਮਾਈ ਦਾ ਤੇਰੇ ਪਾਸ ਹੈ, ਵਧੀਆ ਕੋਠੀ ਹੈ, ਵਧੀਆ ਕਪੜੇ ਨੇ, ਵਧੀਆ ਸਵਾਰੀ ਹੈ, ਹਰ ਥਾਂ ਦੇ ਉਤੇ ਠੀਕ ਹੀ ਠੀਕ ਹੈ, ਜੇ ਤਾਂ ਵਾਹਿਗੁਰੂ ਯਾਦ ਹੈ ਤਾਂ, ਤਾਂ ਇਹ ਚੀਜ਼ਾਂ ਸਹਾਇਕ ਹੋ ਜਾਂਦੀਆਂ ਨੇ। ਜ਼ੀਰੋ ਨਾਲ ਜੇ ਤਾਂ ਏਕਾ ਲੱਗਿਆ ਹੋਇਆ ਹੈ ਤਾਂ, ਤਾਂ ਜ਼ੀਰੋ ਦਾ ਮੁੱਲ ਬਣ ਜਾਂਦਾ ਹੈ। ਜ਼ੀਰੋ ਨਾਲ ਏਕਾ ਲਾ ਦਿਓ, 10 ਬਣ ਜਾਂਦਾ ਹੈ, ਦੋ ਲਾ ਦਿਓ ਸੌ ਬਣ ਜਾਂਦਾ ਹੈ, ਚਾਰ ਜ਼ੀਰੋ ਲਗਾ ਦਿਓ ਦੱਸ ਹਜ਼ਾਰ ਬਣ ਜਾਂਦਾ ਹੈ। ਨਹੀਂ ਤਾਂ ਇਹ ਜ਼ੀਰੋ ਹੀ ਨੇ, ਜਿੰਨ੍ਹਾਂ ਚਿਰ ਛੇ ਜ਼ੀਰੋ ਪਏ ਨੇ, ਉਨ੍ਹਾਂ ਦਾ ਕੋਈ ਮਾਇਨੇ ਨਹੀਂ ਹੈ। ਸਾਰੇ ਸੁੱਖ ਪ੍ਰਾਪਤ ਹੋਣ, ਬਾਲ-ਬੱਚੇ ਵੀ ਹੋਣ, ਕਾਰਾਂ ਵੀ ਹੋਣ, ਕੋਠੀਆਂ ਵੀ ਹੋਣ, ਕਾਰੋਬਾਰ ਵੀ ਕਰੋੜਾਂ ਵਿਚ ਫੈਲਿਆ ਹੋਇਆ ਹੋਵੇ, ਦੇਸ਼ਾਂ ਪ੍ਰਦੇਸ਼ਾਂ ਵਿਚ ਸਭ ਜਾਣਦੇ ਹੋਣ, ਮਹਾਰਾਜ ਕਹਿੰਦੇ ਜੇ ਤਾਂ ਤੂੰ ਭੁੱਲ ਗਿਆ ਤਾਂ, ਤਾਂ ਇਹ ਚੀਜ਼ਾਂ ਤੈਨੂੰ ਸੁੱਖ ਨਹੀਂ ਦੇਣਗੀਆਂ, ਸੁੱਖ ਦੀ ਥਾਂ ਤੇ ਤੈਨੂੰ ਘਬਰਾਹਟ ਵਿਚ, ਝੁੰਜਲਾਹਟ ਵਿਚ, ਚਿੰਤਾ 'ਚ, ਅੰਦੇਸ਼ਿਆਂ 'ਚ, ਕਲਪਨਾ 'ਚ ਲੈ ਜਾਣਗੀਆਂ ਤੇ ਮਨ ਟਿਕੇਗਾ ਨਹੀਂ। ਮਨ ਦੇ ਨਾ ਟਿਕਣ ਕਰਕੇ ਸੁੱਖ ਨਹੀਂ ਪ੍ਰਾਪਤ ਹੁੰਦਾ। ਸੋ ਸੁੱਖ ਤਾਂ ਪ੍ਰਾਪਤ ਹੁੰਦਾ ਹੈ ਜੇ ਸਦਾ ਵਾਹਿਗੁਰੂ ਨੂੰ ਯਾਦ ਰੱਖੇਂ। ਗੁਰੂ ਨਾਨਕ ਪਾਤਸ਼ਾਹ ਨੇ ਸਾਰੀਆਂ ਚੀਜ਼ਾਂ ਨੂੰ ਏਸ ਤਰ੍ਹਾਂ ਨਹੀਂ ਕਿਹਾ ਕਿ ਤਿਆਗ ਦਿਓ ਲੇਕਿਨ ਇਸ ਤਰ੍ਹਾਂ ਜ਼ਰੂਰ ਕਿਹਾ ਹੈ ਕਿ ਇਨ੍ਹਾਂ ਦੇ ਵਿਚ ਆ ਕੇ ਭੁੱਲੋ ਨਾ ਪ੍ਰਮੇਸ਼ਰ ਨੂੰ। ਕਿਉਂਕਿ ਮਹਾਰਾਜ ਦਾ ਜਿਹੜਾ ਮਤ ਹੈ ਇਹ ਗ੍ਰਹਿਸਤ ਉਦਾਸ ਹੈ, ਗ੍ਰਹਿਸਤ ਤਿਆਗ ਨਹੀਂ ਹੈ। ਗ੍ਰਿਹਸਤ ਤੇ ਵਿਚ ਸਾਰੀਆਂ ਹੀ ਚੀਜ਼ਾਂ ਆ ਜਾਂਦੀਆਂ ਨੇ, ਇਕੱਲੀ ਇਸਤ੍ਰੀ ਗ੍ਰਹਿਸਤ ਨਹੀਂ ਹੁੰਦਾ। ਆਪਣਾ ਸਰੀਰ ਵੀ ਆ ਜਾਂਦਾ ਹੈ। ਕਹਿੰਦੇ ਨੇ ਕਿ ਗ੍ਰਹਿਸਤ ਦੇ ਵਿਚ ਉਦਾਸ ਰਹਿਣਾ ਹੈ, ਨਿਰਲੇਪ ਰਹਿਣਾ ਹੈ। ਉਦਾਸ ਕਹਿੰਦੇ ਨੇ ਨਿਰਲੇਪ ਅਵਸਥਾ ਨੂੰ, ਟੁੱਟ ਕੇ ਰਹਿਣਾ ਹੈ ਇਹਦੇ ਨਾਲੋਂ। ਚੀਜ਼ਾਂ ਦਾ ਅਨੰਦ ਲੈਣਾ ਹੈ ਪਰ ਆਪਣੀਆਂ ਨਹੀਂ ਮੰਨਣੀਆਂ, ਉਨ੍ਹਾਂ ਦੇ ਵਿਚ ਗਰਕ ਨਹੀਂ ਹੋਣਾ, ਡੁੱਬਣਾ ਨਹੀਂ ਹੈ। ਫੇਰ ਤਾਂ ਇਹ ਬਹੁਤ ਵਧੀਆ ਨੇ ਜੇ ਇਹਦੇ ਵਿਚ ਭੁੱਲ ਗਏ ਨਾ ਪ੍ਰਮੇਸ਼ਰ ਨੂੰ ਤਾਂ ਮਹਾਰਾਜ ਚੇਤਾਵਨੀ ਦਿੰਦੇ ਨੇ ਏਸ ਤਰ੍ਹਾਂ -

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*

*ਅੰਗ - ੧੪*

ਦੁਨੀਆਂ ਦੇ ਵਿਚ ਚਾਰ ਚੀਜ਼ਾਂ - ਰਿਹਾਇਸ਼ ਬਹੁਤ ਵਧੀਆ ਹੋਵੇ ਐਨੀ ਵਧੀਆ ਹੋਵੇ ਕਿ ਸੰਗਮਰਮਰ ਨਾ ਲੱਗਿਆ ਹੋਵੇ ਉਹਦੀ ਥਾਂ ਤੇ ਮੋਤੀਆਂ ਦੇ ਨਾਲ ਜੜੇ ਹੋਣ, ਝਿਲਮਿਲ-ਝਿਲਮਿਲ ਕਰਕੇ ਹੋਣ ਹੀਰੇ ਜਵਾਹਰਾਤ ਵਿਚ ਜੜੇ ਹੋਏ। ਅੱਖ ਨਾ ਟਿਕਦੀ ਹੋਵੇ। ਐਨਾ ਸੋਹਣਾ ਰਿਹਾਇਸ਼ ਦਾ ਥਾਂ ਹੋਵੇ ਤੇ ਉਹਦੇ ਅੰਦਰੋਂ ਸੁਗੰਧੀਆਂ ਆਉਂਦੀਆਂ ਹੋਣ ਚੰਦਨ ਦੀਆਂ, ਹੋਰ ਅਨੇਕਾਂ ਕਿਸਮ ਦੀਆਂ ਖੁਸ਼ਬੂਆਂ। ਮਹਾਰਾਜ ਕਹਿੰਦੇ ਜੇ ਤਾਂ ਇਹਦੇ ਵਿਚ ਤੇਰੇ ਪ੍ਰਮੇਸ਼ਰ ਯਾਦ ਰਹਿ ਜਾਵੇ ਫੇਰ ਤਾਂ ਨਹੀਂ ਅਸੀਂ ਸ਼ਿਫਾਰਸ਼ ਕਰਦੇ ਕਿ ਤੂੰ ਛੱਡ ਦੇ ਇਹਨੂੰ। ਫੇਰ ਤਾਂ ਠੀਕ ਹੈ। ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਹੈ।

*ਰਾਜ ਲੀਲਾ ਤੇਰੈ ਨਾਮਿ ਬਨਾਈ ॥*
*ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥*

*ਅੰਗ - ੩੮੫*

ਰਾਜ ਲੀਲਾ ਨਾਮ ਦੀ ਬਰਕਤ ਨਾਲ ਬਣਨੀ ਹੈ। ਬਹੁਤ ਵਧੀਆ ਚੀਜ਼ ਹੈ। ਜੇ ਭੁੱਲ ਗਿਆ -

*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥* *ਅੰਗ - ੧੪*

ਜੇ ਨਾਮ ਨੂੰ ਭੁੱਲ ਗਿਆ ਫੇਰ ਭਾਈ ਇਹ ਬਹੁਤ ਮਾੜੀ ਗੱਲ ਹੈ। ਫੇਰ ਤਾਂ ਅਸੀਂ ਕਹਾਂਗੇ ਕਿ ਛੱਡ ਕੇ ਪਾਸੇ ਹੋ ਜਾ ਝੌਂਪੜੀ 'ਚ ਚਲਿਆ ਜਾਹ। ਫੇਰ ਨਾ ਇਹਦੇ 'ਚ ਰਹਿ ਕਿਉਂਕਿ ਜਿਹੜਾ ਤੇਰੇ ਜੀਵਨ ਦਾ ਪਰਮ ਮਨੋਰਥ ਹੈ ਉਹਦੇ ਵਿਚ ਇਹ ਰੁਕਾਵਟ ਪਾ ਰਹੀਆਂ ਨੇ। ਦੂਸਰਾ ਮਹਾਰਾਜ ਕਹਿੰਦੇ ਨੇ -

*ਧਰਤੀ ਤ ਹੀਰੇ ਲਾਲ ਜੜਤੀ*
*ਪਲਘਿ ਲਾਲ ਜੜਾਉ ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*

*ਅੰਗ - ੧੪*

ਪਲੰਘ ਲਾਲਾਂ ਦੇ ਨਾਲ ਜੜੇ ਹੋਏ ਰੋਸ਼ਨੀਆਂ ਦੇ ਰਹੇ ਨੇ ਰਾਤ ਨੂੰ। ਧਰਤੀ ਵੀ ਜੜੀ ਹੋਈ ਹੈ। ਡੈਕੋਰੇਸ਼ਨ ਕਰੀ ਹੋਈ ਹੈ ਪਾਰਕ ਦੇ ਵਿਚ। ਇਸਤਰੀਆਂ ਦੇ ਮਣੀਆਂ ਦੇ ਨਾਲ ਮੱਥੇ ਸੋਹਦੇ ਨੇ। ਉਹਦੇ ਨਾਲ 10 ਗੁਣਾਂ ਰੂਪ ਹੋਰ ਵਧ ਜਾਂਦਾ ਹੈ, ਕਿਉਂਕਿ ਉਹ ਚਮਕਦੀਆਂ ਹੁੰਦੀਆਂ ਨੇ। ਤੇ ਤੂੰ ਆਪਣੇ ਅਨੰਦ ਦੇ ਵਿਚ ਰਹਿੰਦਾ ਹੈਂ, ਜੇ ਤੂੰ ਭੁੱਲ ਗਿਆ ਪ੍ਰਮੇਸ਼ਰ ਨੂੰ ਤਾਂ ਤੂੰ ਇਨ੍ਹਾਂ ਨੂੰ ਵੀ ਛੱਡ ਦੇ।

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*

*ਅੰਗ - ੧੪*

ਰਿੱਧੀਆਂ ਸਿੱਧੀਆਂ, ਸ਼ਕਤੀਆਂ ਬੜੀ ਵੱਡੀ ਚੀਜ਼ ਨੇ। ਕੋਈ ਸ਼ਕਤੀ ਦਿਖਾਉਣ ਲੱਗ ਜਾਓ ਹਜ਼ਾਰਾਂ ਹੀ ਲੋਕ ਤੁਰੇ ਆਉਣਗੇ। ਬੇਅੰਤ ਭੇਟਾ ਚੜ੍ਹ ਜਾਣਗੀਆਂ, ਬੇਅੰਤ ਪਰਚਾ ਪੈ ਜਾਏਗਾ, ਬਹੁਤ ਵੱਡੇ ਇਕੱਠ ਹੋਣੇ ਸ਼ੁਰੂ ਹੋ ਜਾਣਗੇ। ਮਹਾਰਾਜ ਕਹਿੰਦੇ ਫੇਰ ਕੀ ਹੋਏਗਾ -

*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ - ੧੪*

ਲੋਕ ਦੂਰ-ਦੂਰ ਤੱਕ ਅਖਬਾਰਾਂ ਵਿਚ ਪੜ੍ਹਨਗੇ। ਟੈਲੀਵੀਜ਼ਨਾਂ ਵਾਲੇ ਤਸਵੀਰਾਂ ਲੈ ਕੇ ਜਾਣਗੇ। ਵਡਿਆਈ ਹੋਵੇ ਸੰਸਾਰ ਦੇ ਅੰਦਰ ਪਰ ਜੇ ਤੈਨੂੰ ਪ੍ਰਮੇਸ਼ਰ ਭੁੱਲ ਗਿਆ ਇਨ੍ਹਾਂ ਗੱਲਾਂ ਵਿਚ ਤਾਂ ਫੇਰ ਇਹ ਵੀ ਛੱਡ ਦੇ।

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ - ੧੪*

ਜੇ ਤੂੰ ਰਾਜਾ ਬਣ ਜਾਵੇਂ, ਦੇਸ਼ ਦਾ ਪ੍ਰੈਜ਼ੀਡੈਂਟ ਬਣ ਜਾਵੇਂ ਤੇ ਐਨਾ ਅਖਤਿਆਰ ਤੇਰੇ ਕੋਲ ਹੋਵੇ ਕਿ ਜਿਹੜਾ ਕੁਛ ਕਹਿ ਦੇਵੇਂ ਉਸੇ ਵੇਲੇ ਮੰਨਣਾ ਪਵੇ, ਕਾਨੂੰਨ ਦੀ ਕਿਤਾਬ ਕੋਈ ਨਾ ਹੋਵੇ ਕਿਉਂਕਿ ਕਾਨੂੰਨ ਤਾਂ ਬੰਨ੍ਹ ਲੈਂਦਾ ਹੈ ਰਾਜਿਆਂ ਨੂੰ। ਉਹਦੇ ਮੁਤਾਬਿਕ ਚਲਣਾ ਪੈਂਦਾ ਹੈ। ਕਾਨੂੰਨ ਦੀ ਕਿਤਾਬ ਵੀ ਕੋਈ ਲਾਗੂ ਨਾ ਹੋਵੇ। ਜੇ ਪ੍ਰਮੇਸ਼ਰ ਦਾ ਨਾਮ ਭੁੱਲਦਾ ਹੈਂ ਤਾਂ ਇਹ ਵੀ ਛੱਡ ਦੇ। ਵੱਡੇ-ਵੱਡੇ ਰਾਜਿਆਂ ਨੇ ਰਾਜ ਭਾਗ ਛੱਡ ਦਿਤੇ। ਭਰਥਰੀ ਵਰਗੇ ਰਾਜਿਆਂ ਨੇ, ਲੇਕਿਨ ਬਿਕਰਮਾਜੀਤ ਨੇ ਰਾਜ ਕਰਿਆ, ਰਾਜਾ ਜਨਕ ਨੇ ਰਾਜ ਕਰਿਆ। ਕਿਉਂਕਿ ਉਹ ਭੁੱਲੇ ਨਹੀਂ ਹਨ ਪ੍ਰਮੇਸ਼ਰ ਨੂੰ। ਉਨ੍ਹਾਂ ਨੂੰ ਪ੍ਰਮੇਸ਼ਰ ਵਾਲਾ ਪਾਸਾ ਜ਼ਿਆਦਾ ਸੀ, ਤੇ ਰਾਜ ਵਾਲਾ ਉਨ੍ਹਾਂ ਦਾ ਫਰਜ਼ ਬਣਦਾ ਸੀ, ਡਿਊਟੀ ਸੀ ਉਨ੍ਹਾਂ ਦੀ, ਉਹਦੇ ਵਿਚ ਗਰਕ ਨਹੀਂ ਸੀ ਹੁੰਦੇ, ਆਪਣੇ ਸਮਾਂ ਨਹੀਂ ਸੀ ਨਸ਼ਟ ਕਰਦੇ। ਮਹਾਰਾਜ ਕਹਿੰਦੇ ਨੇ ਕਿਉਂ ਅਸੀਂ ਤੁਹਾਨੂੰ ਬਾਰ-ਬਾਰ ਇਹ ਗੱਲਾਂ ਕਹਿੰਦੇ ਹਾਂ? ਇਸ ਕਰਕੇ ਕਹਿੰਦੇ ਹਾਂ ਕਿਉਂਕਿ ਪ੍ਰਮੇਸ਼ਰ ਦਾ ਨਾਮ ਜਿਸ ਹਿਰਦੇ ਵਿਚੋਂ ਵਿਸਰ ਜਾਵੇ, ਉਹਦੇ ਨਾਲ ਸੁੱਖਾਂ ਦਾ ਸੋਮਾ ਬੰਦ ਹੋ ਜਾਇਆ ਕਰਦਾ ਹੈ ਤੇ ਜਿਹੜਾ ਕੌਲ ਹੈ ਉਹ ਜਲ ਜਾਇਆ ਕਰਦਾ ਹੈ।

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਅੰਗ - ੧੪*

ਜੇ ਵਾਹਿਗੁਰੂ ਭੁੱਲ ਗਿਆ ਤਾਂ ਇਹ ਜਿਹੜਾ ਜੀਉੜਾ ਹੈ, ਕੌਲ ਫੁੱਲ ਹੈ ਅੰਦਰ ਕਹਿੰਦੇ ਉਹ ਜਲ ਬਲ ਜਾਂਦਾ ਹੈ, ਜੀਵ ਜਿਹੜਾ ਹੈ।

*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥*
*ਅੰਗ - ੧੪*

ਸੋ ਮਹਾਰਾਜ ਕਹਿੰਦੇ ਇਸ ਕਰਕੇ ਪ੍ਰੇਮੀਆ-

*ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥ਜਾ ਦਿਨਿ*
*ਬਿਸਰੈ ਪ੍ਰਾਨ ਸੁਖਦਾਤਾ ਸੋ ਦਿਨੁ ਜਾਤ ਅਜਾਏ ॥*
*ਅੰਗ - ੨੧੨*

ਸ਼ਰਣ ਵਿਚ ਆ ਜਾ। ਜਿਹੜੇ ਦਿਨ ਭੁੱਲ ਗਿਆ ਨਾ ਉਹ ਤੈਨੂੰ, ਚਾਹੇ ਵਿਆਹ 'ਚ ਗਿਆ ਹੋਇਆ ਹੈਂ, ਚਾਹੇ ਕਿਸੇ ਖੁਸ਼ੀਆਂ 'ਚ, ਚਾਹੇ ਕਿਸੇ ਦੇ ਬਰਥਡੇ ਦੇ ਪ੍ਰੋਗਰਾਮ ਤੇ ਗਿਆ ਹੋਇਆ ਹੈਂ, ਚਾਹੇ ਕਿਸੇ ਸੈਰ-ਸਪਾਟੇ ਦੇ ਪ੍ਰੋਗਰਾਮ ਤੇ ਗਿਆ ਹੈਂ, ਚਾਹੇ ਕੋਈ ਪਹਾੜਾਂ ਦੇ ਵਿਚ ਘੁੰਮਦਾ ਹੈ ਅਨੰਦ ਲੈਂਦਾ ਹੈ ਸਿਨਰੀਆਂ ਦੇ, ਜੇ ਤੇਰੀ ਬਿਰਤੀ ਪ੍ਰਮੇਸ਼ਰ ਤੋਂ ਅਲਾਹਿਦਾ ਹੋ ਗਈ, ਮਹਾਰਾਜ ਕਹਿੰਦੇ, ਉਹ ਦਿਨ ਤੇਰਾ ਐਵੇਂ ਹੀ ਚਲਿਆ ਗਿਆ।

*ਏਕ ਰੈਣ ਕੈ ਪਾਹੁਨ ਤੁਮ ਆਏ*
*ਬਹੁ ਜੁਗ ਆਸ ਬਧਾਏ ॥ ਅੰਗ - ੨੧੨*

ਇਕ ਰਾਤ ਦਾ ਤੂੰ ਪ੍ਰਾਹੁਣਾ ਆਇਆ ਹੈਂ ਸੰਸਾਰ ਦੇ ਅੰਦਰ। ਆਸਾ ਬੰਨ੍ਹੀਂ ਬੈਠਾ ਹੈਂ ਤੂੰ ਜੁਗਾਂ ਦੀਆਂ। ਮਹਾਰਾਜ ਕਹਿੰਦੇ ਨੇ ਕਿ ਦੇਖੋ! ਪਹਿਲੇ ਜਿਹੜੇ ਪੁਰਸ਼ ਹੋਇਆ ਕਰਦੇ ਸੀ, ਸਤਿਵਾਦੀ ਹੋਇਆ ਕਰਦੇ ਸੀ, ਸਤੋਗੁਣ ਦੇ ਵਿਚ ਰਿਹਾ ਕਰਦੇ ਸੀ। ਇਹ ਨਹੀਂ ਸੀ ਕਿ ਉਨ੍ਹਾਂ ਨੂੰ ਪ੍ਰਾਪਤ ਨਹੀਂ ਸੀ ਹੁੰਦਾ, ਲੇਕਿਨ ਉਨ੍ਹਾਂ ਦੀ ਬਿਰਤੀ ਐਨੀ ਅਰੂੜ੍ਹ ਸੀ ਕਹਿੰਦੇ ਨੇ -

*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ਅੰਗ - ੬੯੨*

ਮਾਰਕੰਡਾ ਰਿਸ਼ੀ ਵੱਡੀ ਉਮਰ ਵਾਲਾ ਗਿਣਿਆ ਗਿਆ ਹੈ, ਬਹੁਤ ਵੱਡੀ ਉਮਰ ਸੀ। ਲੇਕਿਨ ਰਿਹਾ ਕਿਵੇਂ? ਛਪਰੀ ਵਿਚ ਹੀ ਦਿਨ ਕੱਟ ਗਿਆ ਸਾਰੇ। ਜੇ ਉਹਨੂੰ ਕਿਹਾ ਕਿ ਰਿਸ਼ੀ ਜੀ, ਤੁਸੀਂ ਕੋਈ ਪੱਕਾ ਥਾਂ ਬਣਾ ਲਓ। ਕਹਿੰਦੇ ਲੈ ਕਿੰਨਾ ਕੁ ਭਰੋਸਾ ਹੈ ਉਮਰ ਦਾ। ਇਕ ਰਾਤ ਦੇ ਪ੍ਰਾਹੁਣੇ ਹੀ ਹਾਂ ਕੀ ਪਤਾ ਅੱਜ ਦਾ ਦਿਨ ਲੰਘ ਗਿਆ, ਕੱਲ੍ਹ ਦਾ ਆਉਣਾ ਹੈ ਕਿ ਨਹੀਂ ਆਉਣਾ।

*ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ॥*
*ਅੰਗ - ੨੧੨*

ਜਿੰਨਾਂ ਧਨ ਦਿਸਦਾ ਹੈ, ਮੰਦਰ ਦਿਸਦੇ ਨੇ, ਘਰ ਦਾ ਸਾਮਾਨ ਦਿਸਦਾ ਹੈ, ਇਹ ਪ੍ਰੇਮੀਆਂ ਕੁਛ ਵੀ ਨਹੀਂ ਹੈ ਇਹ ਤਾਂ ਜਿਵੇਂ ਦਰਖਤ ਦੀ ਛਾਂ ਬਦਲ ਜਾਂਦੀ ਹੈ ਨਾ ਐਉਂ ਬਦਲ ਜਾਂਦਾ ਹੈ। ਸਰੀਰ ਛੱਡ ਜਾਂਦਾ ਹੈ ਇਹ, ਫੇਰ ਕਿੱਥੇ ਜਾਂਦਾ ਹੈ ਸਭ? ਕਿਸੇ ਹੋਰ ਹੀ ਹੱਥ ਜਾਂਦਾ ਹੈ।

*ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ॥*
*ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ ॥*
*ਅੰਗ - ੨੧੨*

ਜਿੰਨੀ ਤੇਰੀ 'ਮੇਰੀ' ਹੈ, ਜਿੰਨੀਆਂ ਚੀਜ਼ਾਂ ਨੂੰ ਤੂੰ ਮੇਰੀਆਂ ਕਹਿੰਦਾ ਹੈਂ, ਤਨ ਤੇਰਾ, ਸੰਪੈ ਤੇਰੀ ਦੌਲਤ, ਜ਼ਮੀਨਾਂ ਜਾਇਦਾਦਾਂ ਸਭ ਚਲੀਆਂ ਜਾਂਦੀਆਂ ਨੇ। ਵਾਹਿਗੁਰੂ ਨੂੰ ਤੂੰ ਭੁੱਲਿਆ ਰਹਿੰਦਾ ਹੈਂ, ਇਨ੍ਹਾਂ ਦੇ ਉਤੇ ਤੇਰੀ ਪਕੜ ਮੇਰੀ-ਮੇਰੀ ਕਰਦਾ ਹੈਂ। ਇਹ ਇਕ ਅੱਖ ਦੇ ਪਲਕਾਰੇ

ਵਿਚ ਬੇਗਾਨੀਆਂ ਬਣ ਜਾਂਦੀਆਂ ਨੇ। ਰਹਿੰਦੀਆਂ ਨਹੀਂ ਹਨ। ਫੇਰ ਕੀ ਕਰੇਂਗਾ? ਭੂਤ ਬਣ ਕੇ ਇਨ੍ਹਾਂ ਵਿਚ ਰਹੇਂਗਾ। ਨਾਲੇ ਆਪ ਦੁਖੀ ਨਾਲ ਜਿਹੜਾ ਰਹੇਗਾ ਉਨ੍ਹਾਂ ਨੂੰ ਦੁਖੀ ਕਰੇਂਗਾ।

*ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ॥*
*ਅੰਗ - ੨੧੨*

ਇਸ਼ਨਾਨ ਕਰਕੇ ਵਧੀਆ ਤੋਂ ਵਧੀਆ ਕੱਪੜੇ ਪਾਉਂਦਾ ਹੈਂ, ਕਿਤੇ ਪਰਫਿਊਮ ਸਪਰੇਅ ਕਰਦਾ ਹੈ। ਮਹਾਰਾਜ ਕਹਿੰਦੇ ਪ੍ਰੇਮੀਆਂ ਜੇ ਵਾਹਿਗੁਰੂ ਤੇਰੇ ਯਾਦ ਹੈ ਫੇਰ ਤਾਂ ਠੀਕ ਹੈ। ਜੇ ਤੂੰ ਉਹਨੂੰ ਭੁੱਲ ਗਿਆ ਨਾ -

*ਨਿਰਭਉ ਨਿਰੰਕਾਰ ਨਹੀ ਚੀਨਿਆ*
*ਜਿਉ ਹਸਤੀ ਨਾਵਾਏ ॥ ਅੰਗ - ੨੧੨*

ਜਿਵੇਂ ਹਾਥੀ ਨੂੰ ਨਵਾ ਦਿਓ, ਉਹ ਮਿੱਟੀ ਫੇਰ ਆਪਣੇ ਉਪਰ ਪਾ ਲੈਂਦਾ ਹੈ। ਆਹੀ ਹਾਲ ਹੁੰਦਾ ਹੈ ਕਿਉਂਕਿ ਨਿਰਭਉ ਨਿਰੰਕਾਰ ਨੂੰ ਤੂੰ ਯਾਦ ਨਹੀਂ ਕੀਤਾ।

*ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ*
*ਸਭਿ ਸੁਖ ਹਰਿ ਕੇ ਨਾਏ ॥ ਅੰਗ - ੨੧੨*

ਇਥੇ ਮਹਾਰਾਜ ਸਾਨੂੰ ਜੁਗਤ ਦਸਦੇ ਨੇ ਕਿ ਜੇ ਵਾਹਿਗੁਰੂ ਕ੍ਰਿਪਾਲ ਹੋ ਜਾਵੇ, ਤਾਂ ਸਤਿਗੁਰੂ ਦਾ ਮੇਲਾ ਹੋ ਜਾਂਦਾ ਹੈ। ਉਹ ਸਤਿਗੁਰੂ ਕੀ ਕਰਦਾ ਹੈ? ਸਤਿਗੁਰੂ ਕੋਲ ਨਾਮ ਹੁੰਦਾ ਹੈ, ਨਾਮ ਦਾ ਭੰਡਾਰਾ ਹੁੰਦਾ ਹੈ, ਉਹ ਨਾਮ ਦੀ ਕਣੀ ਸਾਨੂੰ ਦੇ ਦਿੰਦਾ ਹੈ -

*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥ ਅੰਗ - ੨੬੨*

ਇਕ ਕਿਣਕਾ ਜਿਸਦੇ ਅੰਦਰ ਵਸ ਜਾਵੇ ਉਸਦੀ ਮਹਿਮਾ ਨਹੀਂ ਗਿਣੀ ਜਾਂਦੀ। ਉਹਦੇ ਨਾਲ ਕੀ ਹੁੰਦਾ ਹੈ?

*.......ਸਭਿ ਸੁਖ ਹਰਿ ਕੇ ਨਾਏ ॥ ਅੰਗ - ੨੧੨*

ਸਾਰੇ ਸੁੱਖਾਂ ਦਾ ਸੋਮਾ ਜੋ ਪ੍ਰਮੇਸ਼ਰ ਦਾ ਨਾਮ ਹੈ ਉਹ ਸਾਨੂੰ ਮਿਲ ਜਾਂਦਾ ਹੈ ਤੇ ਫੇਰ ਅਸੀਂ ਬੰਧਨਾਂ 'ਚੋਂ ਮੁਕਤ ਹੋ ਜਾਂਦੇ ਹਾਂ।

*ਮੁਕਤੁ ਭਇਆ ਬੰਧਨ ਗੁਰਿ*
*ਖੋਲੇ ਜਨ ਨਾਨਕ ਹਰਿ ਗੁਣ ਗਾਏ ॥ਅੰਗ - ੨੧੨*

ਜਿੰਨੇ ਬੰਧਨ ਨੇ, ਮਹਾਰਾਜ ਨੇ ਇਕ ਸ਼ਬਦ ਦੇ ਅੰਦਰ ਬੰਧਨ ਗਿਣੇ ਨੇ। ਜਿੰਨੀਆਂ ਆਪਣੇ ਸਰੀਰ ਦੇ ਨਾਲ ਲਗਾਓ ਵਾਲੀਆਂ ਚੀਜ਼ਾਂ ਦੇਖਦੇ ਓ ਨਾ, ਮਹਾਰਾਜ ਕਹਿੰਦੇ, ਸਭ ਬੰਧਨ ਨੇ। ਕਰਮ ਧਰਮ ਵੀ ਮਹਾਰਾਜ ਨੇ ਉਹਦੇ ਵਿਚ ਬੰਧਨ ਲਿਖਿਆ ਹੈ। ਪੁੱਤਰ, ਧੀਆਂ, ਮਾਂ-ਪਿਓ, ਰਿਸ਼ਤੇਦਾਰ, ਜਾਇਦਾਦਾਂ, ਅਹੁਦੇ, ਹੋਰ ਵੀ ਬਹੁਤ ਕੁਛ, ਮਹਾਰਾਜ ਨੇ ਪੂਰੇ ਸ਼ਬਦ ਦੇ ਵਿਚ ਉਨ੍ਹਾਂ ਬੰਧਨ ਬੰਧਨ ਲਿਖੀ ਗਏ ਨੇ। ਗੁਰੂ ਨੇ ਬੰਧਨ ਖੋਲ੍ਹ ਦਿਤੇ।

ਸੋ ਐਸੀ ਵਿਚਾਰ ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ ਹੁੰਦੇ, ਸੰਗਤ ਦੇ ਮੁਖੀ ਜਥੇਦਾਰ ਨੇ ਉਠ ਕੇ ਕਿਹਾ ਕਿ ਸੱਚੇ ਪਾਤਸ਼ਾਹ! ਅਸੀਂ ਬਹੁਤ ਯਤਨ ਕਰਦੇ ਹਾਂ, ਆਪ ਦੇ ਸਤਿਸੰਗ ਕਰਕੇ ਚਲੇ ਜਾਂਦੇ ਹਾਂ ਤੇ ਅਸੀਂ ਜਪ ਤਪ ਵੀ ਕਰਦੇ ਹਾਂ। ਜਾ ਕੇ ਉਪਨਿਸ਼ਦਾਂ, ਵੇਦਾਂਤ ਸ਼ਾਸਤਰ, ਨਿਆਏ ਸ਼ਾਸਤਰ, ਪਾਤੰਜਲ, ਸ਼ਾਂਖ ਸ਼ਾਸਤਰ, ਛੇਈ ਸ਼ਾਸਤਰ, ਚਾਰੇ ਵੇਦ ਪੜ੍ਹਦੇ ਹਾਂ, ਉਪਨਿਸ਼ਦਾਂ ਦੇ ਵਿਚੋਂ ਸਮਝਣ ਦਾ ਯਤਨ ਕਰਦੇ ਹਾਂ ਤੇ ਫੇਰ ਅਸੀਂ ਤੀਰਥਾਂ ਤੇ ਵੀ ਇਸ਼ਨਾਨ ਕਰਦੇ ਹਾਂ। ਪਰ ਆਪ ਕ੍ਰਿਪਾ ਕਰਕੇ ਸਾਨੂੰ ਕਿਸੇ ਰਸਤੇ ਪਾਓ ਕਿ ਕਿਸ ਤਰੀਕੇ ਨਾਲ ਇਹ ਭਵਜਲ ਤਰ ਹੁੰਦਾ ਹੈ। ਜੋ ਰਸਤਾ ਆਪ ਸਾਨੂੰ ਦੱਸੋਂਗੇ ਅਸੀਂ ਉਸ ਰਸਤੇ ਨੂੰ ਅਪਣਾਅ ਕੇ ਦਿਲੋਂ ਅਰਦਾਸ ਕਰਦੇ ਹਾਂ ਕਿ ਮਹਾਰਾਜ ਅਸੀਂ ਦੁਬਾਰਾ ਜਨਮ ਨਾ ਲਈਏ ਤੇ ਇਨ੍ਹਾਂ ਦੁਖਾਂ ਦਾ ਖਾਤਮਾ ਹੋ ਜਾਵੇ ਕਿਉਂਕਿ ਆਪ ਵਰਗਾ ਪੂਰਾ ਸਤਿਗੁਰੂ ਨਹੀਂ ਮਿਲ ਸਕਦਾ।

ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਧੂਰਾ ਹੁੰਦਾ ਹੈ ਨਾ ਜਿਹੜਾ ਵਿਚਕਾਰਲਾ ਉਹਨੂੰ ਫੜ ਲਓ ਤੁਸੀਂ। ਉਹ ਇਹ ਹੈ ਕਿ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਜੇ ਸਾਗਰ ਤਰਨਾ ਹੈਂ ਤਾਂ ਸੰਤਾਂ ਦਾ ਬਚਨ ਕਮਾ ਲਓ।

ਫੇਰ ਕਹਿਣ ਲੱਗੇ ਕਿ ਮਹਾਰਾਜ! ਜਿਹੜੇ ਅਸੀਂ ਜਪ ਤਪ ਕਰਦੇ ਹਾਂ। ਇਹ ਵੀ ਕਿਸੇ ਕੰਮ ਆਉਂਦੇ ਨੇ? ਮਹਾਰਾਜ ਕਹਿੰਦੇ, ਇਹ ਤਾਂ ਥੋੜ੍ਹਾ-ਥੋੜ੍ਹਾ ਹੈ ਜਿਵੇਂ ਕੋਈ ਰੁਪਈਆ ਜੇਬ ਵਿਚ ਪਾ ਲਵੇ, ਦੋ ਰੁਪਏ ਪਾ ਲਵੇ, ਦੱਸ ਪਾ ਲਵੇ, ਸਫਰ ਤੇ ਜਾਵੇ ਤਾਂ ਟਿਕਟ ਲੈਣਾ ਪੈਂਦਾ ਹੈ, ਰਾਹ ਵਿਚ ਖਾਣਾ ਪੈਂਦਾ ਹੈ, ਟੈਕਸ ਦੇਣੇ ਪੈਂਦੇ ਨੇ।

ਆਹ ਟਰੱਕਾਂ ਵਾਲੇ ਚਲਦੇ ਨੇ ਜਿਵੇਂ ਆਸਾਮ ਤੋਂ ਇਥੇ ਆਉਂਦੇ ਤਕ ਦੋ ਤਿੰਨ ਹਜ਼ਾਰ ਰੁਪਈਆ ਰਾਹ ਵਿਚ ਹੀ ਵੰਡ ਆਉਂਦੇ ਨੇ। ਪੁਲਿਸ ਵਾਲੇ ਵੀ ਮੰਗੀ ਜਾਂਦੇ ਨੇ।

ਐਵੇਂ ਜਿਵੇਂ ਨਾ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਅੰਗ - ੨੬੪*

ਜਿਹਦਾ ਰਸਤਾ ਐਨਾ ਲੰਮਾ ਹੈ ਜਿਹਦੇ ਕੋਹ ਗਿਣਨੇ ਹੀ ਔਖੇ ਨੇ, ਉਥੇ ਕਹਿੰਦੇ ਬਹੁਤ ਲੁੱਟ ਮਚੀ ਹੋਈ ਹੈ, ਇਹ ਜਿਹੜੇ ਜਪ ਤਪ ਤੁਸੀਂ ਕਰਦੇ ਓਂ ਨਾ ਇਹ ਜ਼ੀਰੋ ਹੁੰਦੇ ਨੇ, ਥੋੜ੍ਹੀ-ਥੋੜ੍ਹੀ ਕੀਮਤ ਤਾਂ ਹੁੰਦੀ ਹੈ, ਥੋੜ੍ਹੀ ਕੀਮਤ ਵਾਲੀ ਚੀਜ਼ ਜੇ ਤੁਹਾਡੇ ਪੱਲੇ ਜਾਏਗੀ ਤਾਂ ਇਹ ਰਾਹ ਵਿਚ ਲੁੱਟੀ ਜਾਣੀ ਹੈ -

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ ॥ ਅੰਗ - ੭੪੭*

ਮਹਾਰਾਜ ਕਹਿਣ ਲੱਗੇ ਕਿ ਇਹ ਜਿਹੜੇ ਜਪ ਤਪ ਕਰਦੇ ਨੇ ਇਹ ਇਥੇ ਰਾਹ ਵਿਚ ਹੀ ਲੁੱਟੇ ਜਾਂਦੇ ਨੇ।

*ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਅੰਗ - ੨੧੬*

ਵਾਹਿਗੁਰੂ ਦੇ ਨਾਮ ਤੋਂ ਬਗੈਰ ਜਿੰਨੀ ਕ੍ਰਿਆ ਹੈ ਨਾ ਸਭ ਬਿਰਥੀ ਹੈ। ਕਿਉਂਕਿ ਬਿਰਥੀ ਹੈ?

*ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥*
*ਅੰਗ - ੨੧੬*

ਜਿੰਨੇ ਜਪ ਤਕ ਕਮਾਉਂਦੇ ਓਂ, ਕਮਾਏ ਹੋਏ ਨੇ ਇਹ ਰਾਹ ਵਿਚ ਲੁੱਟੇ ਜਾਂਦੇ ਨੇ।



**ਬਾਬਾ ਬੁੱਢਾ ਜੀ, ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦੋ ਤਲਵਾਰਾਂ ਮੀਰੀ ਤੇ ਪੀਰੀ ਦੀ ਪਹਿਨਾਉਂਦੇ ਹੋਏ।**

ਸਾਡੀ ਇਕ ਰਿਸ਼ਤੇਦਾਰ ਸੀ ਉਹ ਚੜ੍ਹਾਈ ਕਰ ਗਈ, ਉਸ ਤੋਂ ਬਾਅਦ ਕਿੰਨੀ ਦੇਰ ਮਰੀ ਪਈ ਰਹੀ। ਸੁਰਜੀਤ ਕੌਰ ਸੀ ਉਹਦਾ ਨਾਉਂ। ਫੇਰ ਕਾਫੀ ਦੇਰ ਤੋਂ ਬਾਅਦ ਜਦੋਂ ਤਿਆਰੀ ਕਰ ਲਈ ਕਿ ਹੁਣ ਸਸਕਾਰ ਕਰੀਏ। ਉਹ ਅਚਾਨਕ ਜੀਉਂਦੀ ਹੋ ਗਈ।

ਇਕ ਵਾਰੀ ਮੈਂ ਉਹਨੂੰ ਪੁਛਿਆ ਕਿ ਬੀਬੀ! ਜੰਗਲਾਂ ਵਿਚ ਰਹਿੰਦੇ ਓਂ ਤੁਸੀਂ ਕਿ ਤੈਨੂੰ ਐਨਾ ਪਿਆਰ ਕਿਵੇਂ ਹੋ ਗਿਆ ਗੁਰੂ ਦੇ ਨਾਲ? ਤੂੰ ਹਰ ਸਤਿਸੰਗ 'ਚ ਆਉਂਦੀ ਹੈਂ, ਦੂਰ-ਦਰਾਜ਼ ਤੋਂ ਆਉਂਦੀ ਹੈਂ, ਐਨਾ ਆਉਣਾ ਔਖਾ ਹੈ, ਟੁੱਟਿਆ ਜਿਹਾ ਸਾਇਕਲ ਹੋਣਾ ਵਿਚਾਰਿਆਂ ਕੋਲ, ਪਰ ਲਗਨ ਐਨੀ ਪੱਕੀ ਸੀ ਜਿਥੇ ਜਾ ਕੇ ਸਾਰਿਆਂ ਦੇ ਸਫਰ ਮੁੱਕ ਜਾਣੇ ਉਥੋਂ ਵੀ ਅੱਠ-ਦੱਸ ਮੀਲ ਅੱਗੇ ਸੀਗੇ, ਹਨ੍ਹੇਰਾ ਹੋ ਜਾਣਾ।

ਮੈਂ ਪੁਛਿਆ ਕਿ ਤੁਹਾਨੂੰ ਕਿੱਥੋਂ ਐਨੀ ਲਗਨ ਲੱਗ ਗਈ? ਕਦੇ ਨਾਗਾ ਨਹੀਂ ਪਾਉਂਦੇ, ਖੇਤੀ ਵੀ ਤੁਸੀਂ ਕਰਦੇ ਓਂ, ਹੋਰ ਕੰਮ ਵੀ ਕਰਦੇ ਓਂ।

ਕਹਿਣ ਲੱਗੀ ਕਿ ਮੈਂ ਚੜ੍ਹਾਈ ਕਰ ਗਈ ਸੀ। ਚੜ੍ਹਾਈ ਕਰੀ ਹੋਈ ਨੂੰ ਮੈਨੂੰ ਜਦੋਂ ਲੈ ਕੇ ਜਾ ਰਹੇ ਨੇ, ਉਸ ਵੇਲੇ ਰਸਤੇ ਵਿਚ ਨਦੀ ਆ ਗਈ, ਬਹੁਤ ਭਿਆਨਕ ਨਦੀ ਮੇਰੇ ਤੋਂ ਲੰਘ ਨਾ ਹੋਵੇ ਉਹ, ਉਥੇ ਮੈਂ ਖੜ੍ਹੀ ਸੀ, ਉਹ ਕਹਿਣ ਲੰਘ ਅੱਗੇ। ਮੈਂ ਦੇਖਦੀ ਹਾਂ ਕਿ ਬਦਬੂਦਾਰ ਨਦੀ ਹੈ, ਜਾਨਵਰ ਵਿਚ ਫਿਰਦੇ ਨੇ ਵੱਡੇ-ਵੱਡੇ ਮਗਰਮੱਛ ਮੂੰਹ ਅੱਡੀ ਖੜ੍ਹੇ ਨੇ। ਐਨੇ ਨੂੰ ਮੈਂ ਕੀ ਦੇਖਦੀ ਹਾਂ ਕਿ ਇਕ ਛੋਟੀ ਜਿਹੀ ਕਿਸ਼ਤੀ ਲੈ ਕੇ ਚਿੱਟੇ ਕਪੜਿਆਂ ਵਾਲੀ ਕੋਈ ਬੀਬੀ ਆ ਗਈ। ਕਹਿੰਦੀ, ਭੈਣ ਆ ਜਾ ਬਹਿ ਜਾ ਇਹਦੇ ਵਿਚ। ਮੈਂ ਬਹਿ ਗਈ, ਉਹਨੇ ਪਾਰ ਲੰਘਾ ਦਿਤਾ ਮੈਨੂੰ। ਕਹਿੰਦੀ, ਮੈਂ ਉਹਨੂੰ ਪੁਛਿਆ ਕਿ ਤੂੰ ਤਾਂ ਮੈਨੂੰ ਜਾਣਦੀ ਨਹੀਂ, ਨਾ ਮੈਂ ਤੈਨੂੰ ਜਾਣਦੀ ਹਾਂ। ਐਹੋ ਜਿਹੇ ਭਿਆਨਕ ਭਵਸਾਗਰ ਦੇ ਵਿਚ ਤੂੰ ਮੈਨੂੰ ਲੰਘਾਉਣ ਵਾਸਤੇ ਕਿਵੇਂ ਆ ਗਈ। ਦੇਖ ਕਿਵੇਂ ਛੱਲਾਂ ਆਉਂਦੀਆਂ ਨੇ, ਕਿੰਨੇ ਜਾਨਵਰ ਫਿਰਦੇ ਨੇ। ਉਹ ਕਹਿਣ ਲੱਗੀ ਕਿ ਤੂੰ ਤਾਂ ਨਹੀਂ ਮੈਨੂੰ ਜਾਣਦੀ ਪਰ ਮੈਂ ਤੈਨੂੰ ਜਾਣਦੀ ਹੈ। ਮੈਂ ਪੁਛਿਆ ਕਿ ਕਿਵੇਂ? ਮੈਨੂੰ ਯਾਦ ਕਰਾ ਦੇ, ਮੈਨੂੰ ਕੋਈ ਪਤਾ ਨਹੀਂ ਕਿ ਮੈਂ ਮਰੀ ਹੋਈ ਹਾਂ। ਓਧਰਲਾ ਪਾਸਾ ਸੱਚਾ ਲਗਦਾ ਹੈ, ਓਧਰਲਾ ਝੂਠਾ ਹੋ ਗਿਆ ਜਿਵੇਂ ਸੁੱਤੇ ਪਏ ਆਦਮੀ ਨੂੰ ਜਾਗ ਆ ਜਾਏ, ਪਹਿਲੀਆਂ ਸਭ ਚੀਜ਼ਾਂ ਗਾਇਬ ਹੋ ਜਾਂਦੀਆਂ ਨੇ, ਨਵਾਂ ਸਮਾਂ ਆ ਜਾਂਦਾ ਹੈ। ਕਹਿੰਦੀ, ਮੈਂ ਤੇਰੇ ਯਾਦ ਮੈਂ, ਇਕ ਵਾਰੀ ਇਕ ਚਿੜੀ ਫਸ ਗਈ ਸੀ ਬੇਰੀ 'ਤੇ, ਬੱਚਿਆਂ ਨੇ ਧਾਗਾ ਬੰਨ੍ਹ ਦਿਤਾ ਉਹਦੇ ਵਿਚ ਪੱਕਾ ਤੇ ਧਾਗਾ ਫਸ ਗਿਆ ਟਾਹਣੀਆਂ 'ਚ, ਦੁਖੀ ਹੋ ਕੇ

ਵਿਚਾਰੀ ਚੀਂ-ਚੀਂ ਕਰਦੀ ਰਹੀ। ਦਿਨ ਲੰਘ ਗਿਆ ਤੇ ਰਾਤ ਲੰਘ ਗਈ ਤੇ ਉਹ ਆਵਾਜ਼ ਦੇਈ ਗਈ। ਤੂੰ ਥਾਂਉਂ ਸੰਭਰਦੀ-ਸੰਭਰਦੀ ਨੇ ਉਤੇ ਨੂੰ ਦੇਖਿਆ ਤੇ ਉਸ ਵੇਲੇ ਤੂੰ ਮੇਜ ਚੁੱਕ ਕੇ ਲਿਆ ਕੇ, ਕੈਂਚੀ ਨਾਲ ਧਾਗਾ ਕੱਟ ਦਿਤਾ ਤੇ ਉਹ ਜੀਵ ਜਿਹੜਾ ਉਡਿਆ ਸੀ ਉਹਦਾ ਪੁੰਨ ਬਣ ਗਿਆ। ਮੈਂ ਉਹ ਪੁੰਨ ਹਾਂ ਤੈਨੂੰ ਲੰਘਾਉਣ ਵਾਸਤੇ ਆਈ ਹਾਂ। ਤੇਰਾ ਪੁੰਨ ਜਿਹੜਾ ਸੀ ਉਹ ਅੱਗੇ ਬਾਕੀ ਨਹੀਂ ਬਚਿਆ, ਉਹ ਇਥੇ ਜਿਵੇਂ ਟੈਕਸ ਦੇਈਦਾ ਹੈ ਐਉਂ ਟੈਕਸ ਦੇ ਦਿਤਾ।

ਉਸ ਤੋਂ ਬਾਅਦ ਮੈਨੂੰ ਧਰਮਰਾਜ ਕੋਲ ਲੈ ਗਏ, ਉਸ ਨੇ ਕਿਹਾ ਕਿ ਇਹਨੂੰ ਨਹੀਂ ਸੀ ਲਿਆਉਣਾ, ਇਹ ਤਾਂ ਨਾਲ ਲਗਦੇ ਹੋਰ ਹੈ ਉਹ ਲੈ ਕੇ ਆਓ। ਮੈਨੂੰ ਛੱਡ ਗਏ ਤੇ ਘਰ ਤੇ ਪਿਛਲੇ ਪਾਸੇ ਘਰ 'ਚੋਂ ਰੋਣ ਦੀ ਆਵਾਜ਼ ਆਉਣ ਲਗ ਤੇ ਉਹ ਚੜ੍ਹਾਈ ਕਰ ਗਈ।

ਇਹ ਗੱਲਾਂ ਇਸ ਕਰਕੇ ਮੰਨ ਲਈਦੀਆਂ ਨੇ ਕਿ ਇਹ ਨਾਲ ਪ੍ਰਤੱਖ ਹੁੰਦਾ ਹੈ ਕਿ ਇਕ ਨੂੰ ਛੱਡ ਕੇ ਦੂਜੇ ਨੂੰ ਲੈ ਜਾਂਦੇ ਨੇ। ਇਕ ਨਹੀਂ ਸੈਂਕੜਿਆਂ ਦੇ ਤਾਦਾਦ ਵਿਚ ਇਹ ਗੱਲਾਂ ਨੇ। ਉਹ ਸਾਡੇ ਨਿਹਚੇ ਨੂੰ ਬੰਨ੍ਹਾਉਣ ਵਾਸਤੇ, ਪ੍ਰਮੇਸ਼ਰ ਆਪਣਾ ਕੌਤਕ ਕਿਤੇ-ਕਿਤੇ ਨੰਗਾ ਕਰਕੇ ਦਿਖਾ ਦਿੰਦਾ ਹੈ ਕਿ ਤੁਸੀਂ ਹੁਣ ਤਾਂ ਸਮਝ ਲਓ। ਪਰ ਸਾਡੇ ਤੇ ਅਸਰ ਕੀ ਹੁੰਦਾ ਹੈ? ਥੋੜ੍ਹੀ ਦੇਰ ਲਈ ਤਾਂ ਅਸਰ ਹੁੰਦਾ ਹੈ, ਫੇਰ ਅਸੀਂ ਭੁੱਲ ਜਾਂਦੇ ਹਾਂ, ਯਾਦ ਹੀ ਨਹੀਂ ਰਹਿੰਦਾ। ਕੋਈ ਸਾਧੂ ਮਹਾਂਪੁਰਸ਼, ਕੋਈ ਮਿਹਰਬਾਨੀ ਕਰ ਦੇਵੇ, ਕੋਈ ਉਹਦਾ ਕੌਤਕ ਦੇਖ ਲਿਆ ਪ੍ਰਤੱਖ ਉਹ ਜਦੋਂ ਤਾਂ ਯਾਦ ਰਹਿੰਦਾ ਹੈ, ਇਕ ਅੱਧਾ ਦਿਨ ਮੁੜ ਕੇ ਫੇਰ ਭੁੱਲ ਜਾਂਦੇ ਹਾਂ।

ਸੋ ਮਹਾਰਾਜ ਕਹਿੰਦੇ ਇਹ ਜਪ, ਤਪ, ਸੰਜਮ ਤਾਂ ਇਥੇ ਹੀ ਲੁੱਟੇ ਜਾਂਦੇ ਨੇ।

***ਬਰਤ ਨੇਮ ਸੰਜਮ ਮਹਿ ਰਹਤਾ***
***ਤਿਨ ਕਾ ਆਢੁ ਨ ਪਾਇਆ ॥***
***ਆਗੈ ਚਲਣੁ ਅਉਰੁ ਹੈ ਭਾਈ***
***ਊਂਹਾ ਕਾਮਿ ਨ ਆਇਆ ॥ ਅੰਗ - ੨੧੬***



ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਨੇ 52 ਰਾਜੇ ਜੋ ਗਵਾਲੀਅਰ ਜੇਲ ਵਿਚ ਕੈਦ ਸਨ ਨੂੰ ਰਿਹਾ ਕਰਵਾਇਆ ਗੁਰੂ ਜੀ ਨੂੰ 'ਬੰਦੀ-ਛੋੜ ਗੁਰੂ ਕਿਹਾ ਜਾਣ ਲੱਗਿਆ।

ਇਹਦਾ ਮੁੱਲ ਕੀ ਹੈ? ਜ਼ੀਰੋ ਦਾ ਕੀ ਮੁੱਲ ਹੁੰਦਾ ਹੈ, ਏਕਾ ਲੱਗ ਜਾਵੇ ਤਾਂ ਮੁੱਲ 10 ਗੁਣਾਂ ਵਧ ਜਾਂਦਾ ਹੈ, ਨਹੀਂ ਤਾਂ ਕੁੱਛ ਵੀ ਨਹੀਂ ਹੁੰਦਾ। ਸੋ ਜਿਹੜੇ ਵਰਤ, ਨੇਮ, ਸੰਜਮ ਕਰਦਾ ਹੈ ਨਾ ਇਨ੍ਹਾਂ ਦਾ ਮੁੱਲ ਨਹੀਂ ਪੈਂਦਾ ਹੈ, ਕਿਉਂਕਿ ਇਹ ਕਹਿੰਦਾ ਹੈ ਕਿ ਮੈਂ ਵਰਤ ਕਰਦਾ ਹਾਂ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਅੰਗ - ੧੪੨੮***

ਮਹਾਰਾਜ ਕਹਿੰਦੇ, ਅਗਲੀ ਗੱਲ ਸਮਝੋ।

***ਆਗੈ ਚਲਣੁ ਅਉਰੁ ਹੈ ਭਾਈ***
***ਊਂਹਾ ਕਾਮਿ ਨ ਆਇਆ ॥ ਅੰਗ - ੨੧੬***

ਉਥੇ ਤਾਂ ਹੋਰ ਵਰਤਾਰਾ ਹੈ, ਇਹ ਵਰਤਾਰਾ ਸੰਸਾਰ ਵਾਲਾ ਉਥੇ ਨਹੀਂ ਹੈ। ਇਸ ਕਰਕੇ ਮਹਾਰਾਜ ਕਹਿੰਦੇ ਇਹ ਚੀਜ਼ਾਂ ਕੰਮ ਨਹੀਂ ਆਉਂਦੀਆਂ।

***ਤੀਰਥਿ ਨਾਇ ਅਰੁ ਧਰਨੀ ਭ੍ਰਮਤਾ***
***ਆਗੈ ਠਉਰ ਨ ਪਾਵੈ ॥ ਅੰਗ - ੨੧੬***

ਤੀਰਥਾਂ ਤੇ ਨਾਹੁੰਦਾ ਫਿਰਦਾ ਹੈ, ਅੱਗੇ ਇਨ੍ਹਾਂ ਨੂੰ ਮਹੱਤਤਾ ਨਹੀਂ ਦਿਤੀ ਜਾਂਦੀ।

***ਊਹਾ ਕਾਮਿ ਨ ਆਵੈ ਇਹ ਬਿਧਿ***
***ਓਹੁ ਲੋਗਨ ਹੀ ਪਤੀਆਵੈ ॥ ਅੰਗ - ੨੧੬***

ਲੋਕਾਂ ਵਿਚ ਬੜਾ ਹੋ ਜਾਏਗੀ ਕਿ ਜੀ ਹਰ ਸਾਲ ਜਾਂਦਾ ਹੈ ਨਾਹੁੰਣ, ਹਰ ਸਾਲ ਦਰਸ਼ਨ ਕਰਦਾ ਹੈ, ਇਹ ਤਾਂ ਲੋਕਾਂ ਨੂੰ ਪਤਿਆਉਂਦਾ ਹੈ ਉਹ ਇਹ ਗੱਲਾਂ ਕੰਮ ਨਹੀਂ ਆਉਂਦੀਆਂ।

***ਚਤੁਰ ਬੇਦ ਮੁਖ ਬਚਨੀ ਉਚਰੈ***
***ਆਗੈ ਮਹਲੁ ਨ ਪਾਈਐ ॥ ਅੰਗ - ੨੧੬***

ਤੇ ਵੇਦ ਦੀ ਬਾਨੀ ਜ਼ੁਬਾਨੀ ਯਾਦ ਹੋਵੇ। ਐਨੀ ਗੱਲ ਨਾਲ ਹੀ ਅੱਗੇ ਥਾਉਂ ਨਹੀਂ ਮਿਲਦਾ।

***ਬੂਝੈ ਨਾਹੀ ਏਕੁ ਸੁਧਾਖਰੁ***
***ਓਹੁ ਸਗਲੀ ਝਾਖ ਝਖਾਈਐ ॥ ਅੰਗ - ੨੧੬***

ਕਿਉਂਕਿ ਉਹਨੇ ਏਕੇ ਨੂੰ ਨਹੀਂ ਬੁਝਿਆ –

***ਨਾਨਕ ਲੇਖੈ ਇਕ ਗਲ***
***ਹੋਰੁ ਹਉਮੈ ਝਖਣਾ ਝਾਖ ॥*** ***ਅੰਗ - ੪੬੭***
***ਨਾਨਕੁ ਕਹਤੋ ਇਹੁ ਬੀਚਾਰਾ***
***ਜਿ ਕਮਾਵੈ ਸੁ ਪਾਰ ਗਰਾਮੀ ॥*** ***ਅੰਗ - ੨੧੬***

ਮਹਾਰਾਜ ਕਹਿੰਦੇ ਇਹ ਵਿਚਾਰ ਤੁਹਾਨੂੰ ਅਸੀਂ ਦੱਸਦੇ ਹਾਂ। ਜਿਹੜਾ ਵੀ ਕਮਾ ਲਏਗਾ ਉਹ ਪਾਰਗਰਾਮੀ ਹੋਏਗਾ। ਉਹ ਇਹ ਹੈ ਕਿ ਏਕ ਸੁਧਾਖਰ ਨੂੰ ਬੁਝ ਲਵੇ। ਉਹ ਗੱਲ ਕਿਹੜੀ ਹੈ? ਜੇ ਤੁਸੀਂ ਪ੍ਰਾਪਤੀ ਕਰਨੀ ਹੈ ਉਹਦੇ ਬਾਰੇ ਮਹਾਰਾਜ ਐਸ ਤਰ੍ਹਾਂ ਫੁਰਮਾਨ ਕਰਦੇ ਨੇ –

***ਗੁਰੁ ਸੇਵਹੁ ਅਰੁ ਨਾਮੁ ਧਿਆਵਹੁ***
***ਤਿਆਗਹੁ ਮਨਹੁ ਗੁਮਾਨੀ ॥***
***ਅੰਗ - ੨੧੬***



**ਧੰਨ ਧੰਨ ਸਾਹਿਬ ਸ੍ਰੀ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਸ਼ੇਰ ਦਾ ਸ਼ਿਕਾਰ ਕਰਦੇ ਹੋਏ।**

ਗੁਰੂ ਦੀ ਸੇਵਾ ਵੀ ਕਰੋ ਤੇ ਨਾਮ ਵੀ ਧਿਆਵਹੁ, ਲੇਕਿਨ ਜਿਹੜਾ ਮਨ ’ਚ ਗੁਮਾਨ ਪਿਆ ਹੋਇਆ ਹੈ, ਹੰਗਤਾ ਪਈ ਹੋਈ ਹੈ, ਮਮਤਾ ਪਈ ਹੋਈ ਹੈ, ਇਹਨੂੰ ਛੱਡ ਦਿਓ। ਜਿੰਨੀ ਦੇਰ ਤੱਕ ਇਹ ਨਹੀਂ ਛੱਡ ਹੁੰਦੀ ਓਨੀਂ ਦੇਰ ਤੱਕ ਕੁਛ ਬਣਿਆ ਨਹੀਂ ਕਰਦਾ। ਮਾਨ ਦੇ ਤਿਆਗ ਕਰਨਾ ਤੇ ਗੁਰੂ ਦੀ ਸੇਵਾ ਕਰਨੀ ਤੇ ਨਾਮ ਜਪਣਾ। ਤਿੰਨ ਸਾਧਨ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਓਸ ਸੰਗਤ ਨੂੰ ਦੱਸਣ ਤੋਂ ਬਾਅਦ ਫੁਰਮਾਇਆ ਕਿ ਜਿਹੜਾ ਮਨ ਦਾ ਗੁਮਾਨ ਹੈ ਨਾ, ਜਿਹਨੂੰ ਹਉਮੈ ਕਹਿੰਦੇ ਨੇ, ਇਹ ਜੀਵ ਦਾ ਬੰਧਨ ਹੈ।

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***
***ਅੰਗ - ੪੬੬***

ਕੋਈ ਵਿਰਲਾ ਪੁਰਸ਼ ਹੈ ਜਿਹੜਾ ਹਉਮੈ ਤੋਂ ਬਚ ਸਕਦਾ ਹੈ ਨਹੀਂ ਤਾਂ ਸਾਰਾ ਸੰਸਾਰ ਹਉਮੈ ਵਿਚ ਹੀ ਨੇਕੀਆਂ ਕਰ ਰਿਹਾ ਹੈ, ਹਉਮੈ ਵਿਚ ਹੀ ਪੁੰਨ ਕਰ ਰਿਹਾ ਹੈ, ਜਿੰਨੇ ਕਰਮ ਨੇਕ ਕਰਦਾ ਹੈ ਸਭ ਹਉਮੈ ਵਿਚ ਕਰ ਰਿਹਾ ਹੈ। ਹਉਮੈ ਦੇ ਨਾਲ ਜਿਹੜੇ ਨੇਕ ਕਰਮ ਨੇ ਸੋਨੇ ਦੀਆਂ ਹੱਥਕੜੀਆਂ ਹੁੰਦੀਆਂ ਨੇ, ਬੁਰੇ ਕਰਮ ਲੋਹੇ ਦੀਆਂ ਹੱਥਕੜੀਆਂ ਹੁੰਦੀਆਂ ਨੇ, ਹੱਥਕੜੀਆਂ ਦੋਵੇਂ ਮਾੜੀਆਂ ਨੇ। ਉਹ ਪੈਂਦੀਆਂ ਨੇ ਹਉਮੈ ਨੂੰ, ਹੋਰ ਕਿਸੇ ਨੂੰ ਨਹੀਂ ਪੈਂਦੀਆਂ। ਇਹ ਪਰ ਮਿੱਠੀ ਬਹੁਤ ਹੈ, ਏਸ ਤੋਂ ਮਨ ਹਟਦਾ ਨਹੀਂ ਹੈ।

***ਹੈ ਕੋਈ ਐਸਾ ਹਉਮੈ ਤੋਰੈ ॥***
***ਇਸੁ ਮੀਠੀ ਤੇ ਇਹੁ ਮਨੁ ਹੋਰੈ ॥*** ***ਅੰਗ - ੨੧੨***

ਮਹਾਰਾਜ ਨੇ ਸਵਾਲ ਕਰਿਆ ਹੈ ਕਿ ਹੈ ਕੋਈ ਐਸਾ ਜੋ ਹਉਮੈ ਨੂੰ ਤੋੜ ਦੇਵੇ। ਇਸ ਮਿੱਠੀ ਹਉਮੈ ਤੋਂ ਮਨ ਨੂੰ ਹਟਾਉਣ ਵਾਲਾ ਕੋਈ ਹੈ ਐਸਾ ਬੰਦਾ।

***ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥***
***ਅੰਗ - ੨੧੨***

ਜਿਹੜੀ ਚੀਜ਼ ਨਹੀਂ ਚਾਹੀਦੀ, ਉਹ ਕਹਿੰਦਾ ਹੈ ਕਿ ਮੈਨੂੰ ਆਹ ਵੀ ਮਿਲ ਜਾਏ, ਆਹ ਵੀ ਮਿਲ ਜਾਏ, ਮਹਾਰਾਜ ਕਹਿੰਦੇ ਐਨਾ ਅਗਿਆਨੀ ਮਨੁਖ ਹੋ ਗਿਆ।

***ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ॥ ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ ॥***
***ਅੰਗ - ੨੧੨***

ਜਿਹੜੀ ਉਮਰ ਦੀ ਰੈਣ ਲੰਘੀ ਜਾ ਰਹੀ ਹੈ, ਉਹ ਕਾਲੀ ਰਾਤ ਹੈ। ਹਉਮੈ ਦਾ ਬੰਨ੍ਹਿਆ ਹੋਇਆ ਭਰਮਦਾ-ਭਰਮਦਾ –

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥***
***ਅੰਗ - ੧੭੬***

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***
***ਅੰਗ - ੧੫੬***

*...........ਅਨਿਕ ਬਿਧੀ ਕਰਿ ਟੋਰੈ ॥*

***ਅੰਗ - ੨੧੨***

ਅਨੇਕਾਂ ਤਰੀਕਿਆਂ ਦੇ ਨਾਲ ਟੋਲ੍ਹਦਾ ਫਿਰਦਾ ਹੈ ਜਿਹੜੀ ਚੀਜ਼ ਨਹੀਂ ਮਿਲਦੀ।

***ਕਹੁ ਨਾਨਕ ਕਿਰਪਾ ਭਈ ਸਾਧਸੰਗਤਿ ਨਿਧਿ ਮੋਰੈ॥***

***ਅੰਗ - ੨੧੨***

ਜਿਹਦੇ ਉਤੇ ਕ੍ਰਿਪਾ ਹੋ ਗਈ ਉਹਨੂੰ ਸਾਧਸੰਗਤ ਦਾ ਖਜ਼ਾਨਾ ਮਿਲ ਗਿਆ। ਸਾਧੂ ਫੇਰ ਕਹਿੰਦਾ ਹੈ ਕਿ ਹਉਮੈ ਨੂੰ ਕੱਟ ਦੇ। ਜਿਨ੍ਹਾਂ ਚਿਰ ਤੂੰ ਹਉਮੈ ਨੂੰ ਨਹੀਂ ਕੱਟਦਾ, ਓਨਾ ਚਿਰ ਤੇਰਾ ਮਨ ਮਲੀਨ ਰਹੇਗਾ, ਮੈਲ ਨਹੀਂ ਉਤਰਨੀ।

ਗੁਰੂ ਮਹਾਰਾਜ ਸਮਝਾਉਣ ਲੱਗੇ ਕਹਿੰਦੇ ਦੇਖੋ, ਤੁਹਾਨੂੰ ਜੁਗਤ ਨਾਲ ਸਮਝਾਉਂਦੇ ਹਾਂ। ਇਕ ਦ੍ਰਿਸ਼ਟਾਂਤ ਦੇ ਨਾਲ। ਇਕ ਪਿੰਡ ਦਾ ਖੂਹ ਸੀਗਾ ਉਹਦੇ ਵਿਚ ਬਿੱਲੀ ਗਿਰ ਕੇ ਮਰ ਗਈ ਤੇ ਪਾਣੀ ਬਦਬੂਦਾਰ ਹੋ ਗਿਆ, ਕਿਸੇ ਨੇ ਕੱਢੀ ਨਾ, ਪਾਣੀ ਦੇ ਵਿਚੋਂ ਬਦਬੂ ਬਾਹਰ ਤੱਕ ਆਉਣੀ ਸ਼ੁਰੂ ਹੋ ਗਈ। ਉਸ ਵੇਲੇ ਲੋਕਾਂ ਨੇ ਜਾ ਕੇ ਦੇਖਿਆ ਕਿ ਖੂਹ ਕਿਉਂ ਗੰਦਾ ਹੋ ਗਿਆ? ਇਕ ਪੰਡਤ ਜੀ ਦੇ ਕੋਲ ਜਾ ਕੇ ਕਹਿਣ ਲੱਗੇ ਕਿ ਸਾਡਾ ਖੂਹ ਗੰਦਾ ਹੋ ਗਿਆ, ਬਦਬੂ ਆਉਂਦੀ ਹੈ। ਪੰਡਤ ਜੀ, ਨੇ ਪੁਛਿਆ ਕਿ ਕੀ ਗੱਲ ਹੈ? ਤਾਂ ਉਨ੍ਹਾਂ ਨੇ ਦੱਸਿਆ ਕਿ ਉਹਦੇ ਵਿਚ ਬਿੱਲੀ ਗਿਰ ਗਈ। ਉਹ ਕਹਿਣ ਲੱਗੇ ਕਿ ਐਉਂ ਕਰੋ ਤੁਸੀਂ ਕਿ ਇਕ ਹਜ਼ਾਰ ਡੋਲ ਕੱਢ ਦਿਓ ਤੁਸੀਂ ਤੇ ਬਿੱਲੀ ਵੀ ਕੱਢ ਦਿਓ। ਉਹ ਬੜੇ ਉਤਸ਼ਾਹ ਵਿਚ ਆਏ ਹੋਏ ਸੀ, ਬਿੱਲੀ ਤਾਂ ਕੱਢਣੀ ਭੁੱਲ ਗਏ, ਹਜ਼ਾਰ ਡੋਲ ਦੀ ਥਾਂ ਤੇ ਦੋ ਹਜ਼ਾਰ ਡੋਲ ਪਾਣੀ ਦਾ ਕੱਢ ਦਿਤਾ। ਫਟਾਫਟ ਵੱਡੇ-ਵੱਡੇ ਡੋਲ ਲਾਏ ਹੋਏ ਸੀ, ਪਾਣੀ ਆਉਂਦਾ ਘੱਟ ਹੈ ਥੱਲੇ ਲਾ ਦਿਤਾ ਬਿਲਕੁਲ ਹੀ, ਰੇਤਾ ਨਿਕਲ ਆਇਆ। ਥੋੜ੍ਹੀ ਦੇਰ ਤੋਂ ਬਾਅਦ ਖੂਹ ਦਾ ਪਾਣੀ ਫੇਰ ਭਰ ਗਿਆ। ਉਹ ਫੇਰ ਬਦਬੂਦਾਰ ਹੋ ਗਿਆ। ਫੇਰ ਗਏ ਪੰਡਤ ਜੀ ਕੋਲ ਕਿ ਮਹਾਰਾਜ! ਅਸੀਂ ਤਾਂ ਥੱਲੇ ਲਾ ਦਿਤਾ ਸੀ ਪਾਣੀ ਇਹ ਮੁਸਕ ਤਾਂ ਹਟਿਆ ਨਹੀਂ। ਕਹਿੰਦੇ ਹੋਰ ਹਜ਼ਾਰ ਡੋਲ ਕੱਢ ਦਿਓ। ਦੁਬਾਰਾ ਫੇਰ ਕੱਢ ਦਿਤੇ, ਉਸ ਤੋਂ ਬਾਅਦ ਫੇਰ ਵੀ ਬਦਬੂਦਾਰ ਰਿਹਾ। ਫੇਰ ਚਲੇ ਗਏ। ਫੇਰ ਉਸ ਵਿਦਵਾਨ ਪੁਰਸ਼ ਨੇ ਕਿਹਾ, ਪਾਣੀ ਤਾਂ ਸਾਫ ਹੋਣਾ ਚਾਹੀਦਾ ਹੈ, ਜਦੋਂ ਤੁਸੀਂ ਥੱਲੇ ਰੇਤੇ ਤੱਕ ਕੱਢ ਦਿੰਦੇ ਹੋਂ, ਕੋਈ ਚੀਜ਼ ਤਾਂ ਨਹੀਂ ਪਈ ਦੇਖੋ ਤੁਸੀਂ ਧਿਆਨ ਨਾਲ। ਕਹਿੰਦੇ, ਇਕ ਬਿੱਲੀ ਮਰੀ ਪਈ ਹੈ। ਫੇਰ ਕਹਿੰਦੇ ਪਹਿਲਾਂ ਬਿੱਲੀ ਕੱਢੋ ਤੁਸੀਂ। ਜਿੰਨਾਂ ਚਿਰ ਬਿੱਲੀ ਨਹੀਂ ਕੱਢਦੇ ਪਾਣੀ ਕਿਵੇਂ ਸਾਫ ਹੋ ਜਾਏਗਾ। ਸੋ ਬਿੱਲੀ ਕਢਾ ਦਿਤੀ, ਹਜ਼ਾਰ ਡੋਲ ਕੱਢ ਦਿਤਾ, ਪਾਣੀ ਨਿਰਮਲ ਹੋ ਗਿਆ।



**ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਆਪਣੇ ਸਿੰਘਸਣ ਤੇ ਸੁਸ਼ੋਭਿਤ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ।**

ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਨਾਲ ਆਦਮੀ ਦੇ ਅੰਤਸ਼ਕਰਣ ਦੇ ਅੰਦਰ ਮਰੀ ਹੋਈ ਬਿੱਲੀ ਹਉਮੈ ਰੂਪ ਹੋ ਕੇ ਪਈ ਹੈ ਤੇ ਜਿੰਨਾਂ ਚਿਰ ਹਉਮੈ ਹੈ ਓਨਾ ਚਿਰ ਕਰਮ ਧਰਮ ਜਿਹੜੇ ਨੇ ਬਦਬੂਦਾਰ ਹੋ ਕੇ ਇਹਨੂੰ ਬੰਨ੍ਹਦੇ ਚਲੇ ਜਾਂਦੇ ਨੇ। ਨਿਕਲਦੇ ਨਹੀਂ। ਸੋ ਜੇ ਸਾਧੂ ਮਿਲ ਜਾਵੇ, ਸੰਤ ਮਿਲ ਜਾਵੇ ਉਹਦੇ ਬਚਨਾਂ ਦੇ ਉਤੇ ਭਰੋਸਾ ਕਰ ਲਵੇ, ਕਹਿੰਦੇ ਫੇਰ ਇਹ ਚੀਜ਼ ਦੂਰ ਹੋ ਜਾਇਆ ਕਰਦੀ ਹੈ। ਸੰਸਾਰ ਦੇ ਅੰਦਰ ਮਹਾਰਾਜ ਕਹਿਣ ਲੱਗੇ ਕਿ ਦੇਖੋ, ਜਦੋਂ ਸੰਸਾਰ ਰਚਿਆ ਨਹੀਂ ਸੀਗਾ, ਉਸ ਵੇਲੇ ਨਾ ਕੋਈ ਜੀਵ ਸੀ, ਨਾ ਕੋਈ ਪ੍ਰਕ੍ਰਿਤੀ ਸੀ, ਨਾ ਕੋਈ ਚੰਦ ਨਾ ਕੋਈ ਤਾਰਾ, ਨਾ ਕੋਈ ਦੇਵਤਾ, ਨਾ ਧਰਮਰਾਜ, ਨਾ ਕੋਈ ਦਰਿਆ, ਨਾ ਕੋਈ ਪਹਾੜ, ਕੋਈ ਚੀਜ਼ ਨਹੀਂ ਸੀ ਆਪੇ ਆਪ ਨਿਰੰਕਾਰ ਸੀ। ਜਿਸ ਵਕਤ ਉਹਨੇ ਆਪਣੇ ਆਪ ਤੋਂ ਖੇਲ ਨੂੰ ਰਚਿਆ, ਉਸ ਵੇਲੇ ਆਪਣੇ ਆਪ ਤੋਂ ਪਸਾਰਾ ਕਰਿਆ। ਦੂਜੀ ਚੀਜ਼ ਕਿਤੋਂ ਲਿਆਂਦੀ ਨਹੀਂ ਹੈ। ਆਪਣੇ ਆਪ ਤੋਂ ਹੀ ਪਸਾਰਾ ਕਰਿਆ। ਇਹਦੇ ਬਾਰੇ ਬੜੇ ਮਤ ਨੇ ਸਾਧਸੰਗਤ ਜੀ! ਆਦਮੀ confuse ਹੋ ਜਾਂਦਾ ਹੈ ਗੱਲਾਂ ਸੁਣਦਾ। ਜਦੋਂ ਕਿਸੇ ਨੇ ਕੋਈ ਗੱਲ ਸੁਣਾ ਦਿਤੀ, ਕਿਸੇ ਨੇ ਕੋਈ ਸੁਣਾ ਦਿਤੀ। ਗੁਰਮਤਿ ਤੋਂ ਅਸੀਂ ਲਾਂਭੇ ਹੋ ਜਾਂਦੇ ਹਾਂ। ਸਾਇੰਸ ਹੋਰ ਤਰ੍ਹਾਂ ਦੀਆਂ ਗੱਲਾਂ ਕਰਦੀ ਹੈ। ਸਾਡੇ ਬੱਚੇ ਉਨ੍ਹਾਂ ਗੱਲਾਂ ਨੂੰ ਪੜ੍ਹ

ਕੇ ਇਮਤਿਆਨਾਂ 'ਚੋਂ ਪਾਸ ਹੁੰਦੇ ਨੇ। ਉਹ ਜੇ ਗੁਰੂ ਮਹਾਰਾਜ ਦੀਆਂ ਗੱਲਾਂ ਲਿਖਣ ਤਾਂ examiner ਨੰਬਰ ਨਹੀਂ ਦਿੰਦੇ ਕਿ ਇਹ ਤਾਂ ਗੱਲ ਅਸੀਂ ਹੁਣ ਤੱਕ ਨਹੀਂ ਸੁਣੀ। ਸੋ ਆਪਣਾ ਆਪਣਾ ਮਤ ਹੈ। ਮਹਾਰਾਜ ਕਹਿੰਦੇ –

*ਆਪੁ ਆਪੁਨੀ ਬੁਧਿ ਹੈ ਜੇਤੀ॥*
*ਬਰਨਤ ਭਿੰਨ ਭਿੰਨ ਤੁਹਿ ਤੇਤੀ॥*
*ਤੁਮਰਾ ਲਖਾ ਨ ਜਾਇ ਪਸਾਰਾ॥*
*ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥*
***ਕਬਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦***

ਨਿਰੰਕਾਰ ਤੋਂ ਹੀ ਆਪਣਾ ਸਰੂਪ ਏਕੰਕਾਰ ਬਣਾ ਲਿਆ ਮਹਾਰਾਜ ਨੇ। ਏਕੰਕਾਰ ਤੋਂ ਸ਼ਬਦ ਧੁਨ ਹੋਈ।

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
***ਭਾਈ ਗੁਰਦਾਸ ਜੀ, ਵਾਰ 26/2***

ਓਅੰਕਾਰ ਦੀ ਧੁਨ ਹੋਈ। ਓਸ ਸ਼ਬਦ ਧੁਨ ਤੋਂ ਸਾਰਾ ਸੰਸਾਰ ਬਣ ਗਿਆ। ਲੇਕਿਨ ਵਾਹਿਗੁਰੂ ਨਹੀਂ ਵੰਡਿਆ ਗਿਆ। ਜੇ ਉਹ ਐਨੇ ਰੂਪ ਦਿਸਦੇ ਨੇ, ਹੈ ਤਾਂ ਆਪੇ ਹੀ, ਇਕ ਰੂਪ ਤੋਂ ਅਨੇਕ ਰੂਪ ਧਾਰਨ ਕਰ ਲਏ ਵਾਹਿਗੁਰੂ ਨੇ, ਇਹਦੇ ਵਿਚ ਮੈਂ ਤਾਂ ਆਉਂਦੀ ਹੀ ਨਹੀਂ ਕਿਸੇ ਥਾਂ ਦੇ ਉਤੇ, ਆਪੇ ਹੀ ਖੇਲ੍ਹਦਾ ਹੈ ਪਰ ਮੈਂ ਦਾ ਪੜਦਾ ਪੈਣ ਕਰਕੇ ਇਹ ਦੂਰ ਹੋ ਗਿਆ। ਮਹਾਰਾਜ ਕਹਿੰਦੇ ਆਪੇ ਹੀ ਖੇਲ੍ਹਦਾ ਹੈ –

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
***ਅੰਗ – ੨੯੦***

ਸਾਡੇ ਤਾਂ ਮਨ ਵਿਚ ਨਹੀਂ ਇਹ ਗੱਲ ਬਹਿੰਦੀ। ਸੁਖਮਨੀ ਸਾਹਿਬ ਪੜ੍ਹਦੇ ਹਾਂ ਰੋਜ਼। ਸੁਣਦੇ ਵੀ ਰੋਜ਼ ਹਾਂ ਨਿਤਨੇਮ ਹੈ ਮੇਰਾ, ਕਹਿੰਦੇ ਹਾਂ ਦੇਖੀਂ ਕਿਤੇ ਨਿਤਨੇਮ ਨਾ ਮੇਰਾ ਰਹਿ ਜਾਏ। ਜਿਹੜੇ ਵਿਚਾਰਵਾਨ ਪੁਰਸ਼ ਹੁੰਦੇ ਨੇ ਉਹ ਕਹਿੰਦੇ ਕਿ ਤੂੰ ਬੇਸ਼ੱਕ ਥੋੜ੍ਹਾ ਪੜ੍ਹ ਲੈ, ਪਰ ਇਹ ਤਾਂ ਦੇਖ ਕਿ ਕਿਹਾ ਕੀ ਹੈ। ਉਹਨੂੰ ਵਿਚਾਰ ਕੇ ਖੜ੍ਹ ਉਸ ਥਾਂ ਦੇ ਉਤੇ। ਅਨੁਭਵ ਕਰ ਉਸ ਚੀਜ਼ ਨੂੰ ਅੰਦਰ। ਤੁਕ ਇਕੋ ਹੀ ਪੜ੍ਹ ਲੈ ਇਹਦਾ ਅਨੁਭਵ ਕਰਨਾ ਸ਼ੁਰੂ ਕਰ ਦੇ ਕਿ ਆਪੇ ਹੀ ਨਿਰੰਕਾਰ ਨੇ ਰਚਨਾ ਰਚ ਦਿਤੀ, ਹੁਣ ਆਪੇ ਹੀ ਆਪਣੀ ਰਚਨਾ ਨੂੰ ਦੇਖ ਰਿਹਾ ਹੈ।

*ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥*
*ਪਾਪ ਪੁੰਨ ਤਬ ਕਹ ਤੇ ਹੋਤਾ ॥*
*ਜਬ ਧਾਰੀ ਆਪਨ ਸੁੰਨ ਸਮਾਧਿ ॥*
*ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥*
*ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥*
*ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥*
*ਜਬ ਆਪਨ ਆਪ ਆਪਿ ਪਾਰਬ੍ਰਹਮ ॥*
*ਤਬ ਮੋਹ ਕਹਾ ਕਿਸੁ ਹੋਵਤ ਭਰਮ ॥*
*ਆਪਨ ਖੇਲੁ ਆਪਿ ਵਰਤੀਜਾ ॥*
*ਨਾਨਕ ਕਰਨੈਹਾਰੁ ਨ ਦੂਜਾ ॥* ***ਅੰਗ – ੨੯੦***

ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਆਪ ਹੀ ਨਿਰੰਕਾਰ ਨੇ ਆਕਾਰ ਬਣਾ ਕੇ ਆਪੇ ਹੀ ਖੇਡ ਰਚੀ ਹੋਈ ਹੈ। ਇਕ ਰੂਪ ਤੋਂ ਅਨੇਕ ਰੂਪ ਉਹਨੇ ਧਾਰ ਲਏ ਨੇ। ਜਦੋਂ ਕੋਈ ਹੋਰ ਹੁੰਦਾ ਹੀ ਨਹੀਂ ਸੀਗਾ ਫੇਰ ਆਕਾਰ ਕਿੱਥੋਂ ਪੈਦਾ ਹੋ ਗਿਆ। ਉਸ ਵੇਲੇ ਤਾਂ ਪਾਪ ਨਾ ਪੁੰਨ ਕੋਈ ਚੀਜ਼ ਹੀ ਨਹੀਂ ਸੀ। ਜਦੋਂ ਆਪ ਹੀ ਆਪਣੇ ਰੰਗ ਦੇ ਵਿਚ ਸਮਾਧੀ ਵਿਚ ਨਿਰਗੁਣ ਸਰੂਪ ਸੀ, ਉਸ ਵੇਲੇ ਵੈਰ ਵਿਰੋਧ ਦਾ ਤਾਂ ਕਿਤੇ ਨਾਮ ਨਿਸ਼ਾਨ ਹੀ ਨਹੀਂ ਸੀਗਾ। ਜਦੋਂ ਇਹਦਾ ਬਰਨ ਚਿਹਨ ਹੀ ਨਹੀਂ ਸੀ ਦਿਸਦਾ ਫੇਰ ਕਿਸਨੂੰ ਹਰਖ ਹੁੰਦਾ, ਕੀਹਨੂੰ ਸੋਗ ਹੁੰਦਾ ਸੀ। ਜਦੋਂ ਆਪਣੇ ਆਪ ਆਪੇ ਹੀ ਪਾਰਬ੍ਰਹਮ ਸੀ, ਫੇਰ ਮੋਹ ਕੀਹਨੂੰ ਹੁੰਦਾ ਸੀ, ਭਰਮ ਕੀਹਨੂੰ ਹੁੰਦਾ ਸੀ, ਆਪਣੇ ਖੇਲ੍ਹ ਦੇ ਵਿਚ ਆਪੇ ਹੀ ਵਰਤ ਰਿਹਾ ਹੈ। ਹੋਰ ਇਥੇ ਕੋਈ ਹੈ ਨਹੀਂ –

*ਆਪਨ ਖੇਲੁ ਆਪਿ ਕਰਿ ਦੇਖੈ ॥*
*ਖੇਲੁ ਸੰਕੋਚੈ ਤਉ ਨਾਨਕ ਏਕੈ ॥* ***ਅੰਗ – ੨੯੨***

ਇਹਦੇ ਵਿਚ ਹੁਕਮ ਦੇ ਨਾਲ ਪ੍ਰਮੇਸ਼ਰ ਨੇ ਹਉਮੈ ਪਾ ਦਿਤੀ। ਹੁਕਮ ਦੇ ਨਾਲ ਭੁੱਲ ਪਈ ਹੈ। ਭੁੱਲ ਪੈਣ ਦੇ ਨਾਲ ਇਹ ਜੀਵ ਜਿਹੜਾ ਸੀ ਪ੍ਰਕਿਰਤੀ ਦੇ ਨਾਲ ਰਲ ਕੇ ਇਹੀ ਜੋਤ ਜਿਹੜੀ ਹੈ –

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ ॥* ***ਅੰਗ – ੯੨੧***

ਜੋਤ ਤਾਂ ਸੀ ਪ੍ਰਮੇਸ਼ਰ ਦੀ ਉਹ ਰੱਖੀ ਸੀ ਇਹਦੇ ਵਿਚ। ਹੈ ਉਹ ਆਪੇ ਹੀ ਦੂਜਾ ਏਸ ਥਾਂ ਦੇ ਉਤੇ ਕੋਈ ਹੋਰ ਹੈ ਨਹੀਂ। ਕਹਿੰਦੇ, ਇਹ ਨਿਹਚੇ 'ਚ ਵਸਾਓ ਪਹਿਲਾਂ ਤੁਸੀਂ। ਜੇ ਸੰਤਾਂ ਦਾ ਬਚਨ ਕਮਾਉਣਾ ਹੈ, ਸੰਤ ਜਿਹੜਾ ਬਚਨ ਕਰਦੇ ਨੇ, ਤੱਤ ਬਚਨ ਹੁੰਦੇ ਨੇ ਸੰਤਾਂ ਦੇ। ਜਿਹਦੇ ਵਲ ਮਹਾਰਾਜ ਇਸ਼ਾਰਾ ਕਰਦੇ ਨੇ। ਇਹ ਜੇ ਬਚਨ ਤੁਸੀਂ ਕਮਾਉਣਾ ਹੈ, ਫੇਰ ਤੁਸੀਂ –

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥* ***ਅੰਗ – ੭੪੭***

ਤੁਸੀਂ ਬਚਨ ਪੜ੍ਹਦੇ ਰੋਜ਼ ਹੋਂ, ਸੁਖਮਨੀ ਸਾਹਿਬ ਦਾ ਪਾਠ ਕਰਦੇ ਓਂ ਤੇ ਏਸ ਬਚਨ ਨੂੰ ਕਮਾਓ। ਇਹ ਸੰਸਾਰ ਦੇ ਉਤੇ ਪਹਿਲਾਂ ਨਿਹਚੇ 'ਚ ਲਿਆਓ ਕਿ ਇਥੇ ਹੋਰ ਕੋਈ ਹੈ ਨਹੀਂ। ਆਪੇ ਹੀ ਹੈ ਪ੍ਰਮੇਸ਼ਰ, ਕਿਉਂਕਿ ਪਹਿਲਾਂ ਵੀ ਆਪ ਸੀ।

*ਆਦਿ ਸਚੁ ਜੁਗਾਦਿ ਸਚੁ॥*
*ਹੈ ਭਈ ਸਚੁ ਨਾਨਕ ਹੋਸੀ ਭੀ ਸਚੁ॥ ਅੰਗ - 1*

ਪਹਿਲਾਂ ਵੀ ਸੱਚ ਸੀਗਾ, ਸਮਾਂ ਚਲ ਪਿਆ ਤਾਂ ਵੀ ਉਹ ਸੱਚ ਸੀਗਾ, ਹੁਣ ਵੀ ਆਪੇ ਹੀ ਹੈ, ਜਦੋਂ ਕੁਛ ਵੀ ਨਹੀਂ ਹੋਏਗਾ, ਫੇਰ ਉਹ ਆਪੇ ਹੀ ਹੋਵੇਗਾ।

*ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥*
*ਅੰਗ - ੭੦੫*

ਇਥੇ ਗੈਰ ਚੀਜ਼ ਨਹੀਂ ਹੈ ਕੋਈ ਵੀ। ਉਹ ਇਕ ਖੇਲ੍ਹ ਹੋ ਰਿਹਾ ਹੈ। ਹਉਮੈ ਦ੍ਰਿਸ਼ਟੀ ਵਿਚ ਪਾ ਦਿਤੀ ਪ੍ਰਕ੍ਰਿਤੀ ਵਿਚ ਉਹਦੇ ਨਾਲ ਭੁੱਲ ਕੇ, ਹੈ ਵਾਹਿਗੁਰੂ ਹੀ, ਉਹਨੂੰ ਜੀਵ ਕਹਿਣਾ ਸ਼ੁਰੂ ਕਰ ਦਿਤਾ।

*ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥*
*ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥*
*ਅੰਗ - ੨੯੨*

ਆਪੇ ਹੀ ਪਸਰਿਆ ਹੈ।

*ਜਬ ਉਦਕਰਖ ਕਰਾ ਕਰਤਾਰਾ॥*
*ਪ੍ਰਜਾ ਧਰਤ ਤਬ ਦੇਹ ਅਪਾਰਾ॥*
*ਜਬ ਆਕਰਖ ਕਰਤ ਹੋ ਕਬਹੂੰ॥*
*ਤੁਮ ਮੈਂ ਮਿਲਤ ਦੇਹ ਧਰ ਸਭਹੂੰ॥*
*ਕਬਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦*

ਜਦੋਂ ਫੈਲਦਾ ਹੈ, ਆਪੇ ਹੀ ਇਕ ਤੋਂ ਅਨੇਕ ਰੂਪ ਹੋ ਜਾਂਦਾ ਹੈ, ਜਦੋਂ ਖਿੱਚ ਲੈਂਦਾ ਹੈ ਪਿਛੇ ਨੂੰ ਤਾਂ ਵੀ ਆਪੇ ਹੀ ਆਪ ਹੋ ਜਾਂਦਾ ਹੈ।

*ਆਪਿ ਕਥੈ ਆਪਿ ਸੁਨਨੈਹਾਰੁ ॥*
*ਆਪਹਿ ਏਕੁ ਆਪਿ ਬਿਸਥਾਰੁ ॥ ਅੰਗ - ੨੯੨*

ਆਪੇ ਹੀ ਸੁਣ ਰਿਹਾ ਹੈ। ਇਕ ਤੋਂ ਹੀ ਆਪੇ ਹੀ ਵਿਸਥਾਰ ਕਰਕੇ ਬੇਅੰਤ ਚੀਜ਼ਾਂ ਬਣ ਗਈਆਂ। ਬੇਅੰਤ ਬ੍ਰਹਿਮੰਡ ਜਿਨ੍ਹਾਂ ਦਾ ਕੋਈ ਹਿਸਾਬ ਕਿਤਾਬ ਹੀ ਨਹੀਂ ਹੈ।

ਇਕ ਡਾਕਟਰ ਸੀਗਾ ਸਟੀਫਨ, ਵਿਚਾਰਾ ਜਹਾਜ਼ ਗਿਰ ਕੇ ਚੜ੍ਹਾਈ ਕਰ ਗਿਆ। ਦੁਨੀਆਂ ਨੂੰ ਬੜਾ ਅਫਸੋਸ ਹੋਇਆ, ਕਿਉਂਕਿ ਵੱਡਾ ਸਾਇੰਸਦਾਨ ਸੀ ਉਹ। ਨਿਊਟਨ ਵਗੈਰਾ ਤੋਂ ਬਾਅਦ। ਉਹਨੇ ਦੁਨੀਆਂ ਬਾਰੇ ਦੱਸਿਆ ਸੀ ਕਿ ਇਹ ਕਿਵੇਂ ਪੈਦਾ ਹੁੰਦੀ ਹੈ, ਲੇਕਿਨ ਉਹ ਅੰਤ ਦੇ ਉਤੇ ਜਾ ਕੇ ਘਬਰਾ ਗਿਆ ਕਿ ਮੈਨੂੰ ਪੂਰਾ ਪਤਾ ਨਹੀਂ ਲਗਦਾ। ਉਹ ਐਉਂ ਘਬਰਾ ਗਿਆ ਕਿ ਜਦੋਂ ਛੋਟੇ ਤੋਂ ਛੋਟਾ ਨਿਰਗੁਨ ਸਰੂਪ 'ਚ ਇਹ ਸੰਸਾਰ ਆਉਂਦਾ ਹੈ, ਵਾਹਿਗੁਰੂ ਤਾਂ ਉਹ ਕਹਿੰਦਾ ਨਹੀਂ ਸੀਗਾ, ਸੰਸਾਰ ਨੂੰ ਹੀ ਕਹਿੰਦਾ ਸੀ। ਜਦੋਂ ਆਹ ਮੈਟਰ, ਸੁਪਰ ਮੈਟਰ ਬਣਦਾ ਹੈ, ਇਕ ਪੁਆਇੰਟ ਬਣਦਾ ਹੈ ਉਹ ਕਿੰਨਾ ਛੋਟਾ ਪੁਆਇੰਟ ਹੈ। ਉਹਨੇ ਅਨੁਮਾਨ ਲਾਉਣ ਦਾ ਯਤਨ ਕਰਿਆ ਕਿ 0000000.........000 ਲਾਉਂਦਾ ਹੋਇਆ 80 ਜ਼ੀਰੋ ਲਾ ਕੇ, ਪੁਆਇੰਟ ਲਾ ਕੇ ਬਾਅਦ ਵਿਚ 1 ਲਗਾ ਦਿਤਾ। ਇਹ ਹਿਸਾਬ ਜਿਹੜੇ ਪੜ੍ਹੇ ਹੋਏ ਨੇ ਉਹ ਤਾਂ ਸਮਝ ਜਾਂਦੇ ਨੇ ਇਸ ਗੱਲ ਨੂੰ ਕਿ ਕੀ ਗੱਲ ਹੈ। ਦੂਜਿਆਂ ਨੂੰ ਨਹੀਂ ਪਤਾ ਲਗਦਾ ਕਿ ਇਹ ਕੀ ਗੱਲ ਹੈ ਕਿਉਂਕਿ ਮਨ ਵਿਚ ਆਉਂਦੀ ਨਹੀਂ ਇਹ ਗੱਲ। ਉਸ ਤੋਂ ਬਾਅਦ ਉਹਨੇ ਲਿਖ ਦਿਤਾ infinity ਕਿ ਇਥੇ ਵੀ ਨਹੀਂ ਤੁਸੀਂ ਜੇ ਕਰੋੜ ਸਾਲ ਜ਼ੀਰੋ-ਜ਼ੀਰੋ ਲਾਈ ਜਾਓ, ਫੇਰ ਏਕਾ ਲਾ ਦਿਓ, ਫੇਰ ਵੀ ਉਹਦਾ ਨਹੀਂ ਪਤਾ ਲਗਦਾ ਕਿ ਐਨਾ ਛੋਟਾ ਹੈ। ਮਹਾਰਾਜ ਕਹਿੰਦੇ ਨੇ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥*
*ਭੂਮਿ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥*
*ਸ਼ਬਦ ਹਜ਼ਾਰੇ ਪਾਤਸ਼ਾਹੀ ੧੦*

ਜਦੋਂ expend ਹੁੰਦਾ ਹੈ ਫੇਰ ਉਹਨੇ 80 ਜ਼ੀਰੋ ਲਾ ਕੇ ਏਕਾ ਲਾ ਕੇ, infinity ਲਿਖ ਦਿਤੀ। ਅਖੀਰ ਤੇ ਉਸਦਾ ਲਿਖਿਆ ਹੋਇਆ ਹੈ ਆਖਰੀ ਪੇਜ਼ ਤੇ ਕਿ ਮੈਂ Confuse ਹੋ ਗਿਆ, ਮੈਂ ਨਹੀਂ ਦੱਸ ਸਕਦਾ ਕਿਉਂਕਿ ਮੈਂ ਇਹੋ ਜਿਹਾ ਵਿਸ਼ਾ ਛੋਹ ਲਿਆ, ਬੇਅੰਤ ਨੂੰ ਮੈਂ ਅੰਤ ਵਿਚ ਲਿਆਉਣ ਦਾ ਮੈਂ ਯਤਨ ਕਰਿਆ। ਮਹਾਰਾਜ ਕਹਿੰਦੇ ਨੇ ਕਿ ਪ੍ਰੇਮੀਆ, ਕਿਉਂ ਗਲਤੀ ਕਰਦਾ ਹੈਂ -

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥*
*ਅੰਗ - ੫*

ਉਹੀ ਜਾਣਦਾ ਹੈ ਆਪਣੇ ਪਸਾਰੇ ਨੂੰ। ਉਹੀ ਜਾਣਦਾ ਹੈ ਨਿਰਗੁਣ ਸਰੂਪ ਦੀ ਅਵਸਥਾ ਨੂੰ, ਬੰਦਾ ਨਹੀਂ ਦਸ ਸਕਦਾ ਕਿਉਂਕਿ ਇਹ ਪ੍ਰਕ੍ਰਿਤੀ ਦਾ ਬਣਿਆ ਹੋਇਆ ਹੈ, ਮਾਇਆ ਦਾ ਬਣਿਆ ਹੋਇਆ ਹੈ। ਸੋ ਮਹਾਰਾਜ ਤੱਤ ਗੱਲ ਤਾਂ ਇਹ ਹੈ ਕਿ -

*ਆਪਿ ਕਥੈ ਆਪਿ ਸੁਨਨੈਹਾਰੁ ॥*
*ਆਪਹਿ ਏਕੁ ਆਪਿ ਬਿਸਥਾਰੁ ॥*
*ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥*
*ਆਪਨੈ ਭਾਣੈ ਲਏ ਸਮਾਏ ॥*
*ਤੁਮ ਤੇ ਭਿੰਨ ਨਹੀ ਕਿਛੁ ਹੋਇ ॥*
*ਆਪਨ ਸੂਤਿ ਸਭੁ ਜਗਤੁ ਪਰੋਇ ॥*
*ਅੰਗ - ੨੯੨*

ਜਦੋਂ ਉਹਨੂੰ ਭਾਅ ਜਾਂਦਾ ਹੈ ਉਥੇ ਗਿਣਤੀ ਮਿਣਤੀ ਨਹੀਂ ਹੈ। ਉਹ ਵਿਸ਼ਸ਼ੇਕ ਜਿਹੜਾ ਸ਼ਾਸਤਰ ਹੈ ਉਹ time limit ਕਰਦਾ ਹੈ।

*ਕਾਲ ਪਾਇ ਬ੍ਰਹਮਾ ਬਪੁ ਧਰਾ॥*
*ਕਾਲ ਪਾਇ ਸਿਵਜੂ ਅਵਤਰਾ॥*
*ਕਾਲ ਪਾਇ ਕਰਿ ਬਿਸਨ ਪ੍ਰਕਾਸਾ॥*

*ਸਕਲ ਕਾਲ ਕਾ ਕੀਆ ਤਮਾਸਾ॥*

***ਕਬਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦***

ਕਿ ਸਮੇਂ ਨਾਲ ਇਹ ਪੈਦਾ ਹੁੰਦੀਆਂ ਨੇ ਸਾਰੀਆਂ ਚੀਜ਼ਾਂ। ਮਹਾਰਾਜ ਕਹਿੰਦੇ ਪ੍ਰਕਿਰਤੀ ਦਾ ਤਾਂ ਸਮਾਂ ਬੰਨ੍ਹਿਆ ਜਾ ਸਕਦਾ ਹੈ। ਪ੍ਰਕ੍ਰਿਤੀ ਦੇ ਅੰਦਰ ਜਿਹੜੇ ਐਕਸ਼ਨ ਹੋ ਰਹੇ ਨੇ, ਇਹਦਾ ਤਾਂ ਸਮਾਂ ਬੰਨ੍ਹ ਹੋ ਜਾਂਦਾ ਹੈ ਕਿ ਆਹ ਦਰਖਤ ਪੈਦਾ ਹੋਇਆ ਹੈ ਇਹਦੀ ਉਮਰ ਕਿੰਨੀ ਹੈ। ਕੋਈ ਮਸ਼ੀਨਾਂ ਆ ਜਾਣਗੀਆਂ ਜੋ ਦੱਸ ਦੇਣਗੀਆਂ ਕਿ ਆਹ ਬੂਟਾ ਜਿਹੜਾ ਹੈ ਏਸ ਧਰਤੀ ਤੇ ਐਨੇ ਸਾਲ ਦਾ ਹੋਏਗਾ। ਲੇਕਿਨ ਪ੍ਰਮੇਸ਼ਰ ਦੀ ਮਰਜ਼ੀ ਨੂੰ ਨਹੀਂ ਕੋਈ ਬੰਨ੍ਹ ਸਕਦਾ ਕਿ ਕਦੋਂ ਸ੍ਰਿਸ਼ਟੀ ਪੈਦਾ ਕਰੇਗਾ, ਕਿਉਂਕਿ ਇਹ ਉਪਰਲੀ ਗੱਲ ਹੈ। ਮਹਾਰਾਜ ਕਹਿੰਦੇ, ਜਦੋਂ ਉਹਨੂੰ ਭਾਉਂਦਾ ਹੈ ਨਾ–

*ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥*
*ਆਪਨੈ ਭਾਣੈ ਲਏ ਸਮਾਏ ॥ ਅੰਗ - ੨੯੨*

ਉਹਦੀ ਮਰਜ਼ੀ ਹੈ ਜਦੋਂ ਸਭ ਕੁਛ ਨੂੰ ਸਮਾਉਣਾ ਹੁੰਦਾ ਹੈ ਨਾ, ਫਿਰ ਕੁਛ ਨਹੀਂ ਬਾਕੀ ਬਚਦਾ। ਇਹਦੇ ਉਤੇ ਅਸੀਂ ਹੈਰਾਨ ਹੁੰਦੇ ਹਾਂ। ਆਪਾਂ ਨੂੰ ਸੁਪਨਾ ਆ ਰਿਹਾ ਹੈ ਬਹੁਤ ਵੱਡਾ, ਉਹ ਸੁਪਨਾ ਬਿਲਕੁਲ ਸੱਚ ਪ੍ਰਤੀਤ ਦੇ ਰਿਹਾ ਹੈ, ਐਸੇ ਸੁਪਨੇ ਆਉਂਦੇ ਨੇ, ਹਰ ਬੰਦੇ ਨੂੰ ਆਉਂਦੇ ਨੇ, ਬਿਲਕੁਲ ਸੱਚ ਲੱਗੇਗਾ, ਘਬਰਾ ਜਾਂਦਾ ਹੈ, ਅਚਾਨਕ ਜਾਗ ਆ ਜਾਂਦੀ ਹੈ, ਜਾਗ ਆਉਣ ਤੇ ਆਹ ਜਿਹੜੇ ਦਰਿਆ ਉਛਲਦੇ ਸੀ, ਪਹਾੜ ਸੀਗੇ, ਜਾਨਵਰ ਨੱਠੇ ਫਿਰਦੇ ਸੀ ਮਗਰ ਉਹ ਕਿੱਥੇ ਚਲੇ ਗਏ ਸਾਰੇ। ਕੋਈ ਵਜੂਦ ਬਚਿਆ ਉਨ੍ਹਾਂ ਦਾ। ਉਹ ਤਾਂ mind ਦੀ ਸਟੇਟ ਸੀ, ਜਿਹਨੂੰ ਸੁਪਨਾ ਕਹਿੰਦੇ ਨੇ। ਅਸਲ ਵਿਚ ਉਹ ਸੱਚ ਨਹੀਂ ਸੀਗਾ ਤੇ ਉਹ ਅੰਦਰੋਂ ਹੀ ਪੈਦਾ ਹੋਇਆ ਸੀ, ਅੰਦਰ ਹੀ ਸਮਾਅ ਗਿਆ। ਉਹਦੀ ਯਾਦ ਤਾਂ ਰਹਿ ਜਾਂਦੀ ਹੈ, ਲੇਕਿਨ ਉਹਦਾ ਵਜੂਦ ਨਹੀਂ ਰਹਿੰਦਾ ਕਿ ਉਹ ਜਿਹੜੇ ਪਹਾੜ ਸੀਗੇ ਉਹ ਕਿੱਥੇ ਗਏ। ਜਿਹੜੇ ਪਾਣੀ ਵਿਚ ਮੈਂ ਡੁੱਬਦਾ ਸੀ ਉਹ ਪਾਣੀ ਕਿੱਥੇ ਚਲਿਆ ਗਿਆ। ਜਿਹੜੇ ਮੇਰੇ ਮਗਰ ਸ਼ਸਤਰ ਲਈ ਫਿਰਦੇ ਸੀ ਉਹ ਬੰਦੇ ਕਿੱਥੇ ਚਲੇ ਗਏ? ਜਿਹੜੇ ਜਾਨਵਰ ਮੇਰੇ ਮਗਰ ਤੁਰੇ ਫਿਰਦੇ ਸੀ ਉਹ ਕਿੱਥੇ ਚਲੇ ਗਏ। ਕੁਛ ਨਹੀਂ ਪਤਾ ਲਗਦਾ।

*ਤੁਮ ਤੇ ਭਿੰਨ ਨਹੀ ਕਿਛੁ ਹੋਇ ॥*
*ਆਪਨ ਸੂਤਿ ਸਭੁ ਜਗਤੁ ਪਰੋਇ ॥ ਅੰਗ - ੨੯੨*

ਜਿਵੇਂ ਆਹ ਇਕ ਕੱਪੜਾ ਬਣਿਆ ਹੋਇਆ ਹੈ, ਆਹ ਇਕ ਤਾਣਾ ਹੈ ਤੇ ਇਕ ਬਾਣਾ ਹੈ। ਉਹਨੂੰ ਅਸੀਂ ਕੱਪੜਾ ਕਹਿ ਦਿੰਦੇ ਹਾਂ ਕਿ ਕੱਪੜਾ ਬਣ ਗਿਆ, ਹੈਗਾ ਤਾਂ ਸੂਤ ਹੀ। ਇਸੇ ਤਰ੍ਹਾਂ ਦੇ ਨਾਲ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੈ –

*ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥*
*ਸਚੁ ਨਾਮੁ ਸੋਈ ਜਨੁ ਪਾਏ ॥ ਅੰਗ - ੨੯੨*

ਆਪੇ ਹੀ ਜੀਵ ਬਣ ਕੇ ਵਾਹਿਗੁਰੂ ਆਪਣੇ ਆਪ ਤੇ ਕ੍ਰਿਪਾ ਕਰਦਾ ਹੈ। ਉਹਨੂੰ ਕੀ ਹੁੰਦਾ ਹੈ? ਉਹਨੂੰ ਆਹ ਅਨੁਭਵ ਹੋ ਜਾਂਦਾ ਹੈ ਜਿਹੜੇ ਆਪਾਂ ਬਚਨ ਕਰਦੇ ਹਾਂ। ਪ੍ਰਤੱਖ ਅਨੁਭਵ ਹੋ ਜਾਂਦਾ ਹੈ ਕਹਿਣ ਤੋਂ ਉਪਰ ਗੱਲ ਬਣ ਜਾਂਦੀ ਹੈ। ਇਹਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਨੇ।

*ਸੋ ਸਮਦਰਸੀ ਤਤ ਕਾ ਬੇਤਾ ॥*
*ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥*
*ਅੰਗ - ੨੯੨*

ਉਹ ਸਮਦਰਸ਼ੀ ਪੁਰਸ਼ ਹੋ ਜਾਂਦਾ ਹੈ, ਤਤੂ ਦਾ ਗਿਆਨ ਹੋ ਜਾਂਦਾ ਹੈ ਤੇ ਸਾਰੀ ਸ੍ਰਿਸ਼ਟੀ ਦਾ ਜੇਤਾ ਬਣ ਜਾਂਦਾ ਹੈ। ਹੁਣ ਇਹਦੇ 'ਚ ਇਹ ਹੁੰਦਾ ਹੈ ਕਿ ਜਿਹੜੇ ਸਿਆਣੇ ਬੰਦੇ ਕਹਿੰਦੇ ਨੇ ਕਿ ਅਸੀਂ ਫੇਰ ਬਣ ਕਿਵੇਂ ਗਏ, ਅਸੀਂ ਜੀਵ ਬਣ ਗਏ, ਭੁੱਲ ਗਏ ਆਪਣੇ ਆਪ ਨੂੰ, ਆਹ ਕਿਵੇਂ ਹੋਈ ਗੱਲ? ਜੇ ਵਿਸਤਾਰ ਨਾਲ ਗੱਲ ਸੁਣੀ ਜਾਵੇ, ਫੇਰ ਸਮਝ ਵਿਚ ਆ ਜਾਂਦੀ ਹੈ। ਇਕ ਤੱਤ ਹੈ ਜਿਹਨੂੰ ਮਹਿ ਤੱਤ ਕਹਿੰਦੇ ਨੇ, ਉਹਦੇ ਵਿਚ ਗਿਆਨ ਹੋਇਆ ਕਰਦਾ ਹੈ। ਤ੍ਰਿਗੁਣੀ ਮਾਇਆ ਦੇ ਵਿਚ ਉਹ ਤੱਤ ਹੁੰਦਾ ਹੈ। ਉਹਦੇ ਵਿਚ ਹਉਮੈ ਪੈਦਾ ਹੋ ਜਾਂਦੀ ਹੈ, ਸਭ ਤੋਂ ਪਹਿਲਾਂ ਅਹੰਕਾਰ ਦਾ ਤੱਤ ਪੈਦਾ ਹੋਇਆ, ਹਉਮੈ ਦਾ। ਉਸ ਤੋਂ ਪੰਜ ਤਨਮਾਤਰਾ ਹੋਈਆਂ ਨੇ – ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਹ ਸਰੀਰ ਵਿਚ ਨੇ, ਹਰੇਕ ਦੇ ਅੰਦਰ ਨੇ, ਸ਼ਬਦ ਵੀ ਹੈ, ਲੇਕਿਨ ਜਿਹਦੇ ਵਿਚ ਜ਼ਿਆਦਾ ਹੈ ਸ਼ਬਦ – ਹਰਨ ਨੂੰ ਘੰਡੇਹੇੜੇ ਦਾ ਸ਼ਬਦ ਵਜਾ ਦਿਓ ਉਹਦੀ ਸੇਧ ਵਿਚ ਜਾ ਕੇ ਮਰ ਜਾਂਦਾ ਹੈ, ਸ਼ਿਕਾਰੀ ਫੜ ਲੈਂਦਾ ਹੈ। ਮੱਛੀ ਵਿਚ ਰਸ ਹੈ, ਉਹ ਨਹੀਂ ਦੇਖਦੀ ਕਿ ਕੁੰਡੀ ਮੇਰੇ ਗਲ ਵਿਚ ਫਸ ਜਾਏਗੀ, ਇਕ ਦਮ ਜਾ ਕੇ ਪੈਂਦੀ ਹੈ ਆਟੇ ਨੂੰ, ਜਾਂ ਕੋਈ ਚੀਜ਼ ਲਾਈ ਹੋਵੇ, ਇਕ ਦਮ ਅੰਦਰ ਨਿਘਲ ਲੈਂਦੀ ਹੈ। ਉਹਦੇ ਨਾਲ ਉਹਦੀ ਮੌਤ ਹੁੰਦੀ ਹੈ। ਹਾਥੀ ਵਿਚ ਕਾਮ ਦਾ ਰਸ ਹੈ, ਸਪਰਸ਼ ਦਾ। ਉਹ ਟੋਆ ਪੁੱਟ ਕੇ ਉਪਰ ਛੱਤ ਪਾ ਦਿੰਦੇ ਨੇ, ਉਹ ਜਦੋਂ ਆਉਂਦਾ ਹੈ ਨੱਠਿਆ, ਹੱਥਣੀ ਕਾਗਜ਼ਾਂ ਦੀ ਦੇਖ ਕੇ, ਵਿਚਾਰ ਨਹੀਂ ਕਰਦਾ, ਫੇਰ ਆ ਕੇ ਟੋਏ ਵਿਚ ਗਿਰ ਜਾਂਦਾ ਹੈ, ਉਹਨੂੰ ਬੰਦਾ ਭੁੱਖਾ ਤਿਹਾਇਆ ਰੱਖ ਕੇ ਕਾਬੂ ਕਰ ਲੈਂਦਾ ਹੈ। ਭਵਰੇ ਦੇ ਵਿਚ ਵਾਸ਼ਨਾ ਦਾ ਰਸ ਹੈ। ਰੂਪ ਜਿਹੜਾ ਹੈ ਇਹ ਪਰਵਾਨੇ ਵਿਚ ਹੈ, ਇਹ ਆ ਕੇ ਦੀਵੇ ਤੇ ਲੱਗੀ ਜਾਂਦਾ ਹੈ ਤੇ ਆ ਕੇ ਜਲੀ ਜਾਂਦਾ ਹੈ। ਆਦਮੀ ਵਿਚ ਪੰਜੋ ਹੀ ਨੇ, ਇਹ ਪੰਜੋ ਜੋ ਤੱਤ ਨੇ ਇਨ੍ਹਾਂ ਨੂੰ ਤਨ ਮਾਤਰਾ ਕਹਿੰਦੇ ਨੇ। ਇਨ੍ਹਾਂ ਤੋਂ ਪੰਜ ਤੱਤ ਬਣੇ। ਸ਼ਬਦ ਤੋਂ ਆਕਾਸ਼ ਹੋਇਆ, ਸਪਰਸ਼ ਤੋਂ ਹਵਾ ਬਣੀ, ਰੂਪ ਤੋਂ ਅੱਗ ਬਣੀ, ਰਸ ਤੋਂ ਪਾਣੀ ਬਣਿਆ, ਗੰਧ ਤੋਂ ਮਿਟੀ ਬਣੀ। ਸੋ ਇਸ ਤਰ੍ਹਾਂ ਸ੍ਰਿਸ਼ਟੀ

ਸ਼ੁਰੂ ਹੋ ਕੇ ਇਹਦੇ ਵਿਚੋਂ ਫੇਰ ਅੱਗੇ ਹੁਕਮ ਦੇ ਨਾਲ ਸਰੀਰ ਆਕਾਰ ਬਣਨੇ ਸ਼ੁਰੂ ਹੋ ਗਏ। ਆਕਾਰ ਬਣ ਕੇ ਜਿਹੜੇ ਜੋਤੀ ਸੀ ਇਹ ਹੇਠਾਂ ਨੂੰ ਚੱਲ ਪਈ - ਪ੍ਰਮੇਸ਼ਰ ਦੀ ਜੋਤੀ। ਪਹਿਲਾਂ ਜਦੋਂ ਇਹ ਆਈ ਤਾਂ ਅਨੰਦ ਦੇ ਵਿਚ ਆ ਕੇ ਇਸਨੇ ਆਪਣੇ ਆਪ ਨੂੰ ਮਹਿਸੂਸ ਕਰਿਆ ਤੇ ਅੱਡ ਹੋ ਗਈ ਪ੍ਰਮੇਸ਼ਰ ਤੋਂ। ਚੱਕਰ ਬੱਝ ਗਿਆ, ਉਹਨੂੰ ਅਨੰਦਮਯ ਕੋਸ਼ ਕਹਿੰਦੇ ਨੇ। ਫੇਰ ਉਸ ਤੋਂ ਅੱਗੇ ਥੱਲੇ ਨੂੰ ਹੋਰ ਚੱਲੀ, ਇਥੇ ਆ ਕੇ ਬੁੱਧੀ ਦੇ ਵਿਚ ਆ ਗਈ, ਨਿਰਣਾ ਸ਼ਕਤੀ ਪੈਦਾ ਹੋ ਗਈ, ਇਹਨੂੰ ਵਿਗਿਆਮਯ ਕੋਸ਼ ਕਹਿੰਦੇ ਨੇ। ਇਸ ਤੋਂ ਹੇਠ ਹੋਰ ਚੱਲੀ ਤਾਂ ਫੁਰਨੇ ਆ ਗਏ, ਇਹਦੇ ਵਿਚ ਕਿੰਨੇ ਭਾਵ ਪੈਦਾ ਹੋ ਗਏ, ਅਹੰਕਾਰ ਵੀ ਪੈਦਾ ਹੋ ਗਿਆ, ਵਿਰੋਧ ਵੀ ਪੈਦਾ ਹੋ ਗਿਆ, ਕ੍ਰੋਧ ਵੀ ਪੈਦਾ ਹੋ ਗਿਆ, ਲੋਭ ਵੀ ਪੈਦਾ ਹੋ ਗਿਆ, ਮੋਹ ਵੀ ਪੈਦਾ ਹੋ ਗਿਆ, ਕਾਮ ਵੀ ਪੈਦਾ ਹੋ ਗਿਆ ਇਥੇ ਆ ਕੇ ਮਨੋਮਯ ਕੋਸ਼ ਵਿਚ ਫਸ ਗਈ। ਕੋਸ਼ ਕਹਿੰਦੇ ਨੇ ਪੜਦੇ ਨੂੰ, ਆਲੇ ਦੁਆਲੇ ਪੜਦਾ ਹੋ ਗਿਆ ਇਹਦੇ। ਤਿੰਨ ਥਾਵਾਂ ਤੋਂ ਹੇਠਾਂ ਆ ਗਈ, ਇਥੋਂ ਹੇਠਾਂ ਆ ਕੇ ਪ੍ਰਾਣਾਂ 'ਚ ਆ ਗਈ, ਪ੍ਰਾਨਮਯ ਕੋਸ਼। ਇਥੋਂ ਆਹ ਸਰੀਰ ਦੇ ਵਿਚ ਆ ਕੇ ਨਾ ਇਹ ਹੁਣ ਜ਼ੋਰ ਲਾ ਲਓ ਜਿੰਨਾਂ ਲਗਦਾ ਹੈ, ਕਿੰਨੇ ਹੀ ਉਪਦੇਸ਼ ਦੇ ਲਓ, ਕਿੰਨਾਂ ਹੀ ਸਮਝਾਈ ਜਾਓ ਕਿ ਸੰਤਾਂ ਦੇ ਬਚਨ ਨਾਲ ਪਾਰ ਹੋਣਾ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥* *ਅੰਗ - ੭੪੭*

ਕਮਾਉਣਾ ਤਾਂ ਵੱਖਰੀ ਗੱਲ ਰਹਿ ਗਈ, ਮੰਨਣਾ ਵੀ ਨਹੀਂ ਅਸੀਂ ਇਸ ਗੱਲ ਨੂੰ। ਜਦੋਂ ਮੰਨਾਂਗੇ ਸਰੀਰ-ਜਦੋਂ ਮੰਨਾਂਗੇ ਸਰੀਰ। ਇਹ ਜੋਤ ਪੰਜਵੇਂ ਥਾਉਂ ਹੇਠਾਂ ਆ ਗਈ। ਇਸ ਤਰ੍ਹਾਂ ਕਬੀਰ ਸਾਹਿਬ ਦਾ ਫੁਰਮਾਨ ਹੈ -

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥*
*ਅੰਗ - ੧੩੭੫*

ਕਹਿੰਦੇ ਜਿਹੜੀ ਉਹ ਜੋਤ ਸੀ ਵਾਹਿਗੁਰੂ ਦੀ ਆ ਕੇ ਪ੍ਰਕ੍ਰਿਤੀ ਵਿਚ ਰਲ ਗਈ। ਹਉਮੈ ਨੇ ਘੇਰਾ ਪਾ ਦਿਤਾ ਇਹਦੇ ਉਤੇ। ਹੁਣ ਸਾਰੇ ਸਿਆਣੇ ਜ਼ੋਰ ਲਾਉਂਦੇ ਨੇ ਇਹ ਨਿਕਲਦੀ ਨਹੀਂ। ਅੱਡ ਨਹੀਂ ਹੁੰਦੀ। ਕਿਉਂ ਨਹੀਂ ਅੱਡ ਹੁੰਦੀ? ਕਿਉਂਕਿ ਇਹ ਪ੍ਰਮੇਸ਼ਰ ਨਾਲੋਂ ਟੁੱਟਿਆ ਹੋਇਆ ਹੈ।

*ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥*
*ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥*
*ਅੰਗ - ੧੩੭੫*

ਇਹ ਜੋਤ ਸੀ ਨਾ -

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ ॥*
*ਹਰਿ ਜੋਤਿ ਰਖੀ ਤੁਧੁ ਵਿਚਿ*
*ਤਾ ਤੂ ਜਗ ਮਹਿ ਆਇਆ ॥* *ਅੰਗ - ੯੨੧*

ਇਹ ਜੋਤ ਜਿਹੜੀ ਸਰੀਰ ਦੇ ਵਿਚ ਸੀ ਉਹ ਵਾਹਿਗੁਰੂ ਹੈ। ਵਾਹਿਗੁਰੂ ਤੋਂ ਅੱਡ ਨਹੀਂ ਹੈ ਕੋਈ ਚੀਜ਼ ਵੀ। ਉਹ ਸਰੀਰ ਦੇ ਨਾਲ ਲੱਗਣ ਕਰਕੇ, ਵੱਖਰੀ ਹਉਮੈ ਹੋਣ ਕਰਕੇ ਵੱਖਰਾ ਅਨੁਭਵ ਜਾਗ ਪਿਆ।

ਗੁਰੂ ਛੇਵੇਂ ਪਾਤਸ਼ਾਹ ਨੂੰ ਇਨ੍ਹਾਂ ਨੇ ਸਵਾਲ ਕਰਿਆ ਕਿ ਸੱਚੇ ਪਾਤਸ਼ਾਹ! ਜੇ ਇਕ ਨੂੰ ਗਿਆਨ ਹੋ ਜਾਵੇ, ਜੇ ਇਕੋ ਹੀ ਜੋਤ ਹੈ ਸਾਰਿਆਂ ਦੇ ਅੰਦਰ ਤਾਂ ਫੇਰ ਸਾਰਿਆਂ ਨੂੰ ਹੀ ਹੋ ਜਾਣਾ ਚਾਹੀਦਾ ਹੈ। ਇਕ ਜੇ ਰੋਟੀ ਖਾ ਲਵੇ ਫੇਰ ਸਾਰਿਆਂ ਦੀ ਭੁੱਖ ਦੂਰ ਹੋ ਜਾਣੀ ਚਾਹੀਦੀ ਹੈ। ਮਹਾਰਾਜ ਕਹਿੰਦੇ, ਪ੍ਰੇਮੀਓ! ਐਉਂ ਨਹੀਂ ਹੁੰਦਾ। ਘੜੇ ਪਏ ਨੇ ਬੇਅੰਤ, ਉਨ੍ਹਾਂ ਦੇ ਵਿਚ ਆਕਾਸ਼ ਹੈ ਸਾਰਿਆਂ ਦੇ ਵਿਚ, ਕੋਠੇ ਘਰ ਨੇ ਸਾਰੇ, ਇਨ੍ਹਾਂ ਸਾਰੇ ਘਰਾਂ ਵਿਚ ਆਕਾਸ਼ ਹੈ। ਜਿਹੜੇ ਘਰ ਵਿਚ ਤੁਸੀਂ ਬਿਜਲੀ ਜਲਾ ਦਿਓਂਗੇ, ਬਟਨ ਦੱਬ ਦਿਓਂਗੇ, ਉਸੇ ਘਰ ਵਿਚ ਚਾਨਣਾ ਹੋਏਗਾ, ਨਾਲ ਦੇ ਵਿਚ ਨਹੀਂ ਹੁੰਦਾ। ਕਿਉਂਕਿ ਬਿਆਪੀ ਹੈ ਆਕਾਸ਼ ਦੀ। ਇਸੇ ਤਰ੍ਹਾਂ ਨਾਲ ਜਿਸ ਘਰ ਦੇ ਅੰਦਰ ਗਿਆਨ ਆ ਗਿਆ ਉਸ ਦੇ ਵਿਚ ਤਾਂ ਆ ਜਾਂਦਾ ਹੈ, ਸਾਰਿਆਂ ਵਿਚ ਨਹੀਂ ਆਉਂਦਾ। ਕਿਉਂਕਿ ਗਿਆਨ ਦੇ ਮੰਡਲ ਵਿਚ ਰਹਿ ਰਹੀ ਹੈ ਚੀਜ਼। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਉਹ ਟੁੱਟ ਗਈ ਵਾਹਿਗੁਰੂ ਦੇ ਨਾਲੋਂ। 'ਸੰਗਤ' ਕਹਿੰਦੇ ਨੇ ਜੋੜ ਨੂੰ, ਉਹ ਟੁੱਟ ਕੇ ਫੇਰ ਜਿਵੇਂ ਸੁਆਹ ਹੋ ਜਾਂਦੀ ਹੈ ਭੱਠ ਦੀ ਐਉਂ ਹੋ ਗਈ। ਹੁਣ ਇਹ ਚਾਰ ਅਵਸਥਾ 'ਚ ਰਹਿੰਦੀ ਹੈ - ਜਾਗ੍ਰਤ, ਸੁਪਨ, ਸਖੋਪਤ, ਤੁਰੀਆ। ਜਦੋਂ ਜਾਗਦਾ ਹੁੰਦਾ ਹੈ ਉਦੋਂ ਹੋਰ ਅਨੁਭਵ ਹੁੰਦਾ ਹੈ। ਜਦੋਂ ਸੁੱਤੇ ਪਏ ਨੂੰ ਸੁਪਨਾ ਆਉਂਦਾ ਹੈ ਫੇਰ ਜਾਗਦਾ ਸਾਰਾ ਸਮਾਜ ਭੁੱਲਿਆ ਹੁੰਦਾ ਹੈ, ਕੁਛ ਨਹੀਂ ਪਤਾ ਹੁੰਦਾ ਕਿ ਮੈਂ ਅਮੀਰ ਹਾਂ, ਗਰੀਬ ਹਾਂ, ਕੁਛ ਵੀ ਨਹੀਂ ਪਤਾ ਹੁੰਦਾ।

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ - ੬੫੭*

ਸਾਡੀ ਵੀ ਇਹੀ ਗਤੀ ਹੋਈ-ਹੋਈ ਹੈ। ਜਦੋਂ ਇਹ ਘੂਕ ਨੀਂਦ 'ਚ ਹੁੰਦਾ ਹੈ। ਉਸ ਵੇਲੇ ਇਹ ਲੀਨਤਾ ਵਿਚ ਹੁੰਦਾ ਹੈ। ਲੇਕਿਨ ਅਗਿਆਨ ਵਾਲੀ ਲੀਨਤਾ ਹੈ। ਜਦੋਂ ਤੁਰੀਆ 'ਚ ਹੁੰਦਾ ਹੈ, ਉਸ ਵੇਲੇ ਵੇਲੇ ਲੀਨਤਾ ਵਿਚ ਹੁੰਦਾ ਹੈ, ਪਰ ਉਸ ਵੇਲੇ ਗਿਆਨ ਹੁੰਦਾ ਹੈ। ਸੋ ਤੁਰੀਆ ਤਾਂ ਹੈ ਸਾਡੀ ਅਸਲੀ ਅਵਸਥਾ। ਤਿੰਨ ਸਾਡੀਆਂ ਗਲਤ

ਨੇ। ਸੋ ਮਹਾਰਾਜ ਕਹਿੰਦੇ ਪ੍ਰੇਮੀਓਂ! ਹਉਮੈ ਨੂੰ ਜੰਮਣ ਮਰਣ ਹੈ। ਹਉਮੈ ਹੀ ਜੰਮਦੀ ਹੈ ਹਉਮੈ ਹੀ ਮਰਦੀ ਹੈ। ਜੀਵ ਜਿਹੜਾ ਹੈ ਇਹ ਹਉਮੈ ਨਾਲ ਜੋਤ ਮਿਲਣ ਕਰਕੇ ਇਹਨੂੰ ਜੀਵ ਕਹਿਣ ਲੱਗ ਗਏ। ਹੈਗਾ ਵਾਹਿਗੁਰੂ ਹੀ, ਉਹ ਜੋਤ ਥੱਲੇ ਉਤਰ ਆਈ। ਜਿਹੜੀ ਆਤਮਾ ਹੈ ਇਹ ਨਾ ਕਦੇ ਜੰਮਦੀ ਹੈ ਨਾ ਮਰਦੀ ਹੈ, ਨਾ ਕਦੇ ਦੁਖੀ ਹੁੰਦੀ ਹੈ –

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ – ੫੫੦*

ਇਹ ਜੰਮਦਾ ਮਰਦਾ ਜੀਵ ਹੈ। ਜੀਵ ਦੇ ਹੁੰਦੇ ਨੇ ਬੰਨ੍ਹਣ। ਹਉਮੈ ਕਰਕੇ ਦੁਖ ਸੁਖ ਇਹੀ ਭੋਗਦਾ ਹੈ। ਇਹੀ ਜਨਮਾਂ 'ਚ ਆਉਂਦਾ ਹੈ, ਇਹੀ ਨਰਕਾਂ 'ਚ ਆਉਂਦਾ ਹੈ, ਇਹੀ ਦੁਖੀ ਹੁੰਦਾ ਹੈ, ਇਹਦੀਓ ਮੁਕਤੀ ਹੁੰਦੀ ਹੈ। ਆਤਮਾ ਨੂੰ ਕੁੱਛ ਨਹੀਂ ਹੁੰਦਾ, ਆਤਮਾ ਸਤਿ, ਚਿੱਤ ਆਨੰਦ ਹੈ, ਸ਼ੁੱਧ ਹੈ, ਚੇਤਨ ਹੈ ਤੇ ਜਿਹੜੀ ਇਹ ਅਵਸਥਾ ਹੈ ਉਹਨੂੰ ਤਾਂ ਕਹਿੰਦੇ ਨੇ ਆਤਮਾ। ਹੈ ਏਸੇ ਸਰੀਰ ਵਿਚ। ਲੇਕਿਨ ਜਿਹੜਾ ਹਉਮੈ 'ਚ ਹੋ ਗਿਆ ਮਹਾਰਾਜ ਕਹਿੰਦੇ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ*
*ਤੋਰੀ ਜਨ ਨਾਨਕ ਮਿਲੇ ਬਨਵਾਰੀ ॥*
*ਅੰਗ – ੧੨੬੩*

ਵਾਹਿਗੁਰੂ ਤੇ ਆਹ ਜਿਹੜਾ ਜੀਵ ਹੈ ਇਹ ਦੋਵੇਂ ਇਕੋ ਥਾਂ ਇਕੱਠੇ ਇਕ ਥਾਂ ਹੀ ਵਸਦੇ ਨੇ। ਹੈ ਵਾਹਿਗੁਰੂ ਦਾ ਹੀ ਹਿੱਸਾ। ਵਾਹਿਗੁਰੂ ਦਾ ਹੇਠਲਾ ਹਿੱਸਾ ਜੀਵ ਕਹਾਉਂਦਾ ਹੈ, ਉਪਰਲਾ ਵਾਹਿਗੁਰੂ ਕਹਾਉਂਦਾ ਹੈ। ਇਹਨੂੰ ਹਉਮੈ ਦੀ ਕੰਧ ਨੇ ਤੋੜ ਦਿਤਾ।

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ – ੬੨੪*

ਮਹਾਰਾਜ ਕਹਿੰਦੇ –

*ਕਥਤਾ ਬਕਤਾ ਸੁਨਤਾ ਸੋਈ ॥*
*ਆਪੁ ਬੀਚਾਰੇ ਸੁ ਗਿਆਨੀ ਹੋਈ ॥ ਅੰਗ – ੧੫੨*

ਆਹ ਸਰੀਰ ਕੀ ਹੈ? ਕਹਿੰਦੇ –

*ਦੇਹੀ ਮਾਟੀ ਬੋਲੈ ਪਉਣੁ ॥*
*ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥*
*ਅੰਗ – ੧੫੨*

ਪੁਛੋ ਕਹਿੰਦੇ ਮਰਿਆ ਕੌਣ ਹੈ? ਕਹਿੰਦੇ, ਮਿੱਟੀ ਦੀ ਦੇਹ ਦੇ ਵਿਚ ਪੌਣ ਬੋਲਦੀ ਸੀ, ਹੁਣ ਦੱਸੋ ਮਰਿਆ ਕੌਣ ਹੈ? ਆਪੇ ਹੀ ਜਵਾਬ ਦਿੰਦੇ ਨੇ –

*ਮੁਈ ਸੁਰਤਿ ਬਾਦੁ ਅਹੰਕਾਰੁ ॥ ਅੰਗ – ੧੫੨*

ਇਕ ਤਾਂ ਲੋਕਾਂ ਦਾ ਜਿਹੜਾ ਝਗੜਾ ਖਤਮ ਹੋ ਗਿਆ। ਮਰ ਗਿਆ ਚਲ ਖਤਮ ਹੋ ਗਿਆ, ਦੂਜਾ ਜਿਹੜੀ ਸੁਰਤ ਸੀ ਨਾ ਉਹ ਮਰ ਗਈ। ਆਹ ਸਰੀਰ ਜਿਹੜਾ ਦਿਸਦਾ ਹੈ, ਇਕ ਹਉਮੈ ਮਰ ਗਈ, ਹਉਮੈ ਦਾ ਬਣਿਆ ਹੋਇਆ ਜੀਵ ਮਰ ਗਿਆ।

*ਓਹੁ ਨ ਮੂਆ ਜੋ ਦੇਖਣਹਾਰੁ ॥ ਅੰਗ – ੧੫੨*

ਇਹਦੇ ਵਿਚ ਜਿਹੜਾ ਸਾਖੀ ਚੇਤਨ ਹੈ ਉਹ ਨਹੀਂ ਮਰਦਾ ਸਾਧਸੰਗਤ ਜੀ! ਉਹ ਤਾਂ ਸਦਾ ਜੀਉਂਦਾ ਰਹਿੰਦਾ ਹੈ। ਮਹਾਂਪੁਰਸ਼ ਜਿਹੜੇ ਹੁੰਦੇ ਨੇ ਉਹ ਸਾਖੀ ਚੇਤਨ ਹੁੰਦੇ ਨੇ, ਉਹ ਅੱਡ–ਅੱਡ ਨਹੀਂ ਹੁੰਦੇ, ਇਕੋ ਹੀ ਹੁੰਦਾ ਹੈ ਸੰਸਾਰ 'ਚ ਦੋ ਨਹੀਂ ਹੋਇਆ ਕਰਦੇ ਜਦੋਂ ਨਿਰਮਲ ਹੋ ਜਾਂਦਾ ਹੈ –

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ – ੧੩੬੭*

ਸੋ ਇਹ ਸਾਰਾ ਹੀ ਅਵਿਦਿਆ ਦਾ ਸਮਾਜ, ਹਉਮੈ ਦਾ ਸਮਾਜ ਮਰਦਾ ਹੈ। ਚਾਹੇ ਪੁੱਤਰ ਰੂਪ ਬਣ ਕੇ ਆ ਜਾਏ, ਚਾਹੇ ਪਿਉ ਬਣਿਆ ਹੋਇਆ ਹੈ, ਚਾਹੇ ਕੁਛ ਬਣਿਆ ਹੋਇਆ ਹੈ, ਸਭ ਹਉਮੈ ਦਾ ਸਮਾਜ ਹੈ। ਜੀਵ ਆਤਮਾ ਬੰਧਨਾਂ ਦੇ ਹਿਸਾਬ ਨਾਲ ਸਰੀਰ ਬਦਲਦੀ ਰਹਿੰਦੀ ਹੈ। ਜਿਹੋ ਜਿਹਾ ਇਹਨੇ ਆਪਣੇ ਆਪ ਨੂੰ ਬਣਾ ਲਿਆ–

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ – ੫੨੬*

ਇਹ ਜੀਵ ਆਤਮਾ ਪ੍ਰੇਤ ਬਣ ਜਾਂਦੀ ਹੈ। ਜਿਹੜਾ ਹਉਮੈ ਨਾਲ ਜੁੜਿਆ ਹੋਇਆ ਹੈ ਨਾ ਹਿੱਸਾ ਚੇਤਨ ਦਾ, ਉਹ ਘੁੰਮਦਾ ਹੈ ਜੂਨਾਂ ਦੇ ਅੰਦਰ। ਸਰੀਰ ਬਦਲਦਾ ਹੈ, ਪਰ ਜਿਹੜਾ ਇਹਦੇ ਵਿਚ ਅਸਲੀ ਸਾਖੀ ਚੇਤਨ ਹੈ, ਉਹ ਨਹੀਂ ਜੰਮਦਾ ਮਰਦਾ, ਉਹ ਤਾਂ ਸਦਾ ਹੀ ਇਕ ਰਸ ਰਹਿੰਦਾ ਹੈ। ਮਹਾਰਾਜ ਕਹਿੰਦੇ –

*ਹਉ ਨ ਮੂਆ ਮੇਰੀ ਮੁਈ ਬਲਾਇ ॥*
*ਅੰਗ – ੧੫੨*

ਮੈਂ ਤਾਂ ਨਹੀਂ ਮਰਿਆ। ਇਹ ਤਾਂ ਜਿਹੜੀ ਹਉਮੈ ਰੂਪ ਬਲਾ, ਅਵਿਦਿਆ ਮੇਰੇ ਗਲ ਪਈ ਹੋਈ ਸੀ, ਉਹ ਮਰੀ ਹੈ –

*ਓਹੁ ਨ ਮੂਆ ਜੋ ਰਹਿਆ ਸਮਾਇ ॥*
*ਅੰਗ – ੧੫੨*

ਜਿਹੜਾ ਵਾਹਿਗੁਰੂ ਸਾਰੇ ਸਮਾਇਆ ਹੋਇਆ ਹੈ ਉਹ ਨਹੀਂ ਮਰਦਾ।

*ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥*
*ਮਰਤਾ ਜਾਤਾ ਨਦਰਿ ਨ ਆਇਆ ॥ ਅੰਗ - ੧੫੨*

ਜੀਵ ਆਤਮਾ ਦੇ ਨਾਲ ਮਿਲ ਕੇ, ਪੰਜ ਤੱਤ ਦੇ ਵਿਚ ਇਹ ਵਸਦੀ ਹੈ, ਤੇ ਪਾਪ ਪੁੰਨ ਦਾ ਬੀਜ ਇਹਦੇ ਵਿਚ ਜਮ੍ਹਾਂ ਹੋ ਜਾਂਦਾ ਹੈ। ਪਾਪ ਪੁੰਨ ਦਾ ਬੀਜ ਹਉਮੈ ਵਾਲੀ ਅਵਸਥਾ ਵਿਚ ਇਕੱਠਾ ਹੋ ਜਾਂਦਾ ਹੈ -

*ਪਾਪੁ ਪੁੰਨੁ ਬੀਜ ਕੀ ਪੋਟ ॥ ਅੰਗ - ੧੫੨*

ਮਹਾਰਾਜ ਕਹਿੰਦੇ ਪਾਪ ਪੁੰਨ ਨਾ ਬੀਜਾਂ ਦੀ ਗੰਢ ਹੈ। ਪੋਟਲੀ ਹੈ -

*ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਅੰਗ - ੧੫੨*

ਆਹ ਜੀਵ ਦੇ ਵਿਚ ਚੋਟ ਹੈ ਇਨ੍ਹਾਂ ਦੀ।

*ਨਾਮੁ ਵਿਸਾਰਿ ਚਲੇ ਮਨਿ ਖੋਟ ॥*
*ਸਾਚੇ ਗੁਰ ਕੀ ਸਾਚੀ ਸੀਖ ॥*
*ਤਨੁ ਮਨੁ ਸੀਤਲੁ ਸਾਚੁ ਪਰੀਖ ॥*
*ਜਲ ਪੁਰਾਇਨਿ ਰਸ ਕਮਲ ਪਰੀਖ ॥*
*ਸਬਦਿ ਰਤੇ ਮੀਠੇ ਰਸ ਈਖ ॥*
*ਹੁਕਮਿ ਸੰਜੋਗੀ ਗੜਿ ਦਸ ਦੁਆਰ ॥*
*ਪੰਚ ਵਸਹਿ ਮਿਲਿ ਜੋਤਿ ਅਪਾਰ ॥ ਅੰਗ - ੧੫੨*

ਹੁਣ ਅਸੀਂ ਸਵਾਲ ਕਰਦੇ ਹਾਂ ਕਿ ਮਹਾਰਾਜ! ਇਹ ਆ ਕਿੱਥੋਂ ਜਾਂਦਾ ਹੈ ਜੀਵ। ਇਹ ਕਹਿੰਦਾ ਮੈਂ ਫਲਾਣੇ ਜਨਮ ਵਿਚ ਫਲਾਣਾ ਸੀ, ਪਿਛਲੇ ਜਨਮ ਵਿਚ ਮੈਂ ਫਲਾਣੇ ਥਾਉਂ ਸੀ, ਅਗਲਾ ਵੀ ਦੱਸ ਦਿੰਦਾ ਹੈ ਕਿ ਮੈਂ ਭੂਤ ਬਣ ਗਿਆ। ਇਹ ਜਾਂਦਾ ਕਿੱਥੋਂ ਹੈ ਤੇ ਆਉਂਦਾ ਕਿੱਥੋਂ ਹੈ? ਫੁਰਮਾਨ ਆਉਂਦਾ ਹੈ ਬਾਣੀ ਵਿਚ -

*ਜਾਤੋ ਜਾਇ ਕਹਾ ਤੇ ਆਵੈ ॥*
*ਕਹ ਉਪਜੈ ਕਹ ਜਾਇ ਸਮਾਵੈ ॥ ਅੰਗ - ੧੫੨*

ਜਦੋਂ ਇਹ ਜਾਂਦਾ ਹੈ ਤਾਂ ਕਿੱਥੇ ਚਲਿਆ ਜਾਂਦਾ ਹੈ। ਆਉਂਦਾ ਕਿੱਥੋਂ ਹੈ। ਜਦੋਂ ਪੈਦਾ ਹੋ ਗਿਆ ਫੇਰ ਜਾ ਕੇ ਸਮਾਉਂਦਾ ਕਿੱਥੇ ਹੈ। ਕਿਹੜਾ ਥਾਉਂ ਹੈ।

*ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਅੰਗ - ੧੫੨*

ਇਹ ਬੰਨ੍ਹਿਆ ਕਿਵੇਂ ਗਿਆ, ਮੁਕਤੀ ਇਹਨੂੰ ਕਿਵੇਂ ਮਿਲਦੀ ਹੈ।

*ਕਿਉ ਅਬਿਨਾਸੀ ਸਹਜਿ ਸਮਾਵੈ ॥ ਅੰਗ - ੧੫੨*

ਕਿਵੇਂ ਇਹ ਸਹਿਜ ਦੇ ਨਾਲ ਅਬਿਨਾਸ਼ੀ ਵਾਹਿਗੁਰੂ 'ਚ ਸਮਾਉਂਦਾ ਹੈ। ਮਹਾਰਾਜ ਕਹਿੰਦੇ ਇਹ ਸਹਿਜ ਨਾਲ ਹੀ ਚੱਲ ਰਹੀ ਹੈ ਗੱਲ।

*ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ*
*ਇਕ ਸਖਨੀ ਹੋਰ ਫੇਰ ਭਰੀਅਤ ਹੈ ॥*
*ਤੈਸੋ ਹੀ ਇਹੁ ਖੇਲੁ ਖਸਮ ਕਾ*
*ਜਿਉ ਉਸ ਕੀ ਵਡਿਆਈ ॥ ਅੰਗ - ੧੩੨੯*

ਖੂਹ ਦੇ ਵਿਚ ਮਾਲ ਚਲਦੀ ਹੈ, ਸਵੇਰ ਤੋਂ ਹਲਟ ਚਲਦਾ ਹੈ, ਇਕ ਖਾਲੀ ਹੋ ਜਾਂਦੀ ਹੈ, ਦੂਜੀ ਭਰ ਜਾਂਦੀ ਹੈ। ਜਿਹੜੀਆਂ ਖਾਲੀ ਹੋਈਆਂ ਹੇਠਾਂ ਜਾ ਕੇ ਉਹ ਭਰ ਜਾਂਦੀਆਂ ਨੇ, ਭਰੀਆਂ ਹੋਈਆਂ ਉਤੇ ਆ ਕੇ ਖਾਲੀ ਹੋ ਜਾਂਦੀਆਂ ਨੇ। ਕਹਿੰਦੇ ਇਹ ਬੰਨ੍ਹਿਆ ਹੋਇਆ ਮਨ ਦਾ, ਸੰਸਾਰ ਦੇ ਵਿਚ ਘੁੰਮਦਾ ਫਿਰਦਾ ਹੈ। ਜੇ ਤਾਂ ਇਹ ਮਨ ਦੇ ਵਿਚ ਹੀ ਰਹੇ, ਇਹ ਨੂੰ ਕੋਈ ਘੁੰਮਣ ਤੋਂ ਹਟਾ ਨਹੀਂ ਸਕਦਾ, ਕਿ ਮੁਕਤੀ ਤਾਂ ਐਵੇਂ ਹੀ ਹੈ। ਅਸੀਂ ਐਵੇਂ ਹੀ ਅਰਦਾਸ ਕਰ ਦਿੰਦੇ ਹਾਂ ਫੇਰ ਕਿ ਚਰਨਾਂ 'ਚ ਨਿਵਾਸ ਦੇਵੀਂ। ਨਾ ਅਰਦਾਸ ਕਰਨ ਵਾਲੇ ਨੂੰ ਪਤਾ ਹੈ ਕਿ ਚਰਨ ਕਿੱਥੇ ਨੇ ਗੁਰੂ ਦੇ ਜਿੱਥੇ ਨਿਵਾਸ ਦੇਣਾ ਹੈ। ਨਾ ਸਾਨੂੰ ਕੁਛ ਪਤਾ।

ਮਹਾਰਾਜ ਕਹਿੰਦੇ ਜਦੋਂ ਤਕ ਤੇਰਾ ਮਨ ਕਾਇਮ ਹੈ ਨਾ, ਜਿੰਨਾ ਚਿਰ ਤੇਰੀ ਹਸਤੀ ਕਾਇਮ ਹੈ ਤੂੰ ਆਪਣੇ ਆਪ ਨੂੰ ਅੱਡ ਸਮਝਦਾ ਹੈਂ ਵਾਹਿਗੁਰੂ ਤੋਂ। ਓਨੀਂ ਦੇਰ ਤੱਕ ਤੂੰ ਮਨ ਦਾ ਬੰਨ੍ਹਿਆ ਹੋਇਆ ਹੈਂ, ਹਉਮੈ ਦਾ ਬੰਨ੍ਹਿਆ ਹੋਇਆ। ਜਗਤ ਵਿਚ ਆਵੇਂਗਾ, ਜਾਵੇਂਗਾ ਜਦੋਂ ਉਨਮਨ ਹੋ ਜਾਵੇਂਗਾ ਓਸ ਵੇਲੇ ਤੇਰਾ ਆਉਣਾ ਜਾਣਾ ਖਤਮ ਹੋ ਜਾਏਗਾ ਕਿਉਂਕਿ ਆਪਣੇ ਸਰੂਪ ਵਿਚ ਚਲਿਆ ਜਾਏਂਗਾ, ਜਿਹੜਾ ਇਹਦੇ ਵਿਚ ਹੀ ਹੈ। ਵਾਹਿਗੁਰੂ ਇਹਦੇ ਨਾਲ ਰਹਿੰਦਾ ਹੈ। ਬਾਹਰ ਨਹੀਂ ਰਹਿੰਦਾ ਕਿਤੇ ਵੀ।

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*
*ਅੰਗ - ੬੮੪*

ਕਿੱਡੀ ਵੱਡੀ ਗੱਲ ਹੈ। ਅਸੀਂ ਰੱਬ ਨੂੰ ਦੇਖਣ ਵਾਸਤੇ ਦੌੜੇ ਹੀ ਫਿਰਦੇ ਹਾਂ। ਕੋਈ ਕਿਤੇ ਜਾਂਦਾ ਹੈ, ਕੋਈ ਕਿਤੇ ਜਾਂਦਾ ਹੈ। ਦਿਸਦਾ ਤਾਂ ਹੈ ਨਹੀਂ ਕਿਸੇ ਨੂੰ। ਜਿਨ੍ਹਾਂ ਨੂੰ ਦਿਸਿਆ ਹੈ ਉਹ ਕਹਿੰਦੇ -

*ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥*
*ਅੰਗ - ੧੧੯੫*

ਦੇਖਣ ਜਾਣੈ, ਕਬੀਰ ਸਾਹਿਬ ਤੁਰ ਪਏ ਰੱਬ ਨੂੰ ਦੇਖਣ। ਕਹਿੰਦੇ, ਕਬੀਰ ਜੀ ਰੱਬ ਮੱਕੇ ਰਹਿੰਦਾ ਹੈ। ਤੁਸੀਂ ਉਥੇ ਚੱਲੋ ਉਥੇ ਦੀਦਾਰੇ ਹੁੰਦੇ ਨੇ। ਸਾਡੇ ਵੀ ਐਸੇ ਨਿਹਚੇ ਨੇ ਕਿ ਫਲਾਣੇ ਗੁਰਦੁਆਰੇ ਚੱਲੋ ਉਥੇ ਗੁਰੂ ਸਾਹਿਬ ਰਹਿੰਦੇ ਨੇ। ਚੰਗਾ ਹੈ, ਇਹ ਇਕ ਸਟੇਜ ਹੁੰਦੀ ਹੈ, ਜਿੱਥੇ ਇਹ ਨਿਹਚੇ ਕੰਮ ਦਿੰਦੇ ਨੇ। ਕਬੀਰ ਸਾਹਿਬ ਚੱਲ ਪਏ, ਸੀਗੇ ਗਿਆਨਵਾਨ ਕਬੀਰ ਸਾਹਿਬ। ਸਾਨੂੰ ਸਮਝਾਉਣਾ ਸੀ, ਉਹ

ਰਾਹ 'ਚੋਂ ਮੁੜ ਆਏ। ਕਹਿੰਦੇ, ਭਗਤ ਜੀ! ਤੁਸੀਂ ਤਾਂ ਹੱਜ ਨੂੰ ਜਾਂਦੇ ਸੀ, ਤੁਸੀਂ ਮੁੜ ਆਏ ਰਸਤੇ 'ਚੋਂ। ਕਹਿੰਦੇ, ਮੈਨੂੰ ਰਾਹ ਵਿਚ ਰੱਬ ਹੀ ਮਿਲ ਗਿਆ, ਮੇਰੇ ਨਾਲ ਤਾਂ ਉਹ ਬਹੁਤ ਬੁਰੀ ਤਰ੍ਹਾਂ ਲੜਿਆ, ਮੈਨੂੰ ਬੜਾ ਝਿੜਕਿਆ ਰੱਬ ਨੇ। ਕਹਿੰਦੇ, ਤੂੰ ਕਿਉਂ ਤੁਰਿਆ ਜਾਂਦਾ ਹੈਂ? ਮੈਂ ਕਿਹਾ ਆਹ ਸਾਰੇ ਤੁਰੇ ਜਾਂਦੇ ਨੇ। ਕਹਿੰਦੇ, ਤੈਨੂੰ ਕਿਹਨੇ ਇਹ ਗੱਲ ਦੱਸ ਦਿਤੀ ਕਿ ਮੈਂ ਉਥੇ ਰਹਿੰਦਾ ਹਾਂ –

*ਕਬੀਰ ਹਜ ਕਾਬੇ ਹਉ ਜਾਇ ਥਾ*
*ਆਗੈ ਮਿਲਿਆ ਖੁਦਾਇ ॥*
*ਸਾਂਈ ਮੁਝ ਸਿਉ ਲਰਿ ਪਰਿਆ*
*ਤੁਝੈ ਕਿਨ੍ਹਿ ਫੁਰਮਾਈ ਗਾਇ ॥ ਅੰਗ – ੧੩੭੫*

ਮੈਂ ਤਾਂ ਤੇਰੇ ਅੰਦਰ ਰਹਿੰਦਾ ਹਾਂ, ਮੈਂ ਹੀ ਕੰਮ ਕਰਦਾ ਹਾਂ ਤੇਰੇ ਸਰੀਰ 'ਚ, ਮੈਨੂੰ ਪਛਾਣ। ਸੋ ਪ੍ਰਮੇਸ਼ਰ ਸਾਰਿਆਂ ਦੇ ਅੰਦਰ ਵਸਦਾ ਹੈ। ਪਛਾਣੋ ਓਸਨੂੰ। ਮਹਾਰਾਜ ਕਹਿੰਦੇ ਹਨ –

*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ ॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥ ਅੰਗ – ੬੮੪*

ਬਾਹਰ ਵੀ ਓਹੀ ਹੈ, ਅੰਦਰ ਵੀ ਓਹੀ, ਸਾਰਿਆਂ ਦੇ ਅੰਦਰ ਓਹੀ ਹੈ।

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ – ੬੮੪*

ਜਿੰਨਾਂ ਚਿਰ ਤੁਸੀਂ ਆਪਣੇ ਆਪ ਨੂੰ ਚੀਨਦੇ ਨਹੀਂ ਨਾ, ਸਵੈ ਅਧਿਐਨ ਨਹੀਂ ਕਰਦੇ। ਕਿੰਨੇ ਮਹਾਂਪੁਰਸ਼ਾਂ ਤੋਂ ਤੁਸੀਂ ਸੁਣੋਂਗੇ ਕਿ ਗੁਰੂ ਸਾਹਿਬ ਆਪਣੇ ਸਵੈ ਸਰੂਪ ਵਿਚ ਲੀਨ ਬੈਠੇ ਸੀ। ਇਥੇ ਕਈ ਫਰਕ ਪਾ ਦਿੰਦੇ ਨੇ ਕਿ ਜੀ ਪ੍ਰਮੇਸ਼ਰ ਰੂਪ ਹੋਰ ਹੈ, ਸਵੈ ਸਰੂਪ ਹੋਰ ਹੈ। ਸਾਧਸੰਗਤ ਜੀ! ਸਵੈ ਸਰੂਪ ਹੀ ਪ੍ਰਮੇਸ਼ਰ ਦਾ ਸਰੂਪ ਹੈ। ਇਸ ਤਰ੍ਹਾਂ ਤਾਂ ਵੱਟਾਂ ਜਿਹੀਆਂ ਪਾ ਕੇ ਲੱਭਣਾ ਹੀ ਕਿਤੇ ਪ੍ਰਮੇਸ਼ਰ। ਇਕ ਜੀਵ ਹੋ ਗਿਆ, ਇਕ ਅੱਗੇ ਜਾ ਕੇ ਹੋਰ ਹੋ ਗਿਆ, ਆਤਮਾ ਹੋ ਗਈ, ਇਕ ਅੱਗੇ ਵਾਹਿਗੁਰੂ ਹੋ ਗਿਆ। ਮਹਾਰਾਜ ਕਹਿੰਦੇ –

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ – ੬੬੧*

ਆਤਮਾ ਤੇ ਪ੍ਰਮੇਸ਼ਰ ਨੂੰ ਇੱਕੋ ਹੀ ਜਾਣੋ। ਜਿਹੜੀ ਦੁਬਿਧਾ ਤੁਸੀਂ ਵਿਚ ਪਾਈ ਹੋਈ ਹੈ, ਇਹਨੂੰ ਆਪੇ ਹੀ ਗਿਆਨ ਦੇ ਨਾਲ ਖਤਮ ਕਰੋ। ਸੋ ਮਹਾਰਾਜ ਕਹਿੰਦੇ, ਇਹ ਜੀਵ ਮਨ ਐਉਂ ਬੰਨ੍ਹ ਲੈਂਦਾ ਹੈ –

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥*

*ਅੰਗ – ੫੨੬*

ਮਨ ਨੇ ਬੰਨ੍ਹ ਲਿਆ ਪੈਸੇ ਨਾਲ ਆਪਣਾ ਆਪ। ਮਰਨ ਤੋਂ ਬਾਅਦ ਕੀ ਹੋਏਗਾ, ਸੱਪ ਬਣ ਜਾਏਗਾ। ਜੇ ਅੰਤ ਵੇਲੇ ਬੱਚਿਆਂ ਨਾਲ ਬੰਨ੍ਹ ਲਿਆ ਕਿ ਮੇਰੇ ਬੱਚਾ ਨਹੀਂ ਹੋਇਆ। ਆਹ ਜਾਇਦਾਦ ਕੌਣ ਸਾਂਭੇਗਾ, ਆਹ ਜਿਹੜੇ ਮੇਰੇ ਨਾਲ ਲੜਦੇ ਨੇ, ਉਹਨੇ ਨੇ ਆ ਜਾਣਾ ਹੈ। ਕਹਿੰਦੇ ਫੇਰ ਮਨ ਦਾ ਬੰਨ੍ਹਿਆ ਹੋਇਆ ਸੂਰ ਬਣਦਾ ਹੈ। ਬਾਰ੍ਹਾਂ-ਬਾਰ੍ਹਾਂ ਜੰਮਦੇ ਨੇ ਛੇ ਮਹੀਨੇ ਬਾਅਦ। ਪਾਲੀ ਜਾ ਬੱਚੇ। ਜੇ ਕਹਿੰਦੇ, ਇਸਤਰੀ ਨੂੰ ਸਿਮਰਦਾ ਮਰ ਗਿਆ ਫੇਰ ਵੇਸਵਾ ਬਣਦਾ ਹੈ। ਸਵਾਲ ਸੀਗਾ ਕਿੱਥੋਂ ਆਉਂਦਾ ਹੈ ਤੇ ਕਿੱਥੇ ਜਾਂਦਾ ਹੈ?

ਮਹਾਰਾਜ ਜਵਾਬ ਦਿੰਦੇ ਨੇ ਕਿ –

*ਸਹਜੇ ਆਵੈ ਸਹਜੇ ਜਾਇ ॥*
*ਮਨ ਤੇ ਉਪਜੈ ਮਨ ਮਾਹਿ ਸਮਾਇ ॥*
*ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਅੰਗ – ੧੫੨*

ਹੁਕਮ ਦੇ ਵਿਚ ਚਲਦਾ ਹੈ। ਜਿਵੇਂ law of nature ਨੇ ਇਸੇ ਤਰ੍ਹਾਂ spiritual Law ਨੇ, ਆਪਣੇ ਆਪ ਨੂੰ ਬੰਨ੍ਹਾ ਲੈਂਦਾ ਹੈ, ਫੇਰ ਉਹਨੂੰ ਆਉਣਾ ਹੀ ਪੈਂਦਾ ਹੈ। ਆਹ ਮਨ ਹੀ ਹੈ ਨਾ। ਇਥੇ ਚਾਰ ਚੀਜ਼ਾਂ ਨੂੰ ਮਹਾਰਾਜ ਨੇ ਮਨ ਕਿਹਾ ਹੈ – ਮਨ, ਬੁੱਧੀ, ਚਿੱਤ ਤੇ ਮੈਂ ਭਾਵ। ਇਨ੍ਹਾਂ ਤੋਂ ਇਹ ਵੱਖਰਾ ਬਣ ਗਿਆ, ਚਾਰਾਂ ਕਰੇ। ਇਹਦੇ ਵਿਚ ਹੀ ਜੇ ਸਮਾਅ ਜਾਵੇ, ਫੇਰ ਇਹ ਪ੍ਰਮੇਸ਼ਰ ਦੇ ਵਿਚ ਲੀਨ ਹੋ ਜਾਂਦਾ ਹੈ, ਪ੍ਰਮੇਸ਼ਰ ਹੀ ਬਣ ਜਾਂਦਾ ਹੈ।

ਜਿਹੜੇ ਗੁਰੂ ਕੋਲ ਚਲੇ ਜਾਂਦੇ ਨੇ, ਗੁਰੂ ਦੀ ਸ਼ਰਨ ਲੈ ਲੈਂਦੇ ਨੇ, ਉਹਦੇ ਬਚਨ ਨੂੰ ਕਮਾਉਂਦੇ ਨੇ, ਉਹਦੇ ਬੰਧਨ ਟੁੱਟ ਜਾਂਦੇ ਨੇ। ਬੰਧਨ ਟੁੱਟਣ ਦੇ ਨਾਲ –

*ਸਬਦੁ ਬੀਚਾਰਿ ਛੁਟੈ ਹਰਿ ਨਾਇ ॥ ਅੰਗ – ੧੫੨*

ਜਦੋਂ ਇਹ ਸ਼ਬਦ ਦੀ ਵਿਚਾਰ ਕਰਦਾ ਹੈ ਫੇਰ ਇਹ ਛੁਟ ਜਾਂਦਾ ਹੈ। ਬਾਕੀ ਜਿਹੜੀਆਂ ਰਿਸ਼ਤੇਦਾਰੀਆਂ ਨੇ ਸੰਸਾਰ ਦੀਆਂ, ਮਹਾਰਾਜ ਕਹਿੰਦੇ ਇਹ ਕੁਛ ਨਹੀਂ ਇਹ ਤਾਂ ਸੰਜੋਗਾਂ ਦੇ ਵਸ ਹੋ ਕੇ –

*ਮਾਤ ਪਿਤਾ ਬਨਿਤਾ ਸੁਤ ਬੰਧਪ*
*ਇਸਟ ਮੀਤ ਅਰੁ ਭਾਈ ॥*

*ਪੂਰਬ ਜਨਮ ਕੇ ਮਿਲੇ ਸੰਜੋਗੀ*
*ਅੰਤਹਿ ਕੋ ਨ ਸਹਾਈ ॥ ਅੰਗ - ੭੦੦*

ਮਹਾਰਾਜ ਕਹਿੰਦੇ ਇਹ ਜਿਹੜਾ ਸੰਜੋਗ ਹੈ ਨਾ ਜਿਵੇਂ ਪੰਛੀ ਆ ਕੇ ਰਾਤ ਨੂੰ ਠਹਿਰ ਜਾਂਦੇ ਨੇ ਦਰੱਖਤ ਦੇ ਉਤੇ, ਉਹਦੇ ਵਿਚ ਕੋਈ ਪੁੱਤਰ ਬਣ ਗਿਆ, ਕੋਈ ਧੀ ਬਣ ਗਈ, ਕੋਈ ਮਾਂ ਬਣ ਗਈ, ਕੋਈ ਪਿਉ, ਕੋਈ ਰਿਸ਼ਤੇਦਾਰ ਬਣ ਗਿਆ, ਕੋਈ ਮਿੱਤਰ। ਇਹ ਸਹਿਜ ਵਿਚੋਂ ਉਡਾਰੀ ਮਾਰ ਕੇ ਆਉਂਦੇ ਨੇ। ਬੰਨ੍ਹੇ ਹੋਏ ਮਨ ਦੇ।

*ਤਰਵਰ ਪੰਖੀ ਬਹੁ ਨਿਸਿ ਬਾਸੁ ॥*
*ਸੁਖ ਦੁਖੀਆ ਮਨਿ ਮੋਹ ਵਿਣਾਸੁ ॥ ਅੰਗ - ੧੫੨*

ਕਹਿੰਦੇ, ਦਰਖਤ ਦੇ ਉਤੇ ਰਾਤ ਨੂੰ ਬਹੁਤ ਪੰਛੀ ਆ ਕੇ ਵਾਸਾ ਕਰਦੇ ਨੇ, ਜਦੋਂ ਰਾਤ ਖਤਮ ਹੋ ਗਈ, ਦਿਨ ਚੜ੍ਹ ਗਿਆ, ਫੇਰ ਆਕਾਸ਼ ਵਲ ਝਾਕਦੇ ਨੇ –

*ਸਾਝ ਬਿਹਾਗ ਤਕਹਿ ਆਗਾਸੁ ॥*
*ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥*
*ਅੰਗ - ੧੫੨*

ਕੋਈ ਇਧਰ ਨੂੰ ਉਡ ਗਿਆ, ਕੋਈ ਓਧਰ ਨੂੰ ਉਡ ਗਿਆ, ਫੇਰ ਨਹੀਂ ਇਕੱਠੇ ਉਡਿਆ ਕਰਦੇ। ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਇਹ ਸੰਸਾਰ ਜਿਵੇਂ ਗੋਇਲ ਹੁੰਦਾ ਹੈ ਪਸ਼ੂ ਚਾਰਨ ਵਾਲਾ, ਉਹ ਪਸ਼ੂਆਂ ਨੂੰ ਲੈ ਕੇ ਦਰਿਆਵਾਂ ਦੇ ਕੰਢਿਆਂ ਤੇ ਚਲੇ ਜਾਇਆ ਕਰਦਾ ਹੈ। ਉਥੇ ਜਾ ਕੇ ਕੁਛ ਰਹਿਣ ਨੂੰ ਥਾਉਂ ਜਿਹਾ ਬਣਾ ਲੈਂਦੇ ਸੀ ਮਾੜਾ ਮੋਟਾ ਤੇ ਉਸ ਤੋਂ ਬਾਅਦ ਜਦੋਂ ਘਾਹ ਵਗੈਰਾ ਆਪਣੇ ਦੇਸ਼ ਵਿਚ ਹੋ ਗਿਆ। ਸਾਰੇ ਪਸ਼ੂਆਂ ਨੂੰ ਹੱਕ ਕੇ ਲੈ ਜਾਂਦੇ ਸੀ। ਤੁਸੀਂ ਦੇਖਦੇ ਹੀ ਹੋਂ ਕਈ ਵਾਰੀ ਲਾਲ ਜਿਹੀਆਂ ਗਾਈਆਂ ਲੈ ਕੇ ਆ ਜਾਂਦੇ ਨੇ ਕਈ ਵਾਰੀ ਪਹਾੜਾਂ ਤੋਂ। ਉਹ ਇਥੇ ਪਿੰਡਾਂ 'ਚ, ਸੜਕਾਂ ਤੇ ਫਿਰਦੇ ਰਹਿੰਦੇ ਨੇ। ਥੋੜ੍ਹੀ ਦੇਰ ਨੂੰ ਆਪਣੇ ਵਾਪਸ ਦੇਸ ਨੂੰ ਚਲੇ ਜਾਂਦੇ ਨੇ। ਇਸੇ ਤਰ੍ਹਾਂ ਮਹਾਰਾਜ ਕਹਿੰਦੇ ਇਹ ਜੋ ਸੰਸਾਰ ਹੈ ਇਹ ਗੋਇਲੀ ਸੰਸਾਰ ਹੈ। ਸੰਸਾਰ ਦੇ ਵਿਚ ਆ ਕੇ ਕਾਮ ਤੇ ਕ੍ਰੋਧ ਦਾ ਜ਼ਹਿਰ ਮਟਕੇ ਵਿਚ ਭਰ ਲੈਂਦਾ ਹੈ। ਉਹ ਖਾਂਦਾ ਹੈ। ਫੇਰ ਜੇ ਗੁਰੂ ਮਿਲ ਜਾਵੇ ਤ੍ਰਿਸ਼ਨਾ ਮਰ ਜਾਂਦੀ ਹੈ ਤੇ ਕਪਾਟ ਖੁਲ੍ਹ ਜਾਂਦੇ ਨੇ। ਹੋਰ ਕੋਈ ਹਾਲ ਨਹੀਂ –

*ਨਾਮ ਸੰਜੋਗੀ ਗੋਇਲਿ ਥਾਟੁ ॥ ਅੰਗ - ੧੫੨*

ਸੰਜੋਗਾਂ ਦੇ ਨਾਲ ਇਕੱਠੇ ਹੋ ਜਾਂਦੇ ਨੇ ਆਪਣੇ ਪਸ਼ੂ ਲੈ ਕੇ।

*ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥*
*ਬਿਨੁ ਵਖਰ ਸੂਨੋ ਘਰੁ ਹਾਟੁ ॥ ਅੰਗ - ੧੫੨*

ਕਾਮ ਤੇ ਕ੍ਰੋਧ ਦੀ ਵਿਹੁ ਦਾ ਭਰਿਆ ਮਟਕਾ ਜਦੋਂ ਫੁੱਟ ਜਾਂਦਾ ਹੈ। ਜੇ ਆਤਮ ਵਸਤੂ ਕੋਲ ਨਹੀਂ ਤਾਂ ਸੂਨੇ ਹੱਟ ਨੇ, ਆਹ ਜਿਹੜਾ ਸਾਰਾ ਸਰੀਰ ਹੈ।

*ਗੁਰ ਮਿਲਿ ਖੋਲੇ ਬਜਰ ਕਪਾਟ ॥ ਅੰਗ - ੧੫੨*

ਜਦੋਂ ਗੁਰੂ ਮਿਲ ਜਾਂਦਾ ਹੈ, ਫੇਰ ਜਿੰਨਾ ਆਹ ਭਰਮ ਹੈ ਜਿੰਨਾ ਮੈਂ ਬੇਨਤੀ ਕਰਿਆ ਹੈ, ਇਹਦੇ ਬਜਰ ਕਪਾਟ ਫੇਰ ਖੁਲ੍ਹਦੇ ਨੇ ਜਦੋਂ ਪੂਰਾ ਮਹਾਂਪੁਰਸ਼ ਮਿਲ ਜਾਏ, ਗੁਰੂ ਮਿਲ ਜਾਏ।

ਜਿਹੜਾ ਇਹ ਗੱਲ ਮਨ ਵਿਚ ਸਮਝ ਲਵੇ ਕਿ ਮੈਂ ਥੋੜ੍ਹੀ ਦੇਰ ਵਾਸਤੇ ਮੈਂ ਸੰਸਾਰ ਵਿਚ ਆਇਆ ਹਾਂ। ਕਹਿੰਦੇ, ਉਹਦੇ ਜਿਹੜੇ ਵਿਹੁ ਦੇ ਭਰੇ ਹੋਏ ਮਟਕੇ ਨੇ, ਉਹ ਫੁੱਟ ਜਾਂਦੇ ਨੇ। ਜੇ ਨਾਮ ਦੀ ਵੱਖਰ ਹੈ ਨਹੀਂ ਅੰਦਰ ਤਾਂ ਇਹ ਘਰ ਸੁੰਨਾ ਹੈ। ਗੁਰੂ ਨੂੰ ਮਿਲ ਕੇ ਬਜਰ ਕਪਾਟ ਖੁਲ੍ਹਦੇ ਨੇ। ਲੇਕਿਨ ਜਿਹੜਾ ਜਿਹੜਾ ਗੁਰੂ ਹੈ, ਇਥੇ ਇਹਨੂੰ ਸਾਧੂ ਕਿਹਾ ਹੈ।

*ਸਾਧੁ ਮਿਲੈ ਪੂਰਬ ਸੰਜੋਗ ॥*
*ਸਚਿ ਰਹਸੇ ਪੂਰੇ ਹਰਿ ਲੋਗ ॥ ਅੰਗ - ੧੫੩*

ਪਹਿਲੇ ਸੰਜੋਗ ਲਿਖੇ ਹੋਣ। ਹੁਣ ਮਹਾਰਾਜ ਨੇ ਸਾਨੂੰ ਇਕ ਜੁਗਤ ਦੱਸ ਦਿਤੀ ਕਿ ਇਹ ਮਨ ਵੀ ਤੇ ਤਨ ਵੀ ਇਹ ਦੋਵੇਂ ਗੁਰੂ ਨੂੰ ਦੇ ਦੇ। ਜਿਹੜਾ ਦੇ ਦੇਵੇ ਕਹਿੰਦੇ ਅਸੀਂ ਉਹਦੇ ਚਰਨੀਂ ਲੱਗਣ ਨੂੰ ਤਿਆਰ ਹਾਂ। ਕਿਉਂਕਿ ਉਹਨੂੰ ਸਭ ਕੁਛ ਪ੍ਰਾਪਤ ਹੋ ਜਾਏਗਾ।

*ਮਨੁ ਤਨੁ ਦੇ ਲੈ ਸਹਜਿ ਸੁਭਾਇ ॥*
*ਨਾਨਕ ਤਿਨ ਕੈ ਲਾਗਉ ਪਾਇ ॥ ਅੰਗ - ੧੫੩*

ਗੁਰੂ ਮਿਲ ਜਾਵੇ ਫੇਰ ਆਪਣਾ ਮਨ ਤੇ ਤਨ ਉਹਨੂੰ ਦੇ ਦੇ। ਜਿੰਨਾਂ ਚਿਰ ਦੋਵੇਂ ਆਪਣੇ ਕੋਲ ਰਖਦਾ ਹੈਂ, ਨਹੀਂ ਗੱਲ ਬਣਨੀ ਸਾਧਸੰਗਤ ਜੀ! ਚਾਹੇ ਸਾਰੀ ਜ਼ਿੰਦਗੀ ਕਹੀ ਜਾ ਕਿ ਮੈਂ ਸਿੱਖ ਹਾਂ, ਮੈਂ ਅੰਮ੍ਰਿਤ ਛਕਿਆ ਹੈ, ਮੈਂ ਪੰਜ ਬਾਣੀਆਂ ਪੜ੍ਹਦਾ ਹਾਂ, ਮੈਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਜ਼ੁਬਾਨੀ ਕਰ ਸਕਦਾ ਹਾਂ, ਮੈਂ ਇਕ ਬੈਠਕ 'ਚ ਕਰ ਸਕਦਾ ਹਾਂ। ਜੇ ਮਨ ਤੇ ਤਨ ਨਹੀਂ ਅਰਪਿਆ ਗੁਰੂ ਨੂੰ, ਤਾਂ ਨਹੀਂ ਗੱਲ ਬਣਨੀ।

*ਤਨੁ ਸੰਤਨ ਕਾ ਧਨੁ ਸੰਤਨ ਕਾ*
*ਮਨੁ ਸੰਤਨ ਕਾ ਕੀਆ ॥*
*ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ*
*ਸਰਬ ਕੁਸਲ ਤਬ ਥੀਆ ॥ ਅੰਗ - ੬੧੦*

ਉਹਦੇ ਨਾਲ ਕੀ ਹੁੰਦਾ ਹੈ ਫੇਰ? ਕੁਸ਼ਲ ਤੇ ਖੇਮ ਆ ਜਾਂਦੀਆਂ ਨੇ ਦੋਵੇਂ ਚੀਜ਼ਾਂ। ਇਹ ਗੱਲ ਨੂੰ ਸਮਝਣ ਵਾਸਤੇ

ਇਕ ਸਾਖੀ ਦੀ ਮਦਦ ਲੈਣੀ ਪੈਂਦੀ ਹੈ। ਫੇਰ ਗੱਲ ਚੰਗੀ ਤਰ੍ਹਾਂ ਸਮਝ ਪੈ ਜਾਂਦੀ ਹੈ ਗੱਲ।

ਰਾਜਾ ਜਨਕ ਉਹਨੂੰ ਇਕ ਐਸਾ ਭਿਆਨਕ ਸੁਪਨਾ ਆਇਆ ਕਿ ਉਸ ਸੁਪਨੇ ਦੇ ਵਿਚ ਇਸ ਦੇ ਦਿਮਾਗ ਦੀ ਸਥਿਤੀ ਐਸੀ ਹੋ ਗਈ। ਅਵਸਥਾ ਐਸੀ ਹੋ ਗਈ ਕਿ ਉਹ ਨੀਮ ਪਾਗਲ ਹੋ ਗਿਆ। ਨਾ ਤਾਂ ਪੂਰੀ ਤਰ੍ਹਾਂ ਪਾਗਲ ਹੋਇਆ, ਨਾ ਉਹ ਪੂਰੀ ਤਰ੍ਹਾਂ ਹੋਸ਼ ਵਿਚ ਰਿਹਾ। ਨੀਮ ਪਾਗਲ ਓਸਨੂੰ ਕਹਿੰਦੇ ਨੇ। ਬਥੇਰੇ ਬੰਦੇ ਆਉਂਦੇ ਨੇ, ਕੱਪੜੇ ਲੀੜੇ ਠੀਕ ਪਾਏ ਹੁੰਦੇ ਨੇ, ਪਰ ਹੁੰਦੇ ਨੀਮ ਪਾਗਲ ਨੇ।

ਸੋ ਰਾਜਾ ਜਨਕ ਨੀਮ ਪਾਗਲ ਹੋ ਗਿਆ, ਇਹਨੂੰ ਬਹੁਤ ਡਰਾਵਣਾ ਸੁਪਨਾ ਆਇਆ ਕਿ ਇਹਦਾ ਰਾਜ ਖੋਹ ਲਿਆ ਤੇ ਇਹਨੂੰ ਬੇਇਜ਼ਤ ਕਰਕੇ, ਨਗਨ ਕਰਕੇ ਸ਼ਹਿਰ ਦੇ ਵਿਚੋਂ ਕੱਢ ਦਿਤਾ। ਇੱਟਾਂ ਵੱਟੇ ਮਾਰਦੇ ਨੇ। ਬੱਚੇ ਪਿੱਛੇ ਰੌਲਾ ਪਾਉਂਦੇ ਨੇ ਕਿ ਪਾਗਲ ਜਾ ਰਿਹਾ ਹੈ, ਪਾਗਲ ਜਾ ਰਿਹਾ ਹੈ। ਤਿੰਨ ਦਿਨ-ਤਿੰਨ ਰਾਤਾਂ ਜੰਗਲਾਂ 'ਚ ਲੁਕ ਕੇ, ਆਪਣੇ ਰਾਜ 'ਚੋਂ ਨਿਕਲਿਆ। ਦੂਸਰੇ ਰਾਜ ਵਿਚ ਗਿਆ, ਉਥੇ ਇਕ ਦਰਖਤ ਕੱਟਿਆ ਹੋਇਆ ਸੀ, ਉਹਦੇ 'ਤੇ ਬਹਿ ਗਿਆ। ਉਥੇ ਖ਼ੂਨ ਲੱਗ ਗਿਆ ਉਹਨੂੰ, ਜਿਹੜਾ ਇੱਟਾਂ ਵੱਟਿਆਂ ਨਾਲ ਨਿਕਲਿਆ ਸੀ। ਭੁੱਖਾ ਮਰਿਆ ਹੋਇਆ, ਕੱਪੜਾ ਕੋਲ ਨਹੀਂ ਸੀ ਕੋਈ ਤੇ ਨੇੜੇ ਕੋਈ ਆਉਂਦਾ ਨਹੀਂ। ਇਕ ਪ੍ਰੇਮੀ ਆਇਆ, ਉਹ ਨੇ ਕਿਹਾ ਕਿ ਤੇਰਾ ਐਹੋ ਜਿਹਾ ਹਾਲ ਹੋਇਆ ਹੈ? ਉਹਨੂੰ ਕਹਿੰਦਾ, ਮੈਂ ਰਾਜਾ ਜਨਕ ਹਾਂ। ਦੁਸ਼ਮਣ ਨੇ ਮੇਰਾ ਸਭ ਕੁਛ ਲੈ ਲਿਆ ਤੇ ਆਹ ਹਾਲ ਮੇਰਾ ਹੋ ਗਿਆ। ਭੁੱਖ ਨਾਲ ਮੇਰੀ ਜਾਨ ਨਿਕਲਦੀ ਹੈ, ਮੈਨੂੰ ਕੋਈ ਜਗ੍ਹਾ ਦੱਸ। ਉਸ ਨੇ ਕਿਹਾ ਕਿ ਔਹ ਸਾਮ੍ਹਣੇ ਲੰਗਰ ਚਲਦਾ ਹੈ, ਉਥੇ ਸਾਮ੍ਹਣੇ ਜਾ ਕੇ ਲੈ ਲੈ। ਭੋਜ ਪੱਤਰ ਵਲੇਟ ਕੇ ਆਲੇ ਦੁਆਲੇ ਉਥੇ ਚਲਿਆ ਜਾਂਦਾ ਹੈ, ਉਥੇ ਚਲਿਆ ਗਿਆ, ਲਾਈਨ ਵਿਚ ਖੜ੍ਹਾ ਹੋ ਗਿਆ, ਸ਼ਕਲ ਦੇਖ ਕੇ ਸਾਰੇ ਹੀ ਘਬਰਾਉਂਦੇ ਨੇ ਕਿ ਇਹ ਕੌਣ ਆ ਗਿਆ। ਜਦੋਂ ਇਹ ਨੇੜੇ ਪਹੁੰਚਦਾ ਹੈ, ਵਾਰੀ ਆ ਗਈ, ਜਿਥੇ ਵਰਤਾਉਂਦੇ ਸੀ, ਉਥੇ ਮੁੱਕ ਗਿਆ ਸਭ ਕੁਛ। ਕਹਿੰਦੇ, ਹੁਣ ਤਾਂ ਮੁਕ ਗਿਆ ਭਾਈ ਤੇ ਜਿਹੜਾ ਹੈਗਾ ਉਹ ਗਰਮ ਐਨਾ ਹੈ ਕਿ ਤੇਰੇ ਹੱਥ ਤੇ ਕਿਵੇਂ ਪਾਈਏ। ਜਾਹ, ਜਾ ਕੇ ਕੋਈ ਬਰਤਨ ਲੈ ਕੇ ਆ। ਓਸ ਵੇਲੇ ਲਾਇਨ 'ਚੋਂ ਨਿਕਲ ਗਿਆ, ਮੰਗਣਾ ਸ਼ੁਰੂ ਕਰ ਦਿਤਾ, 19 ਕੌਡੀਆਂ ਮਿਲੀਆਂ ਮੰਗਦੇ ਨੂੰ, ਰੋਂਦਾ ਹੈ ਬਹੁਤ ਕਿ ਕਿੱਥੇ ਮੇਰੇ ਕੋਲ ਹੀਰੇ, ਜਵਾਹਰਾਤ, ਸੋਨੇ, ਚਾਂਦੀ ਦੇ ਖਜ਼ਾਨੇ ਸੀ ਤੇ ਮੈਂ ਚੁੱਕ-ਚੁੱਕ ਕੇ ਲੱਖਾਂ ਰੁਪਏ ਦੇ ਹੀਰੇ ਦੇ ਦਿੰਦਾ ਸੀ। ਮੈਨੂੰ ਹੁਣ ਮੰਗਣਾ ਪਿਆ ਹੈ, ਮੈਂ ਇਕ ਕੌਡੀ ਵੀ ਕੋਈ ਨਹੀਂ ਦਿੰਦਾ। 19 ਕੌਡੀਆਂ ਦਾ ਇਕ ਕਿਸੋਰਾ ਲੈ ਆਇਆ, ਜਦੋਂ ਉਥੇ ਪਹੁੰਚਿਆਂ ਤਾਂ ਉਹ ਕਹਿੰਦੇ ਕਿ ਹੁਣ ਤਾਂ ਖੁਰਚਣ ਹੀ ਹੈ, ਹੋਰ ਕੁਛ ਨਹੀਂ ਰਿਹਾ। ਇਸ ਨੇ ਕਿਹਾ ਮੈਨੂੰ ਇਹੀ ਪਾ ਦਿਓ। ਖੁਰਚਣ ਪਾ ਦਿਤੀ ਉਨ੍ਹਾਂ ਨੇ ਕਿਹਾ ਤੇਰੇ ਲੰਘਣੀ ਨਹੀਂ, ਓਥੋਂ ਘਿਓ ਲੈ ਲੈ, ਘਿਓ ਲੈਣ ਚਲਿਆ ਗਿਆ। ਉਹਨੇ ਚਮਚਾ ਪਾਇਆ, ਹੱਥ ਹਿੱਲ ਗਿਆ, ਥੱਲੇ ਗਿਰ ਗਿਆ। ਉਹ ਕਹਿੰਦਾ ਚਲਿਆ ਜਾਹ ਹੁਣ। ਇਹਨੇ ਬਹੁਤ ਮਿੰਨਤਾਂ ਕਰੀਆਂ, ਉਸ ਤੋਂ ਬਾਅਦ ਉਹਨੂੰ ਤਰਸ ਆਇਆ, ਉਹ ਇਕ ਚਮਚਾ ਹੋਰ ਪਾ ਦਿਤਾ, ਕਹਿੰਦਾ ਦੇਖ, ਨੇੜੇ ਨਾ ਬੈਠੀਂ ਉਥੇ ਦੂਰ ਚਲ। ਦੂਰ ਭੇਜ ਦਿਤਾ। ਜਿਸ ਵਕਤ ਮੂੰਹ ਵਿਚ ਪਾਉਣ ਲੱਗਿਆ ਬੁਰਕੀ ਉਂਗਲੀਆਂ ਨਾਲ ਭਰ ਕੇ, ਓਸ ਵੇਲੇ ਦੋ ਸਾਂਡ ਭਿੜਦੇ ਸੀ, ਉਨ੍ਹਾਂ ਦੀ ਫੇਟ ਵਿਚ ਆ ਗਿਆ, ਜਿਸ ਵਕਤ ਸੱਟ ਲੱਗੀ, ਇਸਨੂੰ ਜਾਗ ਆ ਗਈ, ਜਾਗ ਆਈ ਤਾਂ ਦੇਖਦਾ ਹੈ ਕਿ ਤਖਤ ਤੇ ਬੈਠਾ ਹਾਂ। ਦਰਬਾਰ ਲੱਗਿਆ ਹੋਇਆ ਹੈ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ - ੬੫੮*

ਰਾਜ ਹੁੰਦੇ-ਸੁ-ਹੁੰਦੇ ਦੁੱਖ ਪਾਇਆ। ਹੁਣ ਇਹ ਬੈਠਾ ਦੇਖਦਾ ਹੈ ਕਿ ਇਹ ਸੁਪਨਾ ਹੈ ਕਿ ਔਹ ਸੁਪਨਾ ਹੈ। ਦਿਮਾਗ ਤੇ ਐਨਾ ਝਟਕਾ ਵੱਜਿਆ ਪਤਾ ਹੀ ਨਹੀਂ ਲਗਦਾ ਕਿ ਆਹ ਸੱਚਾ ਕਿ ਉਹ ਸੱਚਾ ਹੈ। ਓਸ ਵੇਲੇ ਦਰਬਾਰ ਬਰਖਾਸ਼ਤ ਕਰ ਦਿਤਾ ਆਪਣੇ ਅਲੱਗ ਕਮਰੇ ਵਿਚ ਚਲਿਆ ਗਿਆ। ਕੁਛ ਨਹੀਂ ਪਤਾ ਲਗ ਰਿਹਾ, confuse ਹੋ ਗਿਆ। ਘੋੜੇ ਤੇ ਚੜ੍ਹਿਆ, ਦੇਖਣ ਜਾਂਦਾ ਹੈ ਕਿ ਕਿੱਥੇ-ਕਿੱਥੇ ਮੈਂ ਗਿਆ ਸੀ, ਜਦ ਦੇਖਦਾ ਹੈ ਤਾਂ ਉਥੇ ਇੱਟਾਂ ਵੱਟੇ ਪਏ ਨੇ, ਅੱਗੇ ਉਹ ਮੁੱਢ ਦੇਖ ਲਿਆ ਕਿ ਇਹ ਵੀ ਐਵੇਂ ਜਿਵੇਂ ਹੈ। ਉਸ ਤੋਂ ਅੱਗੇ ਜਾ ਕੇ ਦੇਖਿਆ ਕਿ ਉਥੇ ਲੰਗਰ ਲੱਗਿਆ ਹੋਇਆ ਫਰੀ ਚਲ ਰਿਹਾ ਹੈ। ਸੋਚ ਰਿਹਾ ਹੈ ਕਿ ਇਥੇ ਬੈਠਾ ਸੀ ਮੈਂ, ਆਹ ਜਗ੍ਹਾ ਗਿਆ ਸੀ, ਇਥੇ ਸਾਂਢ ਭਿੜੇ ਸੀ। ਉਹਨੂੰ ਦੋਹਾਂ ਦਾ ਨਹੀਂ ਪਤਾ ਲਗਦਾ ਕਿ ਆਹ ਸੱਚਾ ਹੈ ਕਿ ਔਹ ਸੱਚਾ ਹੈ। ਬੇਅੰਤ ਮਹਾਤਮਾ ਸਾਰੇ ਭਾਰਤ ਵਰਸ਼ ਦੇ ਮੰਗਾ ਲਏ ਮਿਥਲਾਪੁਰੀ 'ਚ। ਸੇਵਾ ਕਰੀ ਜਾਂਦਾ ਹੈ, ਮੁੜਨ ਕਿਸੇ ਨੂੰ ਦਿੰਦਾ ਨਹੀਂ। ਕਹਿੰਦਾ, ਮੇਰੇ ਸਵਾਲ ਦਾ ਜਵਾਬ ਦਿਓ। ਓਸ ਤੋਂ ਅੱਠ ਸਾਲ ਬਾਅਦ ਇਕ ਬੱਚਾ ਆਉਂਦਾ ਹੈ ਤੇ ਉਸ ਬੱਚੇ ਨੇ ਕਿਹਾ ਕਿ ਮੈਂ ਜਵਾਬ ਦਿੰਦਾ ਹਾਂ ਤੇਰਾ। ਦੂਸਰੇ ਦਿਨ ਸਭਾ

ਲਗਦੀ ਹੈ, ਜਦੋਂ ਉਹ ਬੱਚਾ ਸਭਾ 'ਚ ਆਉਂਦਾ ਹੈ ਤਾਂ ਉਹਦੇ ਸਰੀਰ ਵਿਚ ਅੱਠ ਵਲ ਪੈਂਦੇ ਸੀ। ਛਾਤੀ ਕਿਧਰੇ ਨੂੰ ਨਿਕਲੀ ਹੋਈ ਸੀ, ਬਾਹਵਾਂ ਕਿਧਰੇ ਨੂੰ ਸੀ, ਝਾਕਦਾ ਕਿੱਧਰ ਨੂੰ ਸੀ, ਦੇਖਦਾ ਕਿੱਧਰ ਨੂੰ ਸੀ। ਅੱਠ ਵਲ ਪੈਂਦੇ ਸੀ, ਲੱਤਾਂ ਵਿਚ ਬਲ ਪੈਂਦੇ ਸੀ, ਪੈਰ ਪੁੱਟਦੇ ਹੀ ਵਲ ਪੈ ਜਾਂਦਾ ਸੀ। ਉਹ ਸਾਰੀ ਸਭਾ ਪਹਿਲਾਂ ਤਾਂ ਇਸ ਕਰਕੇ ਹੱਸੀ ਕਿ ਅੱਠ ਸਾਲ ਦਾ ਬੱਚਾ ਇਹਨੂੰ ਕੀ ਜਵਾਬ ਦੇਵੇਗਾ? ਅਸੀਂ ਨਹੀਂ ਦੇ ਸਕੇ? ਦੂਸਰਾ ਉਸ ਦੇ ਸਰੀਰ ਨੂੰ ਦੇਖ ਕੇ ਸਾਰਿਆਂ ਦਾ ਹਾਸਾ ਨਿਕਲ ਗਿਆ। ਉਸ ਵੇਲੇ ਉਹ ਵੀ ਹੱਸਣ ਲੱਗ ਗਿਆ, ਜਿਵੇਂ ਉਹ ਹੱਸਦੇ ਸੀ ਇਹ ਕਿਸੇ ਹੋਰ ਭਾਵ ਨਾਲ ਉਨ੍ਹਾਂ ਤੇ ਹੱਸਣ ਲਗ ਗਿਆ। ਕਹਿੰਦਾ ਰਾਜਨ! ਆਹ ਚਮੜੇ ਦੇ ਵਪਾਰੀਆਂ ਤੋਂ ਤੂੰ ਚਾਹੁੰਦਾ ਸੀ ਜਵਾਬ? ਇਹ ਤਾਂ ਸਾਰੇ ਚੰਮ ਨੂੰ ਖਰੀਦਣ ਵਾਲੇ ਨੇ। ਇਨ੍ਹਾਂ ਨੇ ਤੇਰਾ ਸ਼ੰਕਾ ਦੂਰ ਕਰਨਾ ਸੀ? ਉਸ ਵੇਲੇ ਰਿਸ਼ੀ-ਮੁਨੀ ਸਾਰੇ ਨਾਰਾਜ਼ ਹੋ ਗਏ। ਵੱਡਾ ਜਿਹੜਾ ਮਹਾਤਮਾ ਸੀ ਉਹ ਕਹਿਣ ਲੱਗਿਆ, ਰਾਜਨ! ਏਸ ਬੱਚੇ ਨੂੰ ਹਟਾਓ ਇਹ ਮਰਿਆਦਾ ਤੋਂ ਉਲਟ ਜਾ ਰਿਹਾ ਹੈ ਤੇ ਗਲਤ ਗੱਲ ਕਹਿ ਰਿਹਾ। ਉਸ ਵੇਲੇ ਬੜੇ ਅਦਬ ਨਾਲ ਰਾਜਾ ਜਨਕ ਨੇ ਕਿਹਾ, ਮੁਨੀ ਜੀ! ਇਹ ਵੱਡੇ-ਵੱਡੇ ਮਹਾਂਪੁਰਸ਼ ਬੈਠੇ ਨੇ, ਤੁਸੀਂ ਆਪਣੇ ਸ਼ਬਦ ਵਾਪਸ ਲੈ ਲਓ। ਕਹਿੰਦਾ, ਨਹੀਂ ਮੈਂ ਆਪਣੇ ਸ਼ਬਦ ਵਾਪਸ ਨਹੀਂ ਲੈਣੇ। ਪਹਿਲਾਂ ਇਨ੍ਹਾਂ ਨੂੰ ਪੁੱਛੋ ਕਿ ਇਹ ਹੱਸਦੇ ਕਿਉਂ ਸੀ? ਇਹ ਮੇਰੇ ਸਰੀਰ ਨੂੰ ਦੇਖ ਕੇ ਹੱਸੇ ਨਾ, ਮੇਰੇ ਚਮੜੇ ਨੂੰ ਦੇਖ ਕੇ ਹੱਸੇ। ਇਹ ਸਾਰੇ ਚਰਮ ਦ੍ਰਿਸ਼ਟੀ ਵਾਲੇ ਬੈਠੇ ਨੇ, ਚੰਮ ਪਰਖਣ ਵਾਲੇ। ਇਥੇ ਆਤਮਦਰਸ਼ੀ ਨਹੀਂ ਕੋਈ, ਆਤਮਾ ਵਿਚ ਤਾਂ ਮੇਰੇ ਕੋਈ ਵਲ ਨਹੀਂ ਹੈ, ਜੇ ਚੰਮ 'ਚ ਵਲ ਹੈ। ਚੰਮ ਨੂੰ ਦੇਖ ਕੇ ਇਹ ਮੇਰੇ ਵਲ ਹੱਸੇ ਤਾਂ ਮੈਂ ਇਹ ਸ਼ਬਦ ਵਰਤ ਦਿਤਾ। ਨੀਵੀਆਂ ਪਾ ਲਈਆਂ ਸਾਰਿਆਂ ਨੇ। ਕਹਿਣ ਲੱਗੇ, ਜੇ ਗੰਨੇ 'ਚ ਵਿੰਗ, ਹੋਵੇ ਤਾਂ ਰਸ ਵਿਚ ਤਾਂ ਕੋਈ ਵਿੰਗ ਨਹੀਂ ਹੋਇਆ ਕਰਦਾ। ਰਸ ਤਾਂ ਓਨਾ ਹੀ ਮਿੱਠਾ ਹੁੰਦਾ ਹੈ, ਸਿੱਧੇ ਦਾ ਵੀ, ਵਿੰਗੇ ਦਾ ਵੀ। ਚੁੱਪ ਕਰ ਗਏ ਕਿ ਬੱਚਾ ਲਾਜਵਾਬ ਹੈ, ਜ਼ਰੂਰ ਕੁਛ ਦੱਸੇਗਾ। ਓਸ ਵੇਲੇ ਚੌਂਕੀਂ ਤੇ ਜਾ ਕੇ ਬੈਠ ਜਾਂਦੇ ਨੇ। ਕਹਿੰਦੇ, ਰਾਜਨ! ਹੁਣ ਕਰ ਸਵਾਲ? ਰਾਜੇ ਨੇ ਕਿਹਾ, ਇਹ ਸੱਚਾ ਕਿ ਓਹ ਸੱਚਾ? ਕਹਿੰਦੇ, ਦੋਵੇਂ ਝੂਠੇ। ਰਾਜਾ ਜਨਕ ਦੇਖਦਾ ਹੈ ਕਿ ਸਮਝ 'ਚ ਨਹੀਂ ਆਉਂਦਾ। ਕਹਿੰਦੇ, ਰਾਜਨ! ਤੈਨੂੰ ਮੈਂ ਇਕ ਗੱਲ ਦੱਸਦਾ ਹਾਂ ਤੇਰੀ ਹੀ, ਤੂੰ ਯਾਦ ਕਰ, ਇਕ ਵਾਰੀ ਸੰਤਾਂ ਦੀ ਸਭਾ ਹੋ ਰਹੀ ਸੀ। ਉਸ ਸਭਾ ਵਿਚ ਵਿਚਾਰ ਹੋ ਰਹੀ ਸੀ ਕਿ ਜੇ ਗੁਰੂ ਨਹੀਂ ਧਾਰਿਆ, ਨਿਗੁਰਾ ਪੁਰਸ਼ ਹੈ ਉਹਦਾ ਨਾਉਂ ਲੈਣਾ ਵੀ ਬੁਰਾ ਹੁੰਦਾ ਹੈ ਤੇ ਤੈਨੂੰ ਆਇਆ ਹੈ ਇਕ ਸੁਪਨਾ। ਬਹੁਤ ਭਿਆਨਕ ਸੁਪਨਾ, ਉਸ ਵਿਚ ਤੂੰ ਔਹ ਗੱਲਾਂ ਦੇਖੀਆਂ, ਜਿਹੜੀਆਂ ਤੂੰ ਦੱਸ ਨਹੀਂ ਸਕਦਾ। ਖੋਲ੍ਹ ਕੇ ਨਹੀਂ ਦੱਸਦਾ। ਜੇ ਖੋਲ੍ਹ ਕੇ ਦੱਸਦਾ ਤਾਂ ਤੈਨੂੰ ਇਹ ਜਵਾਬ ਮਿਲ ਜਾਂਦਾ। ਉਸ ਤੋਂ ਬਾਅਦ ਤੂੰ ਤਖਤ ਤੇ ਬੈਠਾ ਸੁੱਤਾ ਸੀ, ਤੈਨੂੰ ਹੁਣ ਇਹ ਨਹੀਂ ਸੀ ਪਤਾ ਲਗਦਾ ਕਿ ਉਹ ਸੁਪਨਾ ਸੱਚਾ ਹੈ ਕਿ ਇਹ ਸੱਚਾ ਹੈ। ਅਸੀਂ ਇਹ ਕਹਿੰਦੇ ਹਾਂ ਕਿ ਦੋਵੇਂ ਝੂਠੇ ਨੇ।

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥***

***ਅੰਗ - ੮੦੮***

ਕਹਿਣ ਲੱਗੇ, ਰਾਜਨ! ਸੁਪਨਾ ਜਿਹੜਾ ਹੈ ਔਹ ਵੀ ਝੂਠਾ, ਕਿਉਂਕਿ ਜਾਗਣ ਤੋਂ ਬਾਅਦ ਰਿਹਾ ਨਾ ਸਭ ਕੁਛ ਜੋ ਕੁਛ ਤੂੰ ਦੇਖਿਆ ਸੀ, ਤੈਨੂੰ ਮਾਰਦੇ ਸੀ ਕੁਟਦੇ ਸੀ, ਫੌਜਾਂ ਕਿੱਥੇ ਚਲੀਆਂ ਗਈਆਂ, ਤੂੰ ਤਾਂ ਤਖਤ ਤੇ ਬੈਠਾ ਹੈਂ। ਜਿਹੜਾ ਹੁਣ ਤੂੰ ਸੰਸਾਰ ਵਿਚ ਰਹਿ ਰਿਹਾ ਹੈਂ ਇਹ ਲੰਮਾ ਸੁਪਨਾ ਹੈ, ਉਹ ਇਕ ਰਾਤ ਦਾ ਥੋੜ੍ਹੇ ਮਿੰਟਾਂ, ਸਕਿੰਟਾਂ ਦਾ ਸੁਪਨਾ ਹੈ। ਇਹ ਸਾਲਾਂ ਦਾ ਸੁਪਨਾ ਹੈ। ਜਦੋਂ ਤੂੰ ਇਥੋਂ ਚਲਿਆ ਜਾਏਂਗਾ ਫੇਰ ਤੈਨੂੰ ਇਹ ਝੂਠਾ ਲੱਗੇਗਾ। ਏਸ ਕਰਕੇ ਇਹ ਵੀ ਝੂਠਾ ਹੈ ਤੇ ਔਹ ਵੀ ਝੂਠਾ ਹੈ। ਉਸ ਵੇਲੇ ਇਹਦੇ ਮਨ ਵਿਚ ਖਿਆਲ ਆਇਆ, ਕਹਿਣ ਲੱਗੇ ਕਿ ਤੂੰ ਸੱਚਮੁੱਚ ਹੀ ਤਕਲੀਫ ਮਿਲਣੀ ਸੀ, ਇਵੇਂ ਜਿਵੇਂ ਤੂੰ ਬੇਇਜ਼ਤ ਹੋ ਕੇ ਨਿਕਲਣਾ ਸੀ ਪਰ ਤੂੰ ਸਾਧੂਆਂ ਦੀ ਸੇਵਾ ਕਰਦਾ ਸੀ, ਉਹਦੇ ਕਰਕੇ ਤੇਰਾ ਜਿਹੜਾ ਕਰਮ ਸੀ, ਉਹ ਪ੍ਰਮੇਸ਼ਰ ਨੇ ਸੁਪਨੇ ਵਿਚ ਕੱਟ ਦਿਤਾ ਤੇ ਮਾਇਆ ਤੇਰੇ ਤੇ ਸੰਤਾਂ ਨੇ ਪਾਈ ਸੀ, ਤੂੰ ਯਾਦ ਕਰ ਓਸਨੂੰ।

ਉਸ ਵੇਲੇ ਰਾਜਾ ਜਨਕ ਕਹਿਣ ਲੱਗਿਆ, ਠੀਕ ਮੁਨੀ ਜੀ। ਇਕ ਵਾਰੀ ਮੈਂ ਸੰਤਾਂ ਦੇ ਨਾਲ ਬਹਿਸ ਪਿਆ ਸੀ ਏਸ ਗੱਲ ਦੇ ਉਤੇ ਕਿ ਮਾਇਆ ਨਹੀਂ ਪੈ ਸਕਦੀ ਜਿਹੜਾ ਬੰਦਾ ਸੋਝੀਵਾਨ ਹੈ। ਜਦੋਂ ਪਤਾ ਹੈ ਕਿ ਸਾਰੇ ਪ੍ਰਮੇਸ਼ਰ ਹੈ ਫੇਰ ਕਿਵੇਂ ਮਾਇਆ ਪੈ ਜਾਏਗੀ? ਉਹ ਹਿੰਡ ਕਰੀ ਸੀ ਪਰ ਮਹਾਂਪੁਰਸ਼ਾਂ ਨੇ ਮਾਇਆ ਪਾ ਤਾਂ ਦਿਤੀ, ਤੈਨੂੰ ਤਕਲੀਫ ਤੋਂ ਵੀ ਬਚਾ ਲਿਆ ਤੇ ਸਾਧੂਆਂ ਦੀ ਸੰਗਤ ਕਰਕੇ, ਸੇਵਾ ਕਰਕੇ ਅੱਠ ਸਾਲ ਤੋਂ ਤੂੰ ਲਗਾਤਾਰ ਸੇਵਾ ਕਰੀ ਹੈ, ਉਹਦੇ ਕਰਕੇ ਤੇਰਾ ਰਾਜ ਭਾਗ ਵੀ ਬਚ ਗਿਆ, ਜਾਣਾ ਸੀਗਾ ਇਹ।

ਉਸ ਵੇਲੇ ਰਾਜਾ ਜਨਕ ਨੇ ਸਾਰੀ ਗੱਲ ਵਿਚਾਰ ਕੇ ਅਧਿਆਸ ਟੁੱਟ ਗਿਆ ਤੇ ਦੋਵੇਂ ਸੁਪਨੇ ਸਮਝ ਲਏ। ਉਸ ਵੇਲੇ ਓਹਨੇ ਐਲਾਨ ਕਰਿਆ ਕਿ ਮਹਾਂਪੁਰਸ਼ੋ! ਸਾਰੇ ਭਾਰਤ ਵਰਸ਼ ਦੇ ਮਹਾਂਪੁਰਸ਼ ਤੁਸੀਂ ਇਕੱਠੇ ਹੋਏ ਹੋਂ ਤੇ ਮੈਂ ਨਿਗੁਰਾ ਪੁਰਸ਼ ਹਾਂ, ਮੈਂ ਗੁਰੂ ਧਾਰਨ ਕਰਨਾ ਹੈ, ਪਰ ਮੈਂ ਕਰਨਾ

ਉਹਨੂੰ ਹੈ ਗੁਰੂ, ਜਿਹੜਾ ਮੈਨੂੰ ਘੋੜੇ ਦੀ ਰਕਾਬ ਵਿਚ ਪੈਰ ਪਾਉਣ ਤੋਂ ਬਾਅਦ ਦੂਜੇ ਪਾਸੇ ਪੈਰ ਪਾਉਣ ਤੱਕ ਦੋ ਚਾਰ ਪੰਜ ਸੈਕਿੰਟ ਦੇ ਅੰਦਰ ਮੈਨੂੰ ਗਿਆਨ ਕਰਾ ਦੇਵੇ। ਸਾਰੇ ਮਹਾਂਪੁਰਸ਼ ਚੁੱਪ ਹੋ ਗਏ ਕਿ ਹੈਂ ਗਿਆਨ। ਗਿਆਨ ਦੇ ਵਾਸਤੇ ਤਾਂ ਪਹਿਲਾਂ ਕਰਮ ਦਾ ਅਭਿਆਸ ਕਰਨਾ ਪੈਂਦਾ ਹੈ। ਸ਼ੁੱਭ ਕਰਮ ਕਰਨੇ ਪੈਂਦੇ ਨੇ, ਨਿਸ਼ਕਾਮ ਕਰਮ ਕਰਨੇ ਪੈਂਦੇ ਨੇ, ਨਿਸ਼ਕਾਮ ਕਰਮਾਂ ਦੇ ਨਾਲ ਮਨ ਦੀ ਮੈਲ ਹੁੰਦੀ ਹੈ, ਚਿੱਤ ਨਿਰਮਲ ਹੁੰਦਾ ਹੈ, ਨਿਰਮਲ ਹੋਣ ਤੋਂ ਬਾਅਦ ਫੇਰ ਉਪਾਸਨਾ ਕਰਨੀ ਪੈਂਦੀ ਹੈ ਟਿਕਾਉਣ ਵਾਸਤੇ। ਚਿੱਤ ਤਾਂ ਟਿਕਿਆ ਨਹੀਂ, ਛਲਾਂਗਾਂ ਮਾਰਦਾ ਹੈ ਮਨ, ਚਿੱਤ ਦੀਆਂ ਭਾਵਨਾਵਾਂ ਆਦਮੀ ਨੂੰ ਲਈਂ ਫਿਰਦੀਆਂ ਨੇ, ਕਿਉਂਕਿ ਜਿਹੜਾ ਸਾਡਾ ਸਰੀਰ ਹੈ ਨਾ ਸਾਧਸੰਗਤ ਜੀ! ਇਹ ਰੱਥ ਹੈ ਰੱਥ। ਜਿਹੜੀਆਂ ਸਾਡੀਆਂ ਇੰਦਰੀਆਂ ਨੇ ਬੜੇ ਹੀ ਬਲਵਾਨ ਘੋੜੇ ਨੇ, ਅਮੋੜ ਘੋੜੇ, ਮੁੜਦੇ ਨਹੀਂ ਹਨ। ਅੱਖਾਂ ਦੇਖਣ ਲਗ ਜਾਣ ਕਿਸੇ ਨੂੰ, ਡੂੰਘੀਆਂ ਚਲੀਆਂ ਜਾਂਦੀਆਂ ਨੇ, ਨਹੀਂ ਮੁੜਦੀਆਂ ਮਨ ਮੋੜ ਕੇ ਦਿਖਾ ਦਿਓ। ਮਨ ਜਿਹੜਾ ਹੈ ਇਹ ਵਾਗਾਂ ਨੇ, ਬੁੱਧੀ ਜਿਹੜੀ ਹੈ ਇਹ ਸਾਰਥੀ ਹੈ, ਡਰਾਈਵਰ ਹੈ ਚਲਾਉਣ ਵਾਲਾ, ਜੀਵ ਆਤਮਾ ਬੈਠਾ ਹੈ ਇਹਦੇ ਤੇ। ਉਹ ਰਾਸਾਂ ਢਿੱਲੀਆਂ ਕਰਕੇ ਬੁੱਧੀ ਨਾਲ ਰਲਾ ਲਈ ਇੰਦਰੀਆਂ ਨੇ ਆਪਣੇ ਨਾਲ। ਉਹਨੇ ਘੋੜਿਆਂ ਦੀਆਂ ਰਾਸਾਂ ਢਿੱਲੀਆਂ ਕਰ ਦਿਤੀਆਂ, ਫੇਰ ਮਨ-ਮਰਜ਼ੀ ਕਰਦੀਆਂ ਨੇ, ਖੱਡਿਆਂ 'ਚ ਸੁੱਟ ਦਿੰਦੀਆਂ ਨੇ। ਜੇ ਬੁੱਧੀ ਡਰਾਈਵਰ ਨੇ ਸ਼ਰਾਬ ਪੀਤੀ ਹੋਵੇ, ਨਸ਼ਾ ਚੜ੍ਹਿਆ ਹੋਵੇ, ਉਹ ਫੇਰ ਕੀ ਕਰਦਾ ਐਕਸੀਡੈਂਟ ਕਰ ਦਿੰਦਾ ਹੈ। ਜੀਵ ਆਤਮਾ ਇਹਦੇ ਵਸ ਵਿਚ ਆਇਆ ਹੋਇਆ, ਬੇਵਸ ਹੋਇਆ ਦੁਖੀ ਹੁੰਦਾ, ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ, ਇੰਦਰੀਆਂ ਭੋਗਦੀਆਂ ਨੇ, ਨਾਲ ਆਪੇ ਭੋਗਤਾ ਕਰਤਾ ਬਣ ਕੇ, ਦੁਖੀ ਸੁਖੀ ਹੋ ਕੇ, ਜੰਮਦਾ ਮਰਦਾ ਤੁਰਿਆ ਰਹਿੰਦਾ ਹੈ। ਸੋ ਜਦੋਂ ਤੱਕ ਗੁਰੂ ਨਹੀਂ ਮਿਲਦਾ ਓਨੀਂ ਦੇਰ ਤੱਕ ਇਨ੍ਹਾਂ ਗੱਲਾਂ ਤੋਂ ਛੁਟਕਾਰਾ ਨਹੀਂ ਹੋਇਆ ਕਰਦਾ। ਪਤਾ ਨਹੀਂ ਲਗਦਾ। ਸੋ ਮਨ ਨਾ ਟਿਕਣ ਕਰਕੇ, ਐਹੋ ਜਿਹੀ ਅਵਸਥਾ 'ਚ ਹੋਣ ਕਰਕੇ ਉਪਾਸਨਾ ਜ਼ਰੂਰੀ ਹੁੰਦੀ ਹੈ। ਤਿੰਨ ਅਵਸਥਾ ਹੁੰਦੀਆਂ ਨੇ ਭਜਨ ਦੀਆਂ ਪਹਿਲਾ ਤਾਂ ਹੁੰਦਾ ਹੈ ਕਰਮ, ਦੂਸਰੀ ਹੁੰਦੀ ਹੈ ਉਪਾਸਨਾ, ਉਪਾਸਨਾ ਹੋਇਆ ਕਰਦੀ ਹੈ ਦੋ ਤਰ੍ਹਾਂ ਦੀ। ਇਕ ਅੰਤਰੰਗ ਹੁੰਦੀ ਹੈ, ਇਕ ਬੈਰੰਗ ਹੁੰਦੀ ਹੈ। ਜਦੋਂ ਤਕ ਆਦਮੀ ਉਪਾਸਨਾ 'ਚ ਨਹੀਂ ਲੰਘਦਾ ਗਿਆਨ ਨਹੀਂ ਆ ਸਕਦਾ। ਗਿਆਨ ਜੇ ਹੋਏਗਾ ਤਾਂ ਗੱਲਾਂ ਦਾ ਗਿਆਨ ਹੋਏਗਾ। ਯਥਾਰਥ ਗਿਆਨ ਨਹੀਂ ਹੋਏਗਾ। ਸੋ ਉਪਾਸਨਾ ਨੂੰ ਹੁਣ ਅਸੀਂ ਨਹੀਂ ਮੰਨਦੇ। ਸਾਡੀਆਂ ਕਿਤਾਬਾਂ ਇਹੋ ਜਿਹੀਆਂ ਮੈਂ ਪੜ੍ਹੀਆਂ ਨੇ ਉਪਾਸਨਾ ਦੇ ਨੇੜੇ ਤੇੜੇ ਨਹੀਂ ਜਾਂਦੀਆਂ। ਉਨ੍ਹਾਂ ਨੂੰ ਪ੍ਰੈਕਟੀਕਲੀ ਗਿਆਨ ਨਹੀਂ। ਖੰਡਨ ਮੰਡਨ ਜਿਹਾ ਕਰੀ ਜਾਂਦੇ ਨੇ ਉਹਦੇ ਨਾਲ ਜਗਿਆਸੂਆਂ ਦਾ ਬੜਾ ਭਾਰਾ ਨੁਕਸਾਨ ਹੋ ਰਿਹਾ ਹੈ। ਉਹਨੇ ਤਾਂ ਕਿਤਾਬ ਲਿਖ ਦਿਤੀ ਕਿ ਪੈਸੇ ਵਟਾਂਗੇ, ਲੇਕਿਨ ਨੁਕਸਾਨ ਲੱਖਾਂ ਜਗਿਆਸੂਆਂ ਦਾ ਕਰ ਦਿਤਾ ਤੇ ਕਈ ਮਹਾਤਮਾ ਇਹ ਕਹਿੰਦੇ ਨੇ ਕਿ ਜਿਹੜਾ ਗਲਤ ਕਿਤਾਬ ਲਿਖ ਦੇਵੇ, ਇਨ੍ਹਾਂ ਲਈ ਨਰਕ ਨਵਾਂ ਬਣਾਉਂਦਾ ਹੈ ਧਰਮਰਾਜ। ਕਿਉਂਕਿ ਉਹਦੀ ਕਿਤਾਬ ਪੜ੍ਹ ਕੇ ਹਜ਼ਾਰਾਂ ਹੀ ਬੰਦਿਆਂ ਨੇ ਬਹਿਕਾਏ ਜਾਣਾ, ਗਲਤ ਚਲੇ ਜਾਣਾ ਹੈ। ਹੁਣ ਤਾਂ ਸਾਰਾ ਲਿਟਰੇਚਰ ਹੀ ਗਲਤ ਹੋਣ ਲਗ ਗਿਆ।

ਸੋ ਉਪਾਸਨਾ ਹੋਇਆ ਕਰਦੀ ਹੈ ਮਨ ਨੂੰ ਠਹਿਰਾਉਣ ਵਾਸਤੇ। ਇਹਦੇ ਵਿਚ ਹੁੰਦੀ ਤ੍ਰਿਕੁਟੀ ਧਿਆਤਾ, ਧਿਆਨ, ਧੇਅ ਦੀ। ਜਦੋਂ ਤ੍ਰਿਕੁਟੀ ਟੁੱਟਦੀ ਹੈ ਫੇਰ ਗਿਆਤਾ, ਗਿਆਨ, ਗੇਅ ਦੀ ਵਾਰੀ ਆਉਂਦੀ ਹੈ ਫੇਰ ਗਿਆਨ ਹੋਇਆ ਕਰਦਾ ਹੈ। ਸੋ ਮਹਾਤਮਾ ਕਹਿੰਦੇ ਕਿ ਨਾ ਇਹਨੇ ਕਰਮ ਦਾ ਸਾਧਨ ਕਰਿਆ ਹੈ, ਨਾ ਉਪਾਸਨਾ ਕਰੀ ਹੈ, ਗਿਆਨ ਕਿਵੇਂ ਹੋ ਜਾਏਗਾ? ਗਿਆਨ ਤਾਂ ਸ਼ੁੱਧ ਮਨ ਨੂੰ ਹੁੰਦਾ ਹੈ। ਉਸ ਵੇਲੇ ਇਹ ਬੱਚਾ ਫੇਰ ਉਠਿਆ। ਕੁਰਸੀ ਉਹਦੀ ਚੰਦਨ ਦੀ ਡਾਹੀ ਹੋਈ ਸੀ। ਇਹ ਜਦੋਂ ਵਧਣ ਲੱਗਿਆ ਕੁਰਸੀ ਵਲ ਨੂੰ ਤਾਂ ਰਾਜਾ ਕਹਿਣ ਲੱਗਿਆ, ਮੁਨੀ ਜੀ! ਸ਼ਰਤ ਆਹ ਹੈ, ਸੁਣ ਲਈ ਤੁਸੀਂ? ਕਹਿੰਦਾ ਹਾਂ ਸੁਣ ਲਈ, ਤੂੰ ਘੋੜਾ ਮੰਗਾ।

ਘੋੜਾ ਮੰਗਾ ਲਿਆ। ਪੈਰ ਰੱਖ ਲਿਆ, ਕਹਿੰਦਾ ਮੈਂ ਹੁਣ ਚੜ੍ਹਨ ਲੱਗਿਆ ਹਾਂ ਮੈਨੂੰ ਗਿਆਨ ਕਰਾਓ। ਕਹਿੰਦਾ, ਠਹਿਰ। ਰਾਜਨ! ਤੈਨੂੰ ਹੋ ਜਾਣਾ ਹੈ ਗਿਆਨ, ਤੈਨੂੰ ਤਤੂ ਦਾ ਗਿਆਨ ਹੋ ਜਾਣਾ ਹੈ, ਤੈਨੂੰ ਹਰ ਥਾਂ ਪ੍ਰਮੇਸ਼ਰ ਦਿਸਣ ਲਗ ਜਾਣਾ ਹੈ, ਜ਼ਰੂਰੀ ਨਹੀਂ ਕਿ ਤੂੰ ਰਾਜ ਗੱਦੀ ਤੇ ਬੈਠੇਂ, ਇਹ ਜਿਹੜਾ ਹੁਣ ਤੂੰ ਜਨਕ ਖੜ੍ਹਾ ਹੈਂ, ਇਹ ਨਹੀਂ ਪਤਾ ਕਿ ਤੂੰ ਉਹ ਰਹੇਂ ਕਿ ਨਾ ਰਹੇਂ ਤੇ ਗੁਰੂ ਦੱਛਣਾ ਰਹਿ ਜਾਣੀ ਹੈ ਤੂੰ ਪਹਿਲਾਂ ਗੁਰੂ ਦੱਛਣਾ ਦੇਹ।

ਰਾਜਾ ਕਹਿਣ, ਦੱਸੋਂ ਕੀ ਚਾਹੀਦਾ ਹੈ? ਜਿਹੜਾ ਕੁਛ ਤੁਸੀਂ ਕਹੋ ਮੈਂ ਗੁਰੂ ਦੱਛਣਾ ਦੇਵਾਂਗਾ। ਕਹਿਣ ਲੱਗੇ, ਤਨ, ਮਨ ਧਨ ਤਿੰਨਾਂ 'ਚੋਂ ਇਕ ਚੀਜ਼ ਦੇ ਦੇ। ਵੈਸੇ ਤਾਂ ਗੁਰੂ ਤਿੰਨੇ ਚੀਜ਼ਾਂ ਲੈਂਦਾ ਹੈ।

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* ***ਅੰਗ - ੯੧੮***

ਸਉਂਪਣ ਤੋਂ ਬਾਅਦ ਕੀ ਹੁੰਦਾ ਹੈ? ਕਹਿੰਦੇ ਫੇਰ ਹੁਕਮ ਮੰਨੋ ਗੁਰੂ ਦਾ।

*'ਹੁਕਮ ਮੰਨਿਐ'*

ਫੇਰ ਨਤੀਜਾ ਕੀ ਹੁੰਦਾ ਹੈ? ਕਹਿੰਦੇ –

*'ਪਾਈਐ'*

ਵਾਹਿਗੁਰੂ ਮਿਲ ਜਾਂਦਾ ਹੈ। ਐਨੀਓ ਹੈ ਸ਼ਰਤ।

ਸੋਚਣ ਲੱਗ ਗਿਆ ਕਿ ਕੀ ਦੇਵਾਂ ਤਨ ਦੇਵਾਂ, ਧਨ ਦੇਵਾਂ ਜਾਂ ਮਨ। ਅਖੀਰ ਬੇਨਤੀ ਕਰੀ ਕਿ ਮਹਾਰਾਜ ਮੈਨੂੰ ਸਲਾਹ ਕਰ ਲੈਣ ਦਿਓ। ਮਹਾਰਾਣੀ ਕੋਲ ਗਿਆ ਕਹਿਣ ਲੱਗਿਆ ਕਿ ਐਉਂ ਕਹਿੰਦੇ ਨੇ ਸੰਤ। ਉਹ ਕਹਿੰਦੀ ਦੇਖੋ ਜੇ ਤੁਸੀਂ ਤਨ ਦੇ ਦਿਤਾ ਨਾ, ਤਾਂ ਜਿਵੇਂ ਵਿਸ਼ਵਾਮਿਤਰ ਹਰੀਚੰਦ ਨੂੰ ਲੈ ਕੇ ਚਲਿਆ ਗਿਆ ਸੀ, ਐਉਂ ਵੇਚ ਦਏਗਾ ਜਾ ਕੇ। ਤਨ ਨਾ ਦੇਹ। ਫੇਰ ਜੇ ਧਨ ਦੇਹ ਦਿਤਾ ਤਾਂ ਗਰੀਬ ਹੋ ਜਾਵਾਂਗੇ, ਮਜ਼ੂਰੀ ਕਰਾਂਗੇ, ਰਾਜ ਤਾਂ ਇਹਦੇ ਕੋਲ ਚਲਿਆ ਜਾਏਗਾ। ਇਹਨੂੰ ਮਨ ਦੇ ਦਿਓ।

ਸੋ ਆ ਕੇ ਕਹਿਣ ਲੱਗਿਆ ਕਿ ਮੈਂ ਮਨ ਦਿੰਦਾ ਹਾਂ। ਕਹਿੰਦੇ, ਮਨ ਤੈਨੂੰ ਪਤਾ ਹੈ ਰਾਜਨ ਕੀ ਹੁੰਦਾ ਹੈ? ਆਹ ਜਿੰਨਾ ਜਜ਼ਬਾ ਹੈ ਨਾ ਤੇਰੇ ਅੰਦਰ ਕਾਮ ਦਾ, ਕ੍ਰੋਧ ਦਾ, ਲੋਭ ਦਾ, ਈਰਖਾ ਦਾ, ਜਿੰਨੇ ਫੁਰਨੇ ਉਠਦੇ ਨੇ, ਆਸਾ, ਅੰਦੇਸੇ ਉਠਦੇ ਨੇ, ਮੈਂ ਆਹ ਕਰ ਲਵਾਂ, ਔਹ ਕਰ ਲਵਾਂ, ਓਧਰ ਚਲਿਆ ਜਾਵਾਂ, ਇਧਰ ਚਲਿਆ ਜਾਵਾਂ, ਇਹ ਫੁਰਨੇ ਉਠਦੇ ਨੇ? ਕਹਿੰਦਾ ਹਾਂ। ਕਹਿੰਦੇ ਇਹ ਮਨ ਹੁੰਦਾ ਹੈ। ਚੱਲ ਮਨ ਦੇ ਦੇ ਸਾਨੂੰ। ਉਸ ਵੇਲੇ ਚੂਲੀ ਛੱਡ ਦਿਤੀ। ਚੂਲੀ ਛੱਡਣ ਤੋਂ ਬਾਅਦ ਪੈਰ ਚੁੱਕ ਕੇ ਰਕਾਬ ਵਿਚ ਰੱਖਣ ਲੱਗਿਆ।

ਹੁਣ ਗੱਲ ਸਮਝੋ ਇਥੇ। ਜਦੋਂ ਪੈਰ ਰੱਖਣ ਲੱਗਿਆ, ਅਸ਼ਟਾਵਕਰ ਕਹਿਣ ਲੱਗਿਆ, ਰਾਜਨ! ਠਹਿਰ, ਕੀਹਨੇ ਕਿਹਾ ਹੈ ਤੈਨੂੰ ਪੈਰ ਰੱਖ? ਕਹਿਣ ਲੱਗਿਆ, ਮਹਾਰਾਜ! ਤੁਸੀਂ ਗਿਆਨ ਕਰਾਉਣਾ ਹੈ, ਸ਼ਰਤ ਮੇਰੀ ਇਹ ਸੀ। ਕਹਿੰਦੇ, ਪਹਿਲਾਂ ਇਹ ਦੱਸ ਕਿ ਤੈਨੂੰ ਇਹ ਕਿਹਾ ਕੀਹਨੇ ਹੈ। ਵਿਚਾਰ ਅੰਦਰ। ਕਹਿੰਦਾ, ਮਨ ਨੇ। ਕਹਿੰਦੇ, ਮਨ ਤਾਂ ਤੂੰ ਮੈਨੂੰ ਦੇ ਦਿਤਾ। ਜਦੋਂ ਤੂੰ ਮੈਨੂੰ ਦੇ ਦਿਤਾ, ਹੁਣ ਮਨ ਨੇ ਤੇਰੇ ਨਹੀਂ ਕੁਛ ਵੀ ਕਰਨਾ। ਅਮਾਨਤ ਵਿਚ ਖਿਆਨਤ ਨਾ ਕਰ। ਮਨ ਤੂੰ ਮੈਨੂੰ ਦੇ ਦਿਤਾ। ਰਿਸ਼ੀ ਚੁੱਪ ਕਰਕੇ ਬਹਿ ਗਿਆ, ਓਥੇ ਚਲਿਆ ਗਿਆ ਜਾ ਕੇ ਬਹਿ ਗਿਆ। ਰਾਜਾ ਜਨਕ ਘੋੜੇ ਕੋਲ ਖੜ੍ਹਾ ਹੈ, ਜਿਥੇ ਹੱਥ ਹੈ, ਉਥੇ ਹੱਥ ਹੈ, ਜਿਥੇ ਖੜ੍ਹਾ ਹੈ, ਖੜ੍ਹਾ ਹੀ ਹੈ। ਐਨੇ ਨੂੰ ਇਕ ਬ੍ਰਾਹਮਣ ਆ ਗਿਆ, ਆ ਕੇ ਰੌਲਾ ਪਾਉਣ ਲਗ ਗਿਆ ਕਿ ਰਾਜਨ! ਮੈਂ ਲੜਕਾ ਵਿਆਹ ਕੇ ਲਿਜਾ ਰਿਹਾ ਸੀ, ਮੇਰੀ ਬਰਾਤ ਲੁੱਟ ਲਈ ਸਾਰੀ ਲੜਕੇ ਦੀ। ਸਭ ਸਮਾਨ ਲੁੱਟ ਲਿਆ, ਗਹਿਣੇ ਖੋਹ ਲਏ। ਜਲਦੀ ਕਰੋ, ਮੈਨੂੰ ਕੋਈ ਫੌਜ ਦਿਓ, ਕੁਛ ਦਿਓ, ਪੰਦਰਾਂ ਮਿੰਟ ਕਰਦਾ ਰਿਹਾ ਬ੍ਰਾਹਮਣ ਇਸ ਤਰ੍ਹਾਂ। ਉਸ ਤੋਂ ਬਾਅਦ ਕ੍ਰੋਧ ਆ ਗਿਆ ਉਸਨੂੰ, ਕ੍ਰੋਧ ਵਿਚ ਆ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿਤੀਆਂ। ਰਾਜਨ! ਤੂੰ ਤਾਂ ਅੰਧ ਰਾਜਾ ਹੈ, ਤੂੰ ਰਾਜ ਦੇ ਅਧਿਕਾਰ ਵਿਚ ਨਹੀਂ ਹੈ, ਤੈਨੂੰ ਤਖਤ ਤੇ ਬੈਠਣ ਦਾ ਕੋਈ ਹੱਕ ਨਹੀਂ ਹੈ। ਤੂੰ ਇਕ ਨਿਰਮਲ ਬੰਦੇ ਦੀ ਮਦਦ ਨਹੀਂ ਕਰ ਸਕਦਾ, ਤੂੰ ਰਾਖੀ ਨਹੀਂ ਕਰ ਸਕਦਾ, ਤੂੰ ਮਹਾਂ ਪਾਪੀ ਬੰਦਾ ਹੈਂ। ਬਹੁਤ ਜ਼ਿਆਦਾ ਗੱਲਾਂ ਕਹੀਆਂ। ਪਰ ਰਾਜਾ ਓਵੇਂ ਜਿਵੇਂ ਖੜ੍ਹਾ ਰਿਹਾ, ਅੱਧਾ ਘੰਟਾ ਲੰਘਣ ਤੋਂ ਬਾਅਦ ਮੁੜ ਕੇ ਫੇਰ ਆ ਕੇ ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਹੁਣ ਦੱਸ। ਮਨ ਦੇ ਨਾਲ ਸਭ ਚੀਜ਼ਾਂ ਦਾ ਸਬੰਧ ਹੈ, ਮਨ ਦੇ ਹੀ ਰਿਸ਼ਤੇਦਾਰ ਨੇ, ਮਨ ਦੇ ਹੀ ਮਿਤਰ ਨੇ, ਮਨ ਦੀਆਂ ਹੀ ਜਾਇਦਾਦਾਂ ਨੇ, ਮਨ ਦਾ ਹੀ ਸਾਰਾ ਸਮਾਜ ਹੈ। ਇਹ ਫੇਰ ਸਾਰਾ ਸਮਾਜ ਗੁਰੂ ਨੂੰ ਸਉਂਪ ਦਿਤਾ ਨਾ, ਹੁਣ ਬਾਕੀ ਤੇਰੇ ਕੋਲ ਕੀ ਰਹਿ ਗਿਆ? ਬਾਕੀ ਤੇਰੇ ਕੋਲ ਸ਼ੁਧ ਅਨੁਭਵ ਰਹਿ ਗਿਆ, ਇਕ ਜੋਤ ਤੈਨੂੰ ਅਨੁਭਵ ਹੋਈ ਹੈ। ਹੋਈ ਹੈ ਕਿ ਨਹੀਂ? ਕਹਿੰਦਾ, ਹਾਂ ਹੋਈ ਹੈ। ਕਹਿੰਦੇ, ਇਹ ਜਿਹੜੀ ਜੋਤੀ ਹੈ –

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਇਸੇ ਜੋਤੀ ਦਾ ਸਾਰਾ ਪਸਾਰਾ ਹੈ, ਜਿੰਨਾ ਵੀ ਸੰਸਾਰ ਦੇ ਅੰਦਰ ਹੈ, ਇਸੇ ਜੋਤੀ ਦੇ ਅਨੁਭਵ ਨੂੰ ਗਿਆਨ ਕਹਿੰਦੇ ਨੇ। ਹੁਣ ਅਸੀਂ ਤੈਨੂੰ ਤੇਰਾ ਮਨ ਵਾਪਸ ਦਿੰਦੇ ਹਾਂ, ਲੇਕਿਨ ਇਹ ਤੇਰਾ ਨਹੀਂ ਹੈ ਇਹ, ਮਨ ਮੇਰਾ ਹੈ। ਤਖਤ ਤੇ ਬੈਠ, ਮੇਰੇ ਮਨ ਨਾਲ ਤੂੰ ਰਾਜ ਕਰ। ਮੇਰੇ ਮਨ ਦੇ ਨਾਲ ਹੀ ਤੂੰ ਸਾਧਨ ਕਰ। ਸਵੈ ਚਿੰਤਨ ਨੂੰ ਪਕਾ। ਗਿਆਨ ਦ੍ਰਿੜ੍ਹ ਹੋ ਜਾਏਗਾ। ਨਹੀਂ ਗਿਆਨ ਸਿਥਲ ਹੋ ਜਾਂਦਾ ਹੈ। ਸਾਧੂ ਨਾਲੋਂ ਟੁੱਟ ਜਾਓ, ਗਿਆਨ ਸਿਥਲ ਹੋ ਜਾਂਦਾ ਹੈ, ਬਿਲਕੁਲ ਨਹੀਂ ਚਲਦਾ। ਪੂਰਨ ਮਹਾਂਪੁਰਸ਼ ਹੋਵੇ ਬ੍ਰਹਮਗਿਆਨੀ ਉਹਦੇ ਉਤੇ ਤਰਕ ਕਰ ਦਿਓ, ਤਾਂ ਵੀ ਜਾਂਦਾ ਹੈ, ਜੇ ਉਹਦੇ ਨਾਲ ਟੁੱਟ ਜਾਓ ਤਾਂ ਵੀ ਜਾਂਦਾ ਹੈ। ਉਹਦੇ ਕੋਲ ਅਭਿਮਾਨ ਕਰ ਲਓ ਤਾਂ ਵੀ ਜਾਂਦਾ ਹੈ। ਮਹਾਰਾਜ ਦਾ ਇਸ ਤਰ੍ਹਾਂ ਫੁਰਮਾਨ ਹੈ –

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥   ਅੰਗ – ੨੮੬*

ਮਨ ਸਾਡਾ ਸਾਡੇ ਕੋਲ ਹੋਣ ਕਰਕੇ ਸਾਡਾ ਕਾਰਜ ਰਾਸ ਨਹੀਂ ਹੋ ਰਿਹਾ। ਜ਼ੁਬਾਨ ਨਾਲ ਤਾਂ ਅਸੀਂ ਪੜ੍ਹੀ ਜਾਂਦੇ

ਹਾਂ ਪਰ ਸਮਝੀ ਨਹੀਂ ਗੱਲ। ਇਹਨੂੰ ਦੇਣਾ ਜਾਣ।

*ਮਨੁ ਤਨੁ ਦੇ ਲੈ ਸਹਜਿ ਸੁਭਾਇ ॥*
*ਨਾਨਕ ਤਿਨ ਕੈ ਲਾਗਉ ਪਾਇ ॥ ਅੰਗ - ੧੫੩*

ਗੁਰੂ ਦੇ ਚਰਨੀਂ ਲਗ ਜਾ ਤੇ ਉਹਨੂੰ ਮਨ ਤੇ ਤਨ ਦੇ ਦੇ। ਆਪਣਾ ਆਪ ਨਾ ਕੁਛ ਵੀ ਬਚਾ। ਜੇ ਬਣਨਾ ਹੈ ਸਿੱਖ ਤਾਂ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - ੧੧੦੨*

ਆਪਣਾ ਆਪ ਵੇਚ ਕੇ ਸਭ ਕੁਛ, ਜੋ ਕੁਛ ਹੈ ਸਾਰਾ ਵੇਚਣਾ ਪੈਂਦਾ ਹੈ। ਮੁਰਦਾ ਹੋਣਾ ਪੈਂਦਾ ਹੈ। ਮੁਰਦੇ ਨੂੰ ਕੋਈ ਚੁੱਕ ਕੇ ਪਰ੍ਹੇ ਸੁੱਟ ਦਿਓ, ਕੋਈ ਕਪੜਾ ਰੇਸ਼ਮ ਦਾ ਉਹਦੇ ਉਤੇ ਦੇ ਦਿਓ, ਕੋਈ ਫਰਕ ਨਹੀਂ ਪੈਂਦਾ। ਜਦੋਂ ਤੱਕ ਇਹ ਸਮਾਨ ਬਿਰਤੀ ਨਹੀਂ ਹੁੰਦੀ ਓਨੀਂ ਦੇਰ ਤੱਕ ਮੁਰੀਦੀ ਨਹੀਂ ਆਉਂਦੀ, ਗੁਰਸਿੱਖੀ ਨਹੀਂ ਆਇਆ ਕਰਦੀ।

ਇਕ ਰਿਸ਼ੀ ਹੋਇਆ ਹੈ ਸੁਕਦੇਵ ਉਨ੍ਹਾਂ ਦਾ ਨਾਮ ਸੀ। ਛੋਟੀ ਉਮਰ ਤੋਂ ਹੀ, ਲਿਖਿਆ ਤਾਂ ਏਸ ਤਰ੍ਹਾਂ ਹੈ ਕਿ ਉਹ ਜੰਮਦਾ ਹੀ ਚਲਿਆ ਗਿਆ। ਲੇਕਿਨ ਗਰਭ ਦੋ ਤਿੰਨ ਹੁੰਦੇ ਨੇ। ਕਿਸ਼ੋਰ ਗਰਭ, 12 ਸਾਲ ਦੀ ਉਮਰ ਨਿਕਲਣ ਤੋਂ ਬਾਅਦ ਜਦੋਂ ਉਹ ਜਾਣ ਲੱਗਿਆ ਤਾਂ ਪਿਤਾ ਨੇ ਕਿਹਾ ਬੇਟਾ, ਅਜੇ ਤੂੰ ਛੋਟਾ ਹੈਂ ਅਜੇ ਤੈਨੂੰ ਪਤਾ ਨਹੀਂ ਲਗਣਾ। ਉਹਨੇ ਪਿਛਲੇ ਜਨਮ ਦੀਆਂ ਗੱਲਾਂ ਦੱਸ ਕੇ ਇਜਾਜ਼ਤ ਲੈ ਲਈ ਤੇ ਜਾ ਕੇ 36 ਸਾਲ ਤਪਸਿਆ ਕਰਦਾ ਰਿਹਾ। ਐਨਾ ਜ਼ਿਆਦਾ ਤਪਸਿਆ ਦਾ ਬਲ ਸੀ, ਬੇਸੁੱਧ ਹੋ ਜਾਂਦਾ ਸੀ, ਜਾਨਵਰ ਉਹਦੇ ਕੇਸਾਂ ਦੇ ਵਿਚ ਆਲ੍ਹਣੇ ਪਾ ਕੇ ਬੱਚੇ ਕੱਢ ਕੇ ਲੈ ਜਾਂਦੇ ਸੀ ਉਹਨੂੰ ਨਹੀਂ ਸੀ ਪਤਾ ਲਗਦਾ। ਛੇ-ਛੇ ਮਹੀਨੇ ਦੀ ਸਮਾਧੀ, ਸਾਲ-ਸਾਲ ਦੀ ਲਾ ਲੈਂਦਾ ਸੀ। ਲੇਕਿਨ ਮਨ ਸ਼ਾਂਤ ਨਹੀਂ ਸੀ ਹੋਇਆ। ਇਕ ਵਾਰ ਉਹਨੇ ਸੁਣਿਆ ਕਿ ਗੁਰੂ ਤੋਂ ਬਗੈਰ ਮਨ ਸ਼ਾਂਤ ਨਹੀਂ ਹੁੰਦਾ। ਪਿਤਾ ਕੋਲ ਆ ਗਿਆ ਕਹਿਣ ਲੱਗਿਆ, ਪਿਤਾ ਜੀ! ਤਪ ਤਾਂ ਮੈਂ ਬਹੁਤ ਕਰ ਲਿਆ, ਸ਼ਕਤੀਆਂ ਬਹੁਤ ਆ ਗਈਆਂ, ਪਰ ਮਨ ਸ਼ਾਂਤ ਨਹੀਂ ਹੋਇਆ। ਪਿਤਾ ਕਹਿਣ ਲੱਗਿਆ ਕਿ ਬੇਟਾ! ਤੂੰ ਨਿਗੁਰਾ ਹੈਂ, ਗੁਰੂ ਤੋਂ ਬਿਨਾਂ ਮਨ ਸ਼ਾਂਤ ਨਹੀਂ ਹੋਇਆ ਕਰਦਾ। ਕਹਿਣ ਲੱਗਾ, ਤੁਸੀਂ ਤਾਂ ਤ੍ਰਿਕਾਲਦਰਸ਼ੀ ਮਹਾਤਮਾ ਹੋਂ, ਤੁਸੀਂ ਮੈਨੂੰ ਦੇ ਦਿਓ ਗੁਰਮੰਤਰ। ਕਹਿਣ ਲੱਗੇ, ਮੈਂ ਤੇਰਾ ਪਿਤਾ ਹਾਂ, ਪਿਤਾ ਭਾਵਨਾ ਜਿੱਥੇ ਹੋਵੇ ਉਥੇ ਗੁਰੂ ਨਹੀਂ ਬਣ ਸਕਦਾ। ਜਿਹੜਾ ਮੁਰੀਦ ਹੁੰਦਾ ਹੈ ਉਹ ਮੁਰਦਾ ਹੋਇਆ ਕਰਦਾ। ਮੁਰੀਦ ਦਾ ਹੋਰ ਹੈ, ਪੁੱਤਰ ਦਾ ਹੋਰ ਹੈ। ਪੁੱਤਰ 'ਚੋਂ ਤਾਂ ਹਉਮੈ ਹੀ ਨਹੀਂ ਜਾਂਦੀ। ਕੋਈ ਵਿਰਲਾ ਪੁੱਤਰ ਹੋਣੈ, ਗੁਰੂਆਂ ਨੂੰ ਛੱਡ ਕੇ, ਐਵੇਂ ਹੀ ਗੱਦੀ ਦੇ ਦਿੰਦੇ ਨੇ ਕਿ ਜੀ ਉਹਨੇ ਗੱਦੀ ਤੇ ਬਿਠਾ ਦਿਤਾ। ਇਹ ਤਾਂ ਰਸਮ ਬਣ ਗਈ। ਦਰਗਾਹ ਵਿਚ ਲੇਖੇ ਦੇਣੇ ਪੈਂਦੇ ਨੇ ਇਨ੍ਹਾਂ ਗੱਲਾਂ ਦੇ। ਕਿਉਂਕਿ ਉਸ ਅਵਸਥਾ ਤੇ ਨਹੀਂ ਪਹੁੰਚਦਾ ਕੋਈ। ਜਿਥੇ ਜਾ ਕੇ ਆਤਮ ਵਸਤੂ ਨੂੰ ਸਾਂਭਣ ਵਾਲਾ ਕੋਈ ਪੈਦਾ ਹੋ ਜਾਵੇ।

ਕਹਿਣ ਲੱਗਾ, ਬੇਟਾ! ਤੇਰੀ ਮੇਰੇ ਵਿਚ ਪਿਤਾ ਭਾਵਨਾ ਹੈ। ਗੁਰੂ ਭਾਵਨਾ ਜਦੋਂ ਤਕ ਨਹੀਂ ਆਉਂਦੀ ਉਦੋਂ ਤੱਕ ਤੇਰਾ ਕੁਛ ਨਹੀਂ ਸਿਮਰ ਸਕਦਾ ਕਿਉਂਕਿ ਇਹਦੇ ਵਿਚ ਜੋੜ ਨਹੀਂ ਬਣਨਾ। ਫਰਕ ਰਹਿ ਜਾਏਗਾ। ਤੂੰ ਜਾਹ, ਰਾਜਾ ਜਨਕ ਦੇ ਕੋਲ ਚਲਿਆ ਜਾਹ। ਕਸ਼ਤਰੀ ਹੈ ਉਹ ਰਾਜਾ ਹੈ, ਉਥੇ ਚਲਿਆ ਜਾਹ ਮਿਥਲਾਪੁਰੀ।

ਸੋ ਉਸ ਥਾਂ ਜਾਂਦਾ ਹੈ। ਜਿਸ ਵਕਤ ਗਿਆ ਤਾਂ ਰਾਜੇ ਦੇ ਸਾਮ੍ਹਣੇ ਇਕ ਡਾਕੂਆਂ ਦਾ ਮੁਕੱਦਮਾ ਪੇਸ਼ ਸੀ, ਫੈਸਲਾ ਸੁਣਾ ਦਿਤਾ ਕਿ ਇਹ ਸੌ ਡਾਕੂ ਜਿਹੜਾ ਹੈ ਇਨ੍ਹਾਂ ਨੂੰ ਫਾਂਸੀ ਚਾੜ੍ਹ ਦਿਓ ਕਿਉਂਕਿ ਇਨ੍ਹਾਂ ਨੇ ਦੇਸ਼ ਬਹੁਤ ਬੁਰੀ ਤਰ੍ਹਾਂ ਉਜਾੜਿਆ ਹੈ। ਦੁਨੀਆਂ ਨੂੰ ਮਾਰਿਆ ਹੈ।

ਇਹ ਦੇਖਦਾ ਹੈ ਕਿ ਮੈਂ ਰਾਜੇ ਨੂੰ ਗੁਰੂ ਧਾਰਨ ਕਰਾਂ। ਮੈਂ ਤਪਸੀ ਬੰਦਾਂ, ਇਹਦੇ ਤਾਂ ਰਾਜਸੀ ਕੱਪੜੇ ਪਾਏ ਨੇ। ਮੋਤੀਆਂ ਦੀਆਂ ਮਾਲਾ ਨੇ, ਸੀਸ ਦੇ ਉਤੇ ਜੀਗਾ ਕਲਗੀ ਲਾਈ ਹੋਈ ਹੈ ਤੇ ਬਹੁਤ ਵਧੀਆ ਤਖਤ ਦੇ ਉਤੇ ਬੈਠਾ ਹੈ, ਰੇਸ਼ਮੀ ਵਸਤਰ ਪਹਿਨੇ ਹੋਏ ਨੇ, ਆਹ ਵੈਰਾਗੀ ਹੈ ਕੋਈ। ਤਰਕ ਕਰ ਲਈ, ਮੁੜ ਆਇਆ ਤੇ ਜਿਸ ਵਕਤ ਰਸਤੇ ਵਿਚ ਇਕ ਮੁਨੀ ਮਿਲਿਆ ਉਸ ਨੂੰ ਗੱਲ ਦੱਸੀ, ਨਾਰਦ ਨੂੰ। ਨਾਰਦ ਨੇ ਕਿਹਾ ਕਿ ਸੁਕਦੇਵ ਤੂੰ ਆਪਣਾ ਤਪ ਨਸ਼ਟ ਕਰ ਲਿਆ। ਬ੍ਰਹਮਗਿਆਨੀ ਮਹਾਂਪੁਰਸ਼ ਤੇ ਜੇ ਤਰਕ ਕਰ ਲਓ ਤਾਂ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ। ਫੇਰ ਵੀ ਪਰਉਪਕਾਰ ਆਇਆ ਕਿ ਇਹਨੂੰ ਮੈਂ ਬਚਾਵਾਂ। ਅੱਗੇ ਚਲੇ ਗਏ ਅੱਗੇ ਜਾ ਕੇ ਬਿਰਧ ਦਾ ਸਰੂਪ ਧਾਰਨ ਕਰ ਲਿਆ, ਇੱਛਿਆ ਦੇ ਨਾਲ। ਟੋਕਰਾ ਲੈ ਲਿਆ, ਕਹੀ ਲੈ ਲਈ, ਰੇਤਾ ਭਰਦੇ ਨੇ, ਮੂਹਰੇ ਦਰਿਆ ਹੈ ਉਹਦੇ ਵਿਚ ਸੁੱਟੀ ਜਾਂਦੇ ਨੇ। ਇਹ ਵੀ ਦਰਖਤ ਥੱਲੇ ਬੈਠਾ ਦੇਖੀ ਜਾਂਦਾ ਹੈ। ਜਦੋਂ ਇਕ ਘੰਟਾ ਹੋ ਗਿਆ ਤਾਂ ਉਹ ਵੀ ਬਹਿ ਗਿਆ ਦਰਖਤ ਦੇ ਥੱਲੇ, ਗਰਮੀ ਸੁਕਾਉਣ ਲਗ ਗਿਆ, ਸੁਕਦੇਵ ਨੇ ਕਿਹਾ ਬਾਬਾ! ਕੀ ਕੰਮ ਕਰਦਾ ਸੀ ਤੂੰ? ਕਹਿੰਦਾ ਬੇਟਾ! ਮੈਂ ਦਰਿਆ ਪਾਰ ਕਰਨਾ ਹੈ, ਪਾਣੀ ਹੈ ਡੂੰਘਾ। ਕਹਿੰਦਾ, ਫੇਰ ਤੂੰ ਇਹ ਕੀ ਕਰਦਾ ਸੀ? ਬਿਰਧ ਨੇ ਕਿਹਾ ਕਿ ਮੈਂ ਪੁਲ ਬੰਨ੍ਹਦਾ ਸੀ। ਕਹਿੰਦਾ, ਦਰਿਆ ਤੇਜ਼ ਚਲਦਾ ਹੈ, ਤੇਰੀ ਤਾਂ ਚਾਰ ਉਂਗਲ ਵੀ ਨਹੀਂ ਮਿਟੀ ਪਈ ਦਰਿਆ 'ਚ।

ਕਿੱਡੀ ਮਿਹਨਤ ਤੂੰ ਜਾਇਆ ਕਰਨ ਲੱਗਿਆ ਹੈਂ, ਤੂੰ ਤਾਂ ਮੂਰਖ ਬੰਦਾ ਹੈਂ। ਉਹ ਕਹਿਣ ਲੱਗਿਆ ਕਿ ਸੁਕਦੇਵ! ਤੇਰੇ ਨਾਲੋਂ ਮੈਂ ਮੂਰਖ ਨਹੀਂ, ਮੇਰੀ ਤਾਂ ਇਕ ਘੰਟੇ ਦੀ ਮਿਹਨਤ ਕੀਤੀ ਦਰਿਆ ਹੜ੍ਹਾ ਕੇ ਲੈ ਗਿਆ, ਪਰ ਤੂੰ ਜਿਹੜੀ ਮਹਾਂਪੁਰਸ਼ਾਂ ਤੇ ਤਰਕ ਕੀਤੀ ਹੈ ਰਾਜਾ ਜਨਕ ਤੇ, ਪੂਰਨ ਬ੍ਰਹਮਗਿਆਨੀ ਦੇ ਉਤੇ, ਤੇਰੀਆਂ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਗਈਆਂ। ਸਮਝ ਆ ਗਈ ਉਸੇ ਵੇਲੇ ਪਛਤਾਵਾ ਕੀਤਾ ਕਿ ਮੈਂ ਗਲਤ ਲੈ ਲਈ ਗੱਲ। ਫੇਰ ਚਲਿਆ ਜਾਂਦਾ ਹੈ, ਤਪ ਕਰਿਆ, ਦੁਬਾਰਾ ਜਿਸ ਵਕਤ ਜਾਂਦਾ ਹੈ ਉਸ ਵੇਲੇ ਰਾਜਾ ਜਨਕ ਨੇ ਬੁਲਾ ਲਿਆ, ਇਹਦੇ ਮਨ ਵਿਚ ਅਭਿਮਾਨ ਸੀ ਕਿ ਮੈਂ ਤਿਆਗੀ ਹਾਂ। ਮੇਰੇ ਕੋਲ ਇਕ ਚਿੱਪੀ ਹੈ ਤੇ ਇਕ ਕੁਪੀਨ ਹੈ। ਦੋ ਚੀਜ਼ਾਂ ਨੇ, ਉਹਨੇ ਚਿੱਪੀ ਬਾਹਰ ਰੱਖ ਦਿਤੀ ਸਿੰਘ ਦੁਆਰ 'ਚ ਤੇ ਆਪ ਕੁਪੀਨ ਪਹਿਨ ਕੇ ਚਲਿਆ ਗਿਆ। ਜਿਹਨੂੰ ਲੰਗੋਟਾ ਕਹਿੰਦੇ ਨੇ। ਹੋਰ ਕੋਈ ਵਸਤਰ ਨਹੀਂ ਕੋਲ। ਬੜਾ ਅਭਿਮਾਨ ਹੈ ਕਿ ਮੈਂ ਤਿਆਗੀ ਬੰਦਾ ਹਾਂ। ਮੈਂ ਦੁਨੀਆਂ ਨੂੰ ਤਿਆਗਿਆ ਹੈ ਤੇ ਰਾਜਾ ਜਨਕ ਉਥੇ ਬੈਠਾ ਹੈ ਤੇ ਇਹਨੂੰ ਬੁਲਾ ਲਿਆ। ਉਤੇ ਤਲਵਾਰ ਲਟਕਾ ਦਿਤੀ ਕੱਚੇ ਧਾਗੇ ਦੇ ਨਾਲ, ਇਹਨੇ ਦੇਖ ਲਿਆ ਕਿ ਧਾਗਾ ਕੱਚਾ ਹੈ, ਜਿਥੇ ਮੈਨੂੰ ਬਿਠਾਇਆ ਹੈ, ਤਲਵਾਰ ਲਟਕਦੀ ਹੈ, ਜੇ ਟੁੱਟ ਗਿਆ ਧਾਗਾ ਤਾਂ ਇਹ ਸਿੱਧੀਓ ਸਿਰ 'ਚ ਲੱਗੇਗੀ ਮੇਰੇ। ਮਨ ਨਹੀਂ ਟਿਕਦਾ, ਜਦੋਂ ਉਹ ਬਚਨ ਕਰਕੇ ਨੇ, ਮਨ ਨਹੀਂ ਟਿਕ ਰਿਹਾ ਇਸਦਾ, ਇਕ ਦਮ ਮਨ ਜਾਂਦਾ ਹੈ ਤਲਵਾਰ ਵਲ। ਐਨੇ ਨੂੰ ਖਬਰ ਆ ਗਈ ਕਿ ਮਹਾਰਾਜ! ਅੱਗ ਲਗ ਗਈ ਮਹਿਲਾਂ ਨੂੰ। ਉਹ ਕਹਿੰਦੇ ਬੁਝਾ ਲਓ। ਬਚਨ ਚਲ ਰਹੇ ਨੇ। ਫੇਰ ਆ ਗਿਆ ਸੁਨੇਹਾ ਕਿ ਜੀ ਆਹ ਜਲ ਗਿਆ, ਆਹ ਜਲ ਗਿਆ। ਕਹਿਣ ਲੱਗੇ, ਜੀ ਹੁਣ ਤਾਂ ਸਿੰਘ ਦੁਆਰ ਦੇ ਪੌੜ ਨੂੰ ਅੱਗ ਲਗ ਗਈ ਜਿੱਥੇ ਤੁਸੀਂ ਬੈਠੇ ਓਂ। ਇਹ ਸੁਕਦੇਵ ਇਕ ਦਮ ਉਠ ਕੇ ਨੱਠਿਆ, ਨੱਠ ਕੇ ਜਾ ਕੇ ਆਪਣੀ ਚਿੱਪੀ ਚੁੱਕ ਲਈ, ਲੰਗੋਟੀ ਜਿਹੀ ਸੀ ਉਹ ਚੁੱਕ ਲਈ। ਰਾਜਾ ਜਨਕ ਵੀ ਮਗਰ ਹੀ ਆ ਗਿਆ। ਕਹਿਣ ਲੱਗਿਆ, ਸੁਕਦੇਵ! ਅਜੇ ਤੇਰੇ ਵਿਚ ਪਕੜ ਹੈ ਹੱਦ ਤੋਂ ਜ਼ਿਆਦਾ। ਜਾਹ, ਪਹਿਲਾਂ ਤਿਆਗ ਨੂੰ ਸਿੱਖ ਕੇ ਆ, ਤਿਆਗ ਕੀ ਹੁੰਦਾ ਹੈ। ਦੇਖ, ਖਜ਼ਾਨੇ ਜਲ ਰਹੇ ਸੀ, ਤਬੇਲੇ ਜਲ ਰਹੇ ਸੀ, ਮੇਰੇ ਮਨ ਵਿਚ ਕੋਈ ਪਕੜ ਨਹੀਂ ਸੀ ਤੇ ਤੇਰੀ ਆਹ ਕਉਡੀ ਦੀ ਹੈਗੀ ਕੁਪੀਨ ਤੇ ਚਿੱਪੀ। ਇਹਦੀ ਤੈਨੂੰ ਐਨੀ ਪਕੜ ਹੈ ਕਿ ਤੂੰ ਦੌੜਿਆ ਗਿਆ ਹੈਂ ਸੰਗਤ ਛੱਡ ਕੇ। ਨਾਲ ਉਤੇ ਨੂੰ ਦੇਖਦਾ ਰਿਹਾ ਤੂੰ ਤਲਵਾਰ ਵਲ ਨੂੰ। ਤੇਰਾ ਤਾਂ ਮਨ ਹੀ ਨਹੀਂ ਇਕਾਗਰ ਹੋਇਆ, ਅਜੇ ਤੂੰ ਗੁਰੂ ਦੀਖਸ਼ਾ ਦਾ ਅਧਿਕਾਰੀ ਨਹੀਂ ਜਾਹ ਜਾ ਕੇ ਤਪ ਕਰ।

ਫੇਰ 12 ਸਾਲ ਤਪਸਿਆ ਕਰੀ, ਫੇਰ ਆਉਂਦਾ ਹੈ। ਜਦੋਂ ਫੇਰ ਆਇਆ ਤਾਂ ਉਨ੍ਹਾਂ ਨੇ ਪਰਖਣ ਵਾਸਤੇ ਇਹ ਗੱਲ ਕਹੀ ਕਿ ਇਹਨੂੰ ਧੱਕੇ ਮਾਰੋ, ਕੱਢ ਦਿਓ ਇਥੋਂ। ਉਸ ਵੇਲੇ ਧੱਕੇ ਮਾਰਦੇ ਨੇ ਬੇਇਜ਼ਤੀ ਨਹੀਂ ਮੰਨ ਰਿਹਾ। ਉਥੇ ਹੀ ਖੜ੍ਹਾ ਹੈ, ਫੇਰ ਆ ਜਾਂਦਾ ਹੈ - ਫੇਰ ਆ ਜਾਂਦਾ ਹੈ। ਜਦੋਂ ਬਹੁਤ ਧੱਕੇ ਮਾਰੇ, ਪਰ੍ਹੇ ਕਰ ਦਿਤਾ ਕਹਿੰਦੇ ਇਥੇ ਖੜ੍ਹ। ਅੰਦਰਲੇ ਪਾਸੇ ਜੱਗ ਚਲ ਰਿਹਾ ਸੀ ਹਜ਼ਾਰਾਂ ਬੰਦਾ ਲੰਗਰ ਛਕਣ ਆਇਆ ਹੋਇਆ ਸੀ, ਇਹਨੂੰ ਨਾ ਵੜਨ ਦੇਣ। ਕੋਈ ਮਨ ਵਿਚ ਕ੍ਰੋਧ ਨਹੀਂ ਆਇਆ ਉਵੇਂ ਜਿਵੇਂ ਖੜ੍ਹਾ ਹੈ। ਕਹਿੰਦਾ ਗੁਰੂ ਦੀ ਰਜ਼ਾ ਹੈ। ਉਤੋਂ ਜੂਠੀਆਂ ਪਤਲਾਂ ਰਾਜਾ ਜਨਕ ਸੁੱਟਣੀਆਂ ਸ਼ੁਰੂ ਕਰ ਦਿੰਦਾ ਹੈ। ਸੁਕਦੇਵ ਮੁਨੀ ਜੂਠੀਆਂ ਪੱਤਲਾਂ ਵਿਚ ਲੁਕ ਗਿਆ। ਮਹਾਰਾਜ ਕਹਿੰਦੇ ਨੇ-

*ਬ੍ਰਹਮ ਕਮਲ ਪੁਤੁ ਮੀਨ ਬਿਆਸਾ*
*ਤਪੁ ਤਾਪਨ ਪੂਜ ਕਰਾਵੈਗੋ ॥*
*ਜੋ ਜੋ ਭਗਤੁ ਹੋਇ ਸੋ ਪੂਜਹੁ*
*ਭਰਮਨ ਭਰਮੁ ਚੁਕਾਵੈਗੋ ॥੬॥*
*ਜਾਤ ਨਜਾਤਿ ਦੇਖਿ ਮਤ ਭਰਮਹੁ*
*ਸੁਕ ਜਨਕ ਪਗੀਂ ਲਗਿ ਧਿਆਵੈਗੋ ॥*
*ਜੂਠਨ ਜੂਠਿ ਪਈ ਸਿਰ ਊਪਰਿ*
*ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥*

*ਅੰਗ - ੧੩੦੯*

ਐਨਾ ਚਿਰ ਵਾਸਤੇ ਵੀ ਉਹਨੇ ਮਨ ਨਹੀਂ ਡੋਲਣ ਦਿਤਾ। ਜੂਠ ਉਤੇ ਪਈ ਗਈ। ਉਹਨੇ ਇਹ ਖਿਆਲ ਨਹੀਂ ਕਰਿਆ ਕਿ ਮੈਂ ਖਤਰੀ ਹਾਂ ਤੇ ਇਹ ਬ੍ਰਾਹਮਣ ਹਾਂ।

*ਜਨਕ ਜਨਕ ਬੈਠੇ ਸਿੰਘਾਸਨਿ*
*ਨਉ ਮੁਨੀ ਧੂਰਿ ਲੈ ਲਾਵੈਗੋ ॥ ਅੰਗ - ੧੩੦੯*

72 ਜਨਕ ਬੈਠੇ ਇਕੋ ਸਿੰਘਾਸਨ ਤੇ। ਜਿਹੜਾ ਬੈਠਦਾ ਸੀ ਸਿੰਘਾਸਨ ਦਾ ਨਾਉਂ ਹੀ ਜਨਕ ਸੀ, ਉਹਦਾ ਨਾਉਂ ਹੀ ਜਨਕ ਹੋ ਜਾਇਆ ਕਰਦਾ ਸੀ। ਜਿਹੜੇ ਜਨਕ ਦੀ ਆਪਾਂ ਗੱਲ ਕਰਦੇ ਹਾਂ, 57ਵਾਂ ਜਨਕ ਸੀ, ਜਿਹੜਾ ਰਾਮ ਚੰਦਰ ਜੀ ਦਾ ਸਹੁਰਾ ਸੀ। ਇਹ 72ਵੇਂ ਜਨਕ ਦੀ ਆਪਾਂ ਗੱਲ ਕਰ ਰਹੇ ਹਾਂ -

ਨੌਂ ਮੁਨੀਆਂ ਦੇ ਤਪ ਕਰਨ ਦੇ ਨਾਲ ਉਨ੍ਹਾਂ ਦੇ ਚਰਨਾਂ ਦੀ ਧੂੜੀ, ਮੱਥੇ ਨਾਲ ਲਾਉਂਦਾ ਸੀ।

*ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ*
*ਮੈ ਦਾਸਨਿ ਦਾਸ ਕਰਾਵੈਗੋ ॥ ਅੰਗ - ੧੩੦੯*

ਸੋ ਜੂਠ ਪਈ ਸਿਰ ਦੇ ਉਤੇ। ਰਾਜੇ ਜਨਕ ਨੇ ਕਿਹਾ

ਕਿ ਜੂਠ ਦੇ ਥੱਲੇ ਇਕ ਆਹ ਬੰਦਾ ਖੜ੍ਹਾ ਹੈ ਉਹਨੂੰ ਕੱਢ ਲਿਆਓ। ਸ਼ਕਲੋਂ ਬੇ ਸ਼ਕਲ ਹੋਈ ਹੋਈ ਹੈ, ਦਾਲ ਲੱਗੀ ਪਈ ਹੈ, ਜੂਠ ਸਾਰੀ ਸਰੀਰ ਦੇ ਉਤੇ ਚਿੰਮੜੀ ਪਈ ਹੈ। ਉਸ ਵੇਲੇ ਰਾਜੇ ਜਨਕ ਨੇ ਕਿਹਾ ਕਿ ਕੀ ਚਾਹੁੰਦਾ ਹੈਂ? ਮੈਂ ਤੁਹਾਨੂੰ ਗੁਰੂ ਧਾਰਨ ਕਰਨਾ ਹੈ। ਕਹਿੰਦੇ, ਜੇ ਗੁਰੂ ਧਾਰਨ ਕਰਨਾ ਹੈ ਨਾ ਤਾਂ ਆਹ ਤੇਲ ਦਾ ਛੰਨਾ ਹੱਥ ਤੇ ਰੱਖ ਲੈ। ਸਾਰੀ ਨਗਰੀ ਦਾ ਚੱਕਰ ਕੱਢ ਕੇ ਆ। ਓਧਰਲੇ ਪਾਸੇ ਇੰਤਜ਼ਾਮ ਕਰ ਦਿਤਾ ਕਿ ਨਾਚ ਗਾਣੇ, ਖ਼ੂਬ ਐਹੋ ਜਿਹੀਆਂ ਚੀਜ਼ਾਂ ਕਰੋ ਕਿ ਇਹ ਦੇਖ ਲਵੇ ਉਨ੍ਹਾਂ ਨੂੰ। ਤਲਵਾਰ ਵਾਲੇ ਪਿੱਛੇ ਦੇ ਦਿਤੇ ਕਿ ਜੇ ਇਕ ਕਤਰਾ ਡੁੱਲ੍ਹਿਆ ਇਹਦਾ ਸਿਰ ਕੱਟ ਦਿਓ ਤਲਵਾਰ ਨਾਲ। ਓਸ ਵੇਲੇ ਤੇਲ ਦਾ ਛੰਨਾ ਹਥੇਲੀ ਤੇ ਰੱਖ ਕੇ ਚਲਦਾ ਹੈ, ਸਾਰੇ ਸ਼ਹਿਰ ਦਾ ਚੱਕਰ ਕੱਢਿਆ ਇਕ ਕਤਰਾ ਵੀ ਨਾ ਡੁੱਲ੍ਹਣ ਦਿਤਾ ਇਹਨੇ। ਜਦੋਂ ਰਾਜੇ ਜਨਕ ਕੋਲ ਆ ਗਿਆ, ਰਾਜੇ ਜਨਕ ਨੇ ਕਿਹਾ, ਕਹਿਣ ਲੱਗੇ ਕਿ ਗਾਣੇ ਹੋ ਰਹੇ, ਨਾਚ ਮੁਜਰੇ ਹੋ ਰਹੇ ਸੀ, ਦੇਖੇ? ਕਹਿੰਦਾ ਨਾ ਮਹਾਰਾਜ! ਮੈਨੂੰ ਤਾਂ ਤੇਲ ਦਾ ਪਤਾ ਹੈ ਜਾਂ ਹੋਰ ਕਾਸੇ ਦਾ ਨਹੀਂ ਪਤਾ। ਕਹਿੰਦੇ, ਹੁਣ ਤੂੰ ਅਧਿਕਾਰੀ ਹੈਂ? ਉਸ ਵੇਲੇ ਇਹਨੂੰ ਨਾਮ ਦਿਤਾ, ਵੱਡਾ ਮਹਾਂਪੁਰਸ਼ ਬਣਿਆ। ਸੋ ਮਹਾਰਾਜ ਕਹਿੰਦੇ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***

ਗੁਰੂ ਛੇਵੇਂ ਪਾਤਸ਼ਾਹ ਨੇ ਇਹ ਸਾਰੇ ਬਚਨ ਬੁਰਹਾਨਪੁਰ ਦੀ ਸੰਗਤ ਨੂੰ ਸੁਣਾ ਕੇ ਕਹਿਣ ਲੱਗੇ ਪ੍ਰੇਮੀਓ! ਆਹ ਗੱਲ ਹੋਵੇ ਤਾਂ ਅੰਦਰਲਾ ਅਨੁਭਵ ਖੁਲ੍ਹਦਾ ਹੈ ਨਹੀਂ ਤਾਂ ਖੁਲ੍ਹਿਆ ਨਹੀਂ ਕਰਦਾ। ਦੂਸਰਾ ਇਹਦੇ ਵਾਸਤੇ ਸੰਗਤ ਕਰਿਆ ਕਰੋ। ਹਉਮੈ ਨੂੰ ਕੱਟਣ ਦਾ ਹੋਰ ਕੋਈ ਇਲਾਜ ਨਹੀਂ, ਕੇਵਲ ਸੰਗਤ ਇਲਾਜ ਹੈ।

ਇਹ ਜਿਹੜਾ ਅਭਿਮਾਨ ਛੱਡਣਾ ਅਸੀਂ ਕਿਹਾ ਹੈ ਨਾ ਇਹ ਅਭਿਮਾਨ ਕੇਵਲ ਸੰਗਤ ਵਿਚ ਆ ਕੇ ਛੁੱਟਦਾ ਹੈ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥ ਅੰਗ - ੬੫੧***

ਦੂਸਰਾ ਹੈ ਗੁਰੂ ਦੇ ਸ਼ਬਦ ਨਾਲ ਲੱਗੋ, ਨਾਮ ਨਾਲ ਲੱਗੋ। ਇਹ ਨਾਮ ਦੇ ਨਾਲ ਲੱਗ ਕੇ ਰਸ ਤਾਂ ਆਇਆ ਕਰਦਾ ਹੈ ਜੇ ਬ੍ਰਹਮਬੇਤਿਆਂ ਦੀ ਸੰਗਤ ਕਰੇ।

***ਬਿਨੁ ਸੰਗਤਿ ਕਰਮ ਕਰੈ ਅਭਿਮਾਨੀ***
***ਕਢਿ ਪਾਣੀ ਚੀਕੜੁ ਪਾਵੈਗੋ ॥ ੩ ॥***
***ਭਗਤ ਜਨਾ ਕੇ ਹਰਿ ਰਖਵਾਰੇ***
***ਜਨ ਹਰਿ ਰਸੁ ਮੀਠ ਲਗਾਵੈਗੋ ॥ ਅੰਗ - ੧੩੦੯***

ਸੰਤਾਂ ਦੀ ਸੰਗਤ ਕਰਨ ਤੋਂ ਬਗੈਰ ਨਾਮ ਦਾ ਰਸ ਨਹੀਂ ਆਇਆ ਕਰਦਾ।

***ਹਮ ਪਾਥਰ ਲੋਹ ਲੋਹ ਬਡ ਪਾਥਰ***
***ਗੁਰ ਸੰਗਤਿ ਨਾਵ ਤਰਾਵੈਗੋ ॥***
***ਜਿਉ ਸਤਸੰਗਤਿ ਤਰਿਓ ਜੁਲਾਹੋ***
***ਸੰਤ ਜਨਾ ਮਨਿ ਭਾਵੈਗੋ ॥ ਅੰਗ - ੧੩੦੯***

ਜਿਵੇਂ ਕਬੀਰ ਸਾਹਿਬ ਸੰਤਾਂ ਦੀ ਸੰਗਤ ਕਰਕੇ ਤਰੇ, ਗੁਰੂ ਮਹਾਰਾਜ ਕਹਿਣ ਲੱਗੇ ਇਸ ਤਰ੍ਹਾਂ ਦੇ ਨਾਲ ਸੰਗਤ ਵਿਚ ਜਦੋਂ ਜਾਈਦਾ ਹੈ -

***ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ***
***ਹਰਿ ਕੈ ਨਾਮਿ ਨਿਵਾਸੁ ॥ ਅੰਗ - ੬੩੯***

ਉਸ ਵੇਲੇ ਨਾਮ ਦਾ ਹਿਰਦੇ ਵਿਚ ਨਿਵਾਸ ਹੋ ਜਾਏਗਾ। ਅੰਮ੍ਰਿਤ ਦਾ ਰਸ ਆ ਜਾਏਗਾ, ਜਦੋਂ ਅੰਮ੍ਰਿਤ ਦਾ ਰਸ ਆਇਆ ਜਿਹਨੂੰ ਆਤਮ ਰਸ ਕਹਿੰਦੇ ਨੇ, ਜਿਹਨੂੰ ਬ੍ਰਹਮਗਿਆਨ ਦਾ, ਅੰਮ੍ਰਿਤ ਦਾ ਰਸ ਆ ਗਿਆ, ਆਤਮਾ ਦਾ ਰਸ ਆ ਗਿਆ। ਉਹ ਖਾਲਸਾ ਹੋਇਆ ਕਰਦਾ ਹੈ ਤੇ ਮੇਰੇ ਵਿਚ, ਵਾਹਿਗੁਰੂ ਵਿਚ ਤੇ ਉਹਦੇ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ।

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ 'ਚੋਂ***

ਇਹ ਦਸ਼ਮੇਸ਼ ਪਿਤਾ ਮਹਾਰਾਜ ਜੀ ਦਾ ਫੁਰਮਾਨ ਹੈ। ਸੋ ਇਸ ਤਰ੍ਹਾਂ ਆਪ ਨੇ ਫੁਰਮਾਨ ਕੀਤਾ ਕਿ ਜੋ ਅੰਮ੍ਰਿਤ ਹੈ, ਨਾਮ ਹੈ, ਇਹਦੇ ਨਾਲ ਹਉਮੈ ਦੀ ਵਿਹੁ ਲੈਂਦੀ ਹੈ।

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮***

ਗੁਰਮਤਿ ਧਾਰਨ ਕਰਨ ਦੇ ਨਾਲ ਹੀ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ।

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥***
***ਅੰਗ - ੫੩੮***

ਜਦੋਂ ਇਸ ਨਾਮ ਰੂਪੀ ਅੰਮ੍ਰਿਤ ਨੂੰ ਪੀਵਾਂਗੇ ਤਾਂ ਹਉਮੈ ਦੀ ਮੈਲ ਦੂਰ ਹੋ ਜਾਏਗੀ ਤੇ ਵਿਹੁ ਲਹਿ ਜਾਏਗੀ। ਜਿਹੜੀ ਅੰਗੂਠੇ ਤੋਂ ਲੈ ਕੇ ਸਰੀਰ ਵਿਚ ਸਿਰ ਦੀ ਚੋਟੀ ਤਕ ਫੈਲੀ ਹੋਈ ਹੈ, ਅੰਤਸ਼ਕਰਣ ਦੇ ਚਾਰੇ ਹਿੱਸਿਆਂ 'ਚ ਫੈਲੀ ਹੋਈ ਹੈ, ਪ੍ਰਾਣਮਈ ਕੋਸ਼ ਵਿਚ ਫੈਲੀ ਹੋਈ ਹੈ,

ਮਨੋਮਯ ਕੋਸ਼ ਵਿਚ ਫੈਲੀ ਹੋਈ, ਅਗਿਆਨਮਯ ਕੋਸ਼ ਸਭ ਵਿਚ ਫੈਲੀ ਹੋਈ ਹੈ, ਸਾਰੇ ਕੋਸ਼ਾਂ ਵਿਚ ਫੈਲੀ ਹੋਈ ਹਉਮੈ ਦੀ ਮੈਲ ਪ੍ਰਭੂ ਦਾ ਨਾਮ ਜਪ ਕੇ ਲਹਿੰਦੀ ਹੈ। ਸੋ ਫੁਰਮਾਨ ਕੀਤਾ ਮਹਾਰਾਜ ਨੇ ਕਿ ਤੁਹਾਨੂੰ ਸਾਰਾ ਜੋ ਉਪਦੇਸ਼ ਕੀਤਾ ਹੈ ਉਹਦਾ ਸਾਰ ਇਕ ਵਾਰੀ ਸਮਝ ਲਓ ਉਹ ਇਹ ਹੈ ਕਿ ਆਪਣੇ ਆਪ ਨੂੰ ਸਰੀਰ ਨਾ ਮੰਨੋ। ਸਰੀਰ ਤਾਂ ਮਿੱਟੀ ਬਣਿਆ ਹੋਇਆ, ਆਉਂਦਾ ਜਾਂਦਾ ਰਹਿੰਦਾ ਹੈ, ਹਜ਼ਾਰਾਂ ਹੀ ਸਰੀਰ ਅੱਗੇ ਕਰੋੜਾਂ ਮਿਲ ਚੁੱਕੇ ਨੇ, ਜਦੋਂ ਤੱਕ ਹਉਮੈ ਦੇ ਬੰਨ੍ਹੇ ਹੋਏ ਹਾਂ ਕਰੋੜਾਂ ਹੀ ਮਿਲਦੇ ਰਹਿਣਗੇ। ਆਪਣੇ ਆਪ ਨੂੰ ਜੋਤ ਸਮਝੋ। ਇਹ ਜੋਤ ਹੇਠਾਂ ਨੂੰ ਤੁਰ ਕੇ ਆਈ ਹੋਈ ਅੰਨਮਯ ਕੋਸ਼ ਵਿਚ। ਇਹ ਸ਼ੁਭ ਕਰਮਾਂ ਦੇ ਨਾਲ, ਨਾਮ ਜਪਣ ਦੇ ਨਾਲ, ਬਾਣੀ ਪੜ੍ਹਨ ਦੇ ਨਾਲ, ਇਹ ਬੁੱਧੀ ਆਏਗੀ ਕਿ ਮੈਂ ਸਰੀਰ ਨਹੀਂ ਹਾਂ। ਮੈਂ ਪੰਜ ਤੱਤ ਦਾ ਸਰੀਰ ਨਹੀਂ ਹੈ ਤੇ ਫੇਰ ਪ੍ਰਾਣਾਂ ਵਿਚ ਚਲੀ ਜਾਏਗੀ, ਉਪਰ ਨੂੰ ਚੜ੍ਹਾਈ ਕਰੇਗੀ, ਫੇਰ ਪ੍ਰਾਣਾਂ ਦਾ ਨਾਮ ਜਪ ਕੇ -

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ ॥ ਅੰਗ - ੭੯੫*

ਉਹ ਪ੍ਰਾਣਾਂ ਦਾ ਨਾਮ ਜਪ ਕੇ ਤੁਸੀਂ ਮਨੋਮਯ ਕੋਸ਼ ਵਿਚ ਚਲੇ ਜਾਓਂਗੇ, ਇਹ ਤੀਸਰਾ ਥਾਂ ਆ ਜਾਓਂਗੇ। ਮਨੋਮਯ ਕੋਸ਼ ਉਪਾਸਨਾ ਨਾਲ ਲੰਘ ਹੁੰਦਾ ਹੈ। ਉਪਾਸਨਾ ਦੇ ਨਾਲ ਅੰਤਰੀਵ ਉਪਾਸਨਾ ਤੇ ਬਾਹਰਲੀ ਉਪਾਸਨਾ। ਦੋਹਾਂ ਦੇ ਨਾਲ ਮਨੋਮਯ ਕੋਸ਼ 'ਚੋਂ ਲੰਘ ਕੇ ਵਿਗਿਆਨਮਯ ਕੋਸ਼ ਵਿਚ ਜਾਵੋਂਗੇ। ਵਿਗਿਆਨਮਯ ਕੋਸ਼ ਵਿਚਾਰ ਨਾਲ ਲੰਘ ਹੁੰਦਾ ਹੈ ਕਿ ਮੇਰਾ ਸਰੂਪ ਕੀ ਹੈ, ਨਾ ਤਾਂ ਮੈਂ ਪੰਜ ਤੱਤਾਂ ਵਿਚੋਂ ਕੋਈ ਤੱਤ ਹਾਂ, ਨਾ ਮੈਂ 25 ਪ੍ਰਾਕ੍ਰਿਤੀਆਂ 'ਚੋਂ ਕੋਈ ਪ੍ਰਕ੍ਰਿਤੀ ਹਾਂ, ਨਾ ਮੈਂ ਅੱਖਾਂ, ਨੱਕ, ਕੰਨ, ਜੀਭ ਹਾਂ, ਨਾ ਮੈਂ ਮਨ, ਨਾ ਬੁੱਧੀ, ਨਾ ਚਿੱਤ ਹਾਂ। ਜਿਹੜਾ ਅਹੰਭਾਵ ਮੇਰੇ ਵਿਚ ਹੋਇਆ ਹੋਇਆ ਹੈ ਇਹ ਚੀਜ਼ ਵਾਧੂ ਦੀ ਹੈ, ਮੈਂ ਨਹੀਂ ਹਾਂ ਇਹ। ਮੈਂ ਤਾਂ ਸਾਖੀ ਚੇਤਨ ਆਤਮਾ ਹਾਂ। ਇਹਦਾ ਜਦੋਂ ਚਿੰਤਨ ਕਰੋਂਗੇ ਫੇਰ ਤੁਸੀਂ ਬੁੱਧੀ ਦਾ ਜਿਹੜਾ ਵਿਗਿਆਨਮਯ ਕੋਸ਼ ਹੈ ਜਿਉਂ-ਜਿਉਂ ਇਹਦਾ ਨਿਹਚਾ ਵਧਦਾ ਜਾਏਗਾ ਜਿਉਂ-ਜਿਉਂ ਪਰਪੱਕ ਹੁੰਦਾ ਜਾਏਗਾ ਤਿਉਂ-ਤਿਉਂ ਤੁਸੀਂ ਵਿਗਿਆਨਮਯ ਕੋਸ਼ 'ਚੋਂ ਅਨੰਦਮਯ ਕੋਸ਼ ਵਿਚ ਜਾਓਂਗੇ। ਅਨੰਦਮਯ ਕੋਸ਼ ਅਗਿਆਨ ਦਾ ਕੋਸ਼ ਹੁੰਦਾ ਹੈ, ਹੁੰਦਾ ਉਥੇ ਅਨੰਦ ਹੈ। ਲੇਕਿਨ ਗਿਆਨ ਨਹੀਂ ਹੋਇਆ ਕਰਦਾ। ਉਸ ਤੋਂ ਬਾਅਦ ਜਦੋਂ ਗੁਰੂ ਦਾ ਬਚਨ ਕਮਾਓਂਗੇ ਉਸ ਵੇਲੇ ਗਿਆਨ ਹੋ ਜਾਏਗਾ। ਜਦੋਂ ਗਿਆਨ ਹੋਇਆ ਉਸ ਵੇਲੇ ਆਪਾ ਖਤਮ ਹੋ ਜਾਂਦਾ ਹੈ, ਪਰ ਆਪੇ ਵਿਚ ਇਹੀ ਜੀਵ ਜਿਹਨੂੰ ਜੀਵ ਕਹਿੰਦੇ ਸੀ ਆਪਣੇ ਸਰੂਪ ਵਿਚ ਪਹੁੰਚ ਜਾਂਦਾ ਹੈ, ਫੇਰ ਆਪਣਾ ਆਪ ਹੀ ਹੈ ਸਾਰੇ, ਚਾਹੇ ਉਹਨੂੰ ਤੂੰ ਕਹਿ ਲੈ, ਚਾਹੇ ਮੈਂ ਕਹਿ ਲੈ -

*ਗੁਰਹਿ ਦਿਖਾਇਓ ਲੋਇਨਾ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਸੋ ਸਾਰੀ ਵਿਚਾਰ ਦਾ ਨਤੀਜਾ ਇਹ ਹੈ ਮਹਾਰਾਜ ਕਹਿੰਦੇ ਨੇ ਕਿ ਭਾਈ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਜੋ ਬਚਨ ਆਪ ਨੂੰ ਹੁਣ ਤੱਕ ਕਹੇ ਨੇ, ਇਨ੍ਹਾਂ ਨੂੰ ਕਮਾ ਲਓ ਉਹ ਤਰ ਜਾਏਗਾ। ਇਨ੍ਹਾਂ ਬਚਨਾਂ ਦੀ ਕਮਾਈ ਕਰੋ, ਆਪਣੇ ਸਰੂਪ ਨੂੰ ਪਛਾਣੋ, ਸਵੈ ਸਰੂਪ ਦੇ ਵਿਚ ਲੀਨ ਹੋਣ ਦੀ ਜੁਗਤ ਸਿੱਖੋ, ਏਸ ਪਉੜੀ ਤੇ ਚੜ੍ਹਨ ਵਾਸਤੇ ਪਹਿਲਾਂ ਗੁਰੂ ਤੋਂ ਮੰਤਰ ਲੈਣਾ ਪੈਂਦਾ ਹੈ, ਓਸ ਮੰਤਰ ਦਾ ਜਦੋਂ ਅਸੀਂ ਜਾਪ ਕਰਦੇ ਹਾਂ। ਉਹ ਸ਼ਬਦ ਸਾਨੂੰ ਆਪਣੇ ਆਪ ਇਨ੍ਹਾਂ ਮੰਜ਼ਲਾਂ 'ਚੋਂ ਲੰਘਾਉਂਦਾ-ਲੰਘਾਉਂਦਾ ਅਖੀਰ ਉਥੇ ਲੈ ਜਾਂਦਾ ਹੈ ਜਿੱਥੇ ਇਹਦਾ ਵਾਸਾ ਹੁੰਦਾ ਹੈ। ਸੋ ਗੁਰੂ ਦੀ ਇਹੀ ਡਿਊਟੀ ਹੁੰਦੀ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ*
*ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ - ੧੨੯੧*

ਸੱਚੇ ਤਖਤ ਦੇ ਕੋਲ ਇਹ ਸ਼ਬਦ ਪਹੁੰਚਾ ਦਿਆ ਕਰਦਾ ਹੈ। ਸ਼ਬਦ ਵਿਚ ਸ਼ਕਤੀ ਹੈ। ਜੋ ਮਹਾਰਾਜ ਨੇ ਫੁਰਮਾਇਆ ਹੈ ਆਪਾਂ ਵੀ ਸੁਣੀਏ, ਪੜ੍ਹੀਏ ਸਾਡਾ ਵੀ ਫਰਜ਼ ਬਣਦਾ ਹੈ ਕਿ ਜੋ ਉਪਦੇਸ਼ ਨੇ ਇਨ੍ਹਾਂ ਨੂੰ ਹਿਰਦੇ ਵਿਚ ਧਾਰਨ ਕਰੀਏ, ਤਰੱਕੀ ਕਰੀਏ ਤੇ ਜਿਹੜਾ ਅਸੀਂ ਮਨੋਰਥ ਪ੍ਰਾਪਤ ਕਰਨ ਵਾਸਤੇ ਸੰਸਾਰ 'ਚ ਆਏ ਹਾਂ, ਉਹ ਸਾਨੂੰ ਪ੍ਰਾਪਤ ਹੋ ਸਕਦਾ ਹੈ।


GURU GOBIND SINGH VIDYA MANDIR RATWARA SAHIB
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ
Registration And Admission Open For Classes Nursery to X
(To be affiliated to C.B.S.E., New Delhi)
(ਸੀ. ਬੀ. ਐਸ. ਈ. ਨਾਲ ਸੰਬੰਧਿਤ)
ਨਰਸਰੀ ਤੋਂ ਦਸਵੀਂ ਜਮਾਤ ਤਕ ਰਜਿਸਟਰੇਸ਼ਨ ਅਤੇ ਦਾਖਲਾ ਸ਼ੁਰੂ
School will be upgraded by one class every year up to XII
+2 ਹੋਣ ਲਈ ਹਰ ਸਾਲ ਸਕੂਲ ਵਿੱਚ ਇੱਕ ਜਮਾਤ ਵਧਦੀ ਜਾਵੇਗੀ।
Limited Seats
ਸੀਮਤ ਸੀਟਾਂ
Co-Educational
ਸਹਿ-ਸਿਖਿਅਕ
English Medium
ਅੰਗਰੇਜ਼ੀ ਮਾਧਿਅਮ
ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਕੂਲ ਦਫਤਰ ਵਿਚ

ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸੰਗਤਾਂ ਵੱਲੋਂ ਚੜ੍ਹਦੀ ਕਲਾ ਵਿਚ ਹੋ ਰਹੀ ਸਰੋਵਰ ਦੀ ਕਾਰਸੇਵਾ ਦੇ ਦ੍ਰਿਸ਼ ਜਿਸ ਵਿਚ ਪਰਮ ਪੂਜਯ ਸਤਿਕਾਰਯੋਗ ਬੀਜੀ ਨੇ ਆ ਕੇ ਆਪਣੇ ਅਸ਼ੀਰਵਾਦ ਬਖਸ਼ਿਸ਼ ਕੀਤੇ।





ਮਹਾਂਪੁਰਸ਼ਾਂ ਦੀ ਸਪੁੱਤਰੀ ਬੀਬੀ ਰਿਪਜੀਤ ਕੌਰ ਅਮਰੀਕਾ ਵੱਲੋਂ ਆਪਣੇ ਸਤਿਕਾਰਯੋਗ ਪਿਤਾ ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੀ ਯਾਦ ਵਿਚ ਗ. ਸਾਚਾ ਧਨ ਮੋਹਾਲੀ ਵਿਖੇ ਕਰਾਏ ਗਏ ਗੁਰਮਤਿ ਸਮਾਗਮ ਨੂੰ ਦ੍ਰਿਸ਼ਟਮਾਨ ਕਰਦੇ ਦ੍ਰਿਸ਼।

# ਕਰਮ ਬੰਧਨ ਤੋਂ ਮੁਕਤੀ

## ((Freedom from the Bond of Karma))


*ਡਾ. ਸਵਾਮੀ ਰਾਮ ਜੀ*

*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ ਪੰਜਵਾਂ

### ਸੰਸਕਾਰ

ਸੰਸਕਾਰ ਸਾਡੇ ਪਿਛਲੇ ਕਰਮ, ਜੋ ਅਸੀਂ ਕੀਤੇ, ਸਾਡੇ ਵਿਚਾਰ, ਇਛਾਵਾਂ ਤੇ ਯਾਦਾਂ ਦੇ ਅਵਿਅਕਤ ਭਾਵ ਸਥਿਲ ਚਿੰਨ ਹਨ। ਯੋਗੀ ਇਹ ਗੱਲ ਜਾਣਦੇ ਹਨ ਕਿ ਸ੍ਵਾਸ ਹੀ ਮਨ ਨੂੰ ਸਰੀਰ ਨਾਲ ਜੋੜਦੇ ਹਨ। ਬਿਲਕੁਲ ਇਸ ਤਰ੍ਹਾਂ ਹੀ ਸੰਸਕਾਰ ਆਤਮਾ ਨੂੰ ਉਪਚੇਤਨ ਨਾਲ ਜੋੜਦੇ ਹਨ। ਜਦੋਂ ਸ੍ਵਾਸ ਖਤਮ ਹੋ ਜਾਂਦੇ ਹਨ ਉਪ ਚੇਤਨ ਮਨ ਤੇ ਆਤਮਾ ਸਰੀਰ ਤੋਂ ਅਲੱਗ ਹੋ ਜਾਂਦੀਆਂ ਹਨ ਪੰਜ ਸਰੀਰ ਦੇ ਅੰਗ ਪੰਜ ਇੰਦਰੀਆਂ ਤੇ ਚੇਤਨ ਮਨ ਦਾ ਭਾਗ ਇਹ ਸਭ ਆਤਮਾ ਤੋਂ ਅਲੱਗ ਹੋ ਜਾਂਦਾ ਹੈ। ਇਸ ਤਰ੍ਹਾਂ ਵਖਰੇ ਹੋਣ ਤੋਂ ਭਾਵ ਇਹ ਨਹੀਂ ਕਿ ਪੂਰੀ ਤਰ੍ਹਾਂ ਨਾਲ ਨਾਸ਼ ਹੋ ਜਾਂਦਾ ਹੈ। ਸਾਡੇ ਸੰਸਕਾਰ ਵਿਚ ਸੰਯੁਕਤ ਕਿਰਿਆ ਹੋਣ ਕਾਰਨ ਪੁਰਾਣੀਆਂ ਯਾਦਾਂ, ਵਿਚਾਰ, ਕੀਤੇ ਕੰਮ, ਇਹ ਸਭ ਕੁਝ ਉਪਚੇਤਨ ਮਨ ਵਿਚ ਹੀ ਰਹਿੰਦਾ ਹੈ। ਉਪ ਅਚੇਤ ਮਨ ਰਾਹੀਂ ਹੀ ਆਤਮਾ ਇਸ ਸੰਸਾਰ ਤੋਂ ਦੂਸਰੀ ਜਗ੍ਹਾ ਜਾਂਦੀ ਹੈ। ਮੌਤ ਤਾਂ ਕੇਵਲ ਇਕ ਵਿਛੋੜਾ ਹੈ ਇਕ ਤਰ੍ਹਾਂ ਨਾਲ ਵੱਖਰਾ ਹੋਣਾ ਹੈ।



ਮਹਾਨ ਯੋਗੀ ਡਾ. ਸਵਾਮੀ ਰਾਮ ਜੀ ਅ.ਤੇ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਜਦੋਂ ਤੱਕ ਆਤਮਾ ਉਪ ਚੇਤਨ ਮਨ ਦੀ ਵਰਤੋਂ ਕਰਦੀ ਹੈ ਇਕ ਸਟੋਰ ਦੀ ਤਰ੍ਹਾਂ ਚੰਗਾ ਮੰਦਾ ਜੋ ਕੁਝ ਵੀ ਪਿਛਲੇ ਜੀਵਨ ਦਾ ਉਸ ਵਿਚ ਪਿਆ ਰਹੇਗਾ ਅਸੀਂ ਕਰਮਾਂ ਦੇ ਬੰਧਨ ਤੋਂ ਛੁਟਕਾਰਾ ਨਹੀਂ ਪਾ ਸਕਦੇ ਇਕ ਉਦਾਹਰਣ ਰਾਹੀਂ ਅਸੀਂ ਇਸਨੂੰ ਚੰਗੀ ਤਰ੍ਹਾਂ ਸਮਝਾ ਸਕਦੇ ਹਾਂ। ਜਦੋਂ ਹਵਾ ਚਲਦੀ ਹੈ ਇਕ ਥਾਂ ਦੀ ਸੁਗੰਧ ਉਹ ਨਾਲ ਲੈ ਜਾਂਦੀ ਹੈ ਜਾਂ ਕਈ ਵਾਰੀ ਕੋਈ ਚੀਜ਼ ਵੀ ਨਾਲ ਉਡਾ ਕੇ ਲੈ ਜਾਂਦੀ ਹੈ, ਪਰ ਕੇਵਲ ਇਕ ਥਾਂ ਦੀ ਸੁਗੰਧ ਹੀ ਜਾਂਦੀ ਹੈ ਜਾਂ ਕਹਿ ਲਓ ਕਿ ਕੋਈ ਛੋਟੀ ਮੋਟੀ ਚੀਜ਼ ਨਾਲ ਉਡ ਕੇ ਚਲੀ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਅਸੀਂ ਆਪਣਾ ਸਰੀਰ ਛੱਡਦੇ ਹਾਂ ਸੂਖਮ ਰੂਪ ਵਿਚ ਸਾਰੀਆਂ ਯਾਦਾਂ ਸਾਡਾ ਅਰਧ ਅਚੇਤ ਮਨ ਨਾਲ ਹੀ ਲੈ ਤੁਰਦਾ ਹੈ ਤੇ ਅਸੀਂ ਦੂਸਰੀ ਥਾਂ ਤੇ ਚਲੇ ਜਾਂਦੇ ਹਾਂ। ਇਹ ਯਾਦਾਂ ਸੂਖਮ ਵਿਚਾਰ, ਆਕਾਰ ਜਿਨ੍ਹਾਂ ਵਿਚ ਜੀਵਨ ਪ੍ਰੇਰਨਾ ਦੇ ਬੀਜ ਹੁੰਦੇ ਹਨ, ਇਹ ਸਾਡੇ ਜੰਮਣ ਤੇ ਮਰਣ ਦੇ ਕਾਰਣ ਹਨ।

ਇਕ ਹੋਰ ਉਦਾਹਰਣ ਅਸੀਂ ਲੈਂਦੇ ਹਾਂ ਜੀਵਨ ਦੀ ਨਦੀ ਵਿਚ ਸਾਡੇ ਸਾਰੇ ਕੰਮ ਕਰਮ, ਵਿਚਾਰ, ਸੰਵੇਦਨ ਇਹ ਸਭ ਛੋਟੇ-ਛੋਟੇ ਪੱਥਰਾਂ ਦੀ ਤਰ੍ਹਾਂ ਹਨ ਜਿਹੜੇ ਨਦੀ ਦੇ ਥੱਲੇ ਬੈਠੇ ਹੋਏ ਹਨ ਤੇ ਛੇਤੀ ਹੀ ਅਸੀਂ ਇਨ੍ਹਾਂ ਦੇ ਬਾਰੇ ਭੁੱਲ ਜਾਂਦੇ ਹਾਂ। ਇਹ ਛੋਟੇ-ਛੋਟੇ ਪੱਥਰ ਜਿਹੜੇ ਨਦੀ ਵਿਚ ਸੁੱਟੇ ਗਏ ਹਨ ਇਹ ਥੋੜ੍ਹੀ ਦੇਰ ਬਾਅਦ ਛੋਟੇ-ਛੋਟੇ ਬੁਲਬੁਲੇ ਬਣਨ ਲਗ ਪੈਂਦੇ ਹਨ ਫੇਰ ਥੋੜ੍ਹਾ ਸਮਾਂ ਪਾ ਕੇ ਉਹ ਉਪਰ ਆ ਜਾਂਦੇ ਹਨ ਤੇ ਫਟ ਜਾਂਦੇ ਹਨ। ਇਸੇ ਪ੍ਰਕਾਰ ਸਾਡੇ ਸਾਰੇ ਸੰਸਕਾਰ ਯਾਦਾਂ ਦੀ ਸਤਹਿ ਤੇ ਬੈਠੇ ਰਹਿੰਦੇ ਹਨ। ਜਦੋਂ ਅਸੀਂ ਮੈਡੀਟੇਸ਼ਨ ਸ਼ੁਰੂ ਕਰਦੇ ਹਾਂ ਜੀਵਨ ਨੂੰ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ਇਹ ਛੁਪੇ ਹੋਏ ਸੰਸਕਾਰ ਉਪਰ ਆ ਜਾਂਦੇ ਹਨ, ਬਿਲਕੁਲ ਇਸ ਤਰ੍ਹਾਂ ਜਿਵੇਂ ਕਿ ਇਹ ਆਪਣਾ ਪ੍ਰਗਟਾਵਾ ਚਾਹੁੰਦੇ ਹੋਣ। ਸੰਸਾਰ ਵਿਚ ਆਪਣੀ ਹੋਂਦ ਦੱਸਣੀ ਚਾਹੁੰਦੇ ਹੋਣ। ਜੇ ਅਸੀਂ ਇਨ੍ਹਾਂ ਬੁਲਬਲਿਆਂ ਵਿਚ ਫਸ ਜਾਈਏ, ਇਨ੍ਹਾਂ ਵਿਚਾਰਾਂ ਵਿਚ ਫਸ ਜਾਈਏ ਫੇਰ ਅਸੀਂ ਕਦੀ ਵੀ ਮੁਕਤ ਨਹੀਂ ਹੋ ਸਕਦੇ। ਕਰਮਾਂ ਨੂੰ ਦੇਖਣ ਲਈ ਵਿਚਾਰਾਂ ਨੂੰ ਦੇਖਣ ਲਈ ਅਸੀਂ

ਆਪਣੇ ਆਪ ਹੀ ਕੁਝ ਕਰਦੇ ਹਾਂ ਪਰ ਇਹ ਮੁਕਤੀ ਦਾ ਰਾਹ ਨਹੀਂ ਹੈ ਇਹ ਆਤਮ ਸਿਧਾਂਤ ਦਾ ਮਾਰਗ ਨਹੀਂ ਹੈ, ਆਪਣੇ ਕਰਮ ਦੇਖਣੇ ਜਾਨਣੇ ਆਪਣੇ ਵਿਚਾਰ ਜਾਨਣੇ ਸਮਝਣੇ ਬਹੁਤ ਹੀ ਅਵੱਸ਼ਕ ਹਨ, ਜ਼ਰੂਰੀ ਹਨ। ਮਨ ਦੇ ਸੂਖਮ ਭਾਗਾਂ ਤੇ ਇਕਾਗਰ ਹੋਣ ਤੋਂ ਬਿਨਾਂ ਭਾਵ ਕਿ ਸੰਸਕਾਰਾਂ ਨੂੰ ਜਾਨਣ ਤੋਂ ਬਿਨਾਂ ਸਮਝਣ ਤੋਂ ਬਿਨਾਂ, ਕਿਵੇਂ ਉਹ ਛੁਪੇ ਪਏ ਹਨ, ਦਬੇ ਪਏ ਹਨ ਉਨ੍ਹਾਂ ਨੂੰ ਸਮਝਣ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ।

ਜਦੋਂ ਜਗਿਆਸੂ ਆਪਣੀਆਂ ਇੰਦਰੀਆਂ ਨੂੰ ਸਮੇਟ ਕੇ ਮੈਡੀਟੇਸ਼ਨ ਕਰਨੀ ਸ਼ੁਰੂ ਕਰਦਾ ਹੈ ਆਪਣੇ ਚੇਤਨ ਮਨ ਨੂੰ ਸ਼ਾਂਤ ਕਰਦਾ ਹੈ ਉਸ ਦੇ ਵਿਚਾਰ ਉਪਰ ਆਉਣੇ ਆਰੰਭ ਹੁੰਦੇ ਹਨ ਪਰ ਉਹ ਇਸ ਗੱਲ ਤੋਂ ਜਾਣੂ ਨਹੀਂ ਹੈ ਕਿ ਇਹ ਸਾਰੇ ਵਿਚਾਰ ਉਸ ਦੇ ਮਨ ਦੀ ਸਤਹਿ ਤੇ ਹੀ ਪਏ ਹਨ, ਜਿਥੇ ਕਿ ਇਹ ਸੁੱਤੇ ਪਏ ਹਨ ਜਦੋਂ ਵੀ ਕੁਝ ਹੋਇਆ ਹੈ ਉਹ ਥੱਲੇ ਜਾ ਕੇ ਬੈਠ ਗਿਆ ਹੈ। ਜਦੋਂ ਅਵਸਰ ਮਿਲਿਆ ਹੈ ਇਹ ਉਪਰ ਆ ਗਏ ਹਨ। ਜਗਿਆਸੂ ਬਹੁਤ ਵਾਰੀ ਇਨ੍ਹਾਂ ਨੂੰ ਦੇਖ ਕੇ ਉਚਾਟ ਹੋ ਜਾਂਦਾ ਹੈ ਜੇ ਜਗਿਆਸੂ ਧੀਰਜ ਵਾਲਾ ਹੈ, ਦ੍ਰਿੜ੍ਹ ਵਿਸ਼ਵਾਸ਼ ਵਾਲਾ ਹੈ ਉਹ ਇਨ੍ਹਾਂ ਵਿਚਾਰਾਂ ਨਾਲ ਟੱਕਰ ਲੈਣੀ ਬੰਦ ਕਰ ਦੇਵੇਗਾ। ਇਨ੍ਹਾਂ ਨੂੰ ਦੇਖੇਗਾ ਇਨ੍ਹਾਂ ਨੂੰ ਜਾਨਣ ਦੀ ਕੋਸ਼ਿਸ਼ ਕਰੇਗਾ। ਇਨ੍ਹਾਂ ਨੂੰ ਬੜੇ ਹੀ ਧਿਆਨ ਨਾਲ ਦੇਖਣਾ ਪਵੇਗਾ ਤਾਂ ਜੋ ਇਹ ਵਿਚਾਰ ਜਗਿਆਸੂ ਨੂੰ ਅਸ਼ਾਂਤ ਨਾ ਕਰ ਦੇਣ ਉਸ ਉਤੇ ਮਾੜਾ ਪ੍ਰਭਾਵ ਨਾ ਪਾਉਣ। ਇਸ ਤਰ੍ਹਾਂ ਨਾਲ ਉਦੋਂ ਹੀ ਹੋ ਸਕਦਾ ਹੈ ਜੇ ਜਗਿਆਸੂ ਆਪਣੇ ਆਪ ਨੂੰ ਇਨ੍ਹਾਂ ਵਿਚਾਰਾਂ ਦਾ ਪਾਤਰ ਨਾ ਬਣਾਵੇ ਇਨ੍ਹਾਂ ਆਕਾਰਾਂ ਦਾ, ਇਨ੍ਹਾਂ ਭਾਵਨਾ ਦਾ, ਇਨ੍ਹਾਂ ਕਲਪਨਾ ਦੇ ਪ੍ਰਭਾਵ ਥੱਲੇ ਨਾ ਆਵੇ। ਇਹ ਇਕ ਸਾਧਾਰਨ ਗੱਲ ਹੈ ਕਿ ਸਾਰੀਆਂ ਦਬੀਆਂ ਪਈਆਂ ਰੁਚੀਆਂ ਪਰਵਿਰਤੀਆਂ ਉਪਰ ਆਉਣਗੀਆਂ ਹੀ। ਇਹ ਵੀ ਸੁਭਾਵਿਕ ਹੈ ਕਿ ਜਗਿਆਸੂ ਅਸ਼ਾਂਤ ਹੋਏਗਾ ਹੀ। ਫੇਰ ਵੀ ਜੇ ਜਗਿਆਸੂ ਆਪਣੇ ਗੋਲ, ਆਪਣੇ ਨਿਸ਼ਚੇ ਤੇ ਟਿਕਿਆ ਰਹੇ ਉਸ ਦਾ ਗੋਲ ਉਪ ਚੇਤਨ ਮਨ ਤੋਂ ਪਰ੍ਹੇ ਹੈ, ਜੇ ਜਗਿਆਸੂ ਪੱਕਾ ਹੋ ਕੇ ਲੱਗਿਆ ਰਹੇ ਫੇਰ ਉਹ ਇਨ੍ਹਾਂ ਵਿਚਾਰਾਂ ਨੂੰ ਜਾਨਣਾ ਸਿੱਖ ਜਾਵੇਗਾ ਫੇਰ ਉਹ ਇਨ੍ਹਾਂ ਤੋਂ ਅਸ਼ਾਂਤ ਨਹੀਂ ਹੋਵੇਗਾ। ਪਿਛਲੇ ਸੰਸਕਾਰ ਤੰਗ ਤਾਂ ਅਵੱਸ਼ ਕਰਦੇ ਹਨ, ਮੈਡੀਟੇਸ਼ਨ ਕਰਦੇ ਸਮੇਂ ਜਗਿਆਸੂ ਅਸ਼ਾਂਤ ਹੋ ਜਾਂਦਾ ਹੈ ਪਰ ਸੱਚੀ ਕੋਸ਼ਿਸ਼ ਨਿਸ਼ਕਪਟ ਹੋ ਕੇ ਲੱਗੇ ਰਹਿਣਾ, ਦ੍ਰਿੜ੍ਹਤਾ, ਇਕਾਗਰ ਹੋਣਾ ਇਹ ਸਭ ਕੁਝ ਜਗਿਆਸੂ ਦੀ ਸਹਾਇਤਾ ਕਰਦਾ ਹੈ ਤੇ ਅੰਤ ਵਿਚ ਜਗਿਆਸੂ ਆਪਣੀ ਮੰਜ਼ਲ ਤੇ ਪਹੁੰਚਣ ਵਿਚ ਸਫਲ ਹੁੰਦਾ ਹੈ। ਹਰ ਸਮੇਂ, ਕੇਵਲ ਮਨ ਨੂੰ ਵਿਚਾਰਾਂ ਨੂੰ ਦੇਖੀ ਜਾਣਾ, ਚੇਤਨ ਮਨ ਨੂੰ ਦੇਖਣਾ ਇਹ ਮੈਡੀਟੇਸ਼ਨ ਲਈ ਕੋਈ ਠੀਕ ਰਸਤਾ ਨਹੀਂ ਹੈ। ਇਹ ਤਾਂ ਆਪਾ ਚੀਨਣਾ ਹੈ ਉਪ ਚੇਤਨ ਮਨ ਨੂੰ ਦੇਖਣਾ ਹੈ, ਮਨ ਦੇ ਅੰਦਰ ਕੀ ਚਲ ਰਿਹਾ ਹੈ ਉਹ ਦੇਖਣਾ ਹੈ ਉਹ ਅਵਸ਼ਕ ਹੈ, ਬਹੁਤ ਹੀ ਅਜੀਬ ਤਰ੍ਹਾਂ ਦੇ ਵਿਚਾਰ ਸਾਡੇ ਮਨ ਵਿਚ ਆਉਂਦੇ ਹਨ ਤੇ ਬਹੁਤ ਵਾਰੀ ਇਨ੍ਹਾਂ ਦਾ ਵਿਸ਼ਲੇਸ਼ਨ ਕਰਨਾ ਵੀ ਔਖਾ ਹੁੰਦਾ ਹੈ, ਇਨ੍ਹਾਂ ਤੋਂ ਖਹਿੜਾ ਛੁਡਾਉਣਾ ਵੀ ਔਖਾ ਹੁੰਦਾ ਹੈ। ਚੇਤਨ ਮਨ ਲਈ ਇਹ ਕਰਨਾ ਔਖਾ ਹੁੰਦਾ ਹੈ, ਕਿਉਂਕਿ ਇਹ ਉਪ ਚੇਤਨ ਮਨ ਵਿਚ ਦਬੇ ਪਏ ਹੁੰਦੇ ਹਨ।

ਜਦੋਂ ਜਗਿਆਸੂ ਜੀਵਨ ਦੇ ਦੂਸਰੇ ਕੰਢੇ ਤੇ ਜਾਂਦਾ ਹੈ, ਆਤਮਾ ਦੇ ਅਦਾਰੇ ਵਿਚ ਜਾਂਦਾ ਹੈ, ਇਹ ਸੰਸਕਾਰ ਉਸ ਲਈ ਔਕੜਾਂ ਖੜ੍ਹੀਆਂ ਕਰਦੇ ਹਨ। ਸਾਡੇ ਮਨ ਆਮ ਤੌਰ ਤੇ ਚੇਤਨ, ਅਚੇਤ ਤੇ ਉਪ ਚੇਤਨ ਦੇ ਪੱਧਰ ਤੇ ਕੰਮ ਕਰਦਾ ਹੈ ਜਦੋਂ ਮੈਡੀਟੇਸ਼ਨ ਕਰਦੇ ਹਾਂ ਮਨ ਇਨ੍ਹਾਂ ਪੱਧਰਾਂ ਤੋਂ ਪਰ੍ਹੇ ਚਲਾ ਜਾਂਦਾ ਹੈ। ਕੋਸ਼ਿਸ਼ ਕਰਕੇ ਮਨ ਇਨ੍ਹਾਂ ਅਵਸਥਾਵਾਂ ਤੋਂ ਪਰ੍ਹੇ ਲੈ ਜਾਇਆ ਕਰਦਾ ਹੈ ਜਿਸਨੂੰ ਯੋਗਾ ਵਿਚ ਪਰਾ ਚੇਤਨਾ ਕਹਿੰਦੇ ਹਨ। ਜੇ ਕੋਈ ਬਹੁਤ ਹੀ ਡੂੰਘੀ ਪ੍ਰੇਰਨਾ ਜਾਂ ਸੂਖਮ ਚਿੰਨ ਕੋਈ ਸਾਡੇ ਪਿਛਲੇ ਸੰਸਕਾਰਾਂ ਦੇ ਨਿਸ਼ਾਨ ਸਾਨੂੰ ਬਹੁਤ ਅੱਗੇ ਨਾ ਵਧਣ ਦੇਣ ਫੇਰ ਅਸੀਂ ਕਿਵੇਂ ਅੱਗੇ ਵਧ ਸਕਦੇ ਹਾਂ? ਕਿਵੇਂ ਅਸੀਂ ਦੂਸਰੇ ਪਾਰ ਜਾ ਸਕਦੇ ਹਾਂ? ਫੇਰ ਅਸੀਂ ਆਤਮ ਸਿੱਧੀ ਕਿਵੇਂ ਪ੍ਰਾਪਤ ਕਰ ਸਕਦੇ ਹਾਂ।

ਸਭ ਤੋਂ ਪਹਿਲਾਂ ਇਹ ਸਾਫ ਹੋਣਾ ਚਾਹੀਦਾ ਹੈ ਕਿ ਸੰਸਕਾਰ ਹੀ ਸਾਡੇ ਸਾਰੇ ਜੀਵਨ ਨੂੰ ਪ੍ਰੋਤਸਾਹਤ ਕਰਦੇ ਹਨ, ਸੰਸਕਾਰ ਸਾਨੂੰ ਬਾਹਰੀ ਜੀਵਨ, ਅੰਦਰ ਦੇ ਜੀਵਨ ਦੋਨਾਂ ਲਈ ਹੀ ਪ੍ਰੋਤਸਾਹਤ ਕਰਦੇ ਹਨ। ਇਹ ਪ੍ਰੇਰਨਾ ਸਾਡੇ ਕੰਮ ਨਾਲ ਵਿਚਾਰ ਤੇ ਸਾਡੀ ਆਪਣੀ ਪਸੰਦ, ਸਾਡੀ ਆਪਣੀ ਚੋਣ ਨਾਲ ਹੁੰਦੀ ਹੈ। ਕੋਈ ਵੀ ਸਾਨੂੰ ਸਾਡੇ ਚੰਗੇ ਮਾੜੇ ਕਰਮਾਂ ਕਾਰਣ ਸਜ਼ਾ ਨਹੀਂ ਦਿੰਦਾ, ਸਾਡੇ ਪਿਛਲੇ ਸੰਸਕਾਰ ਹੀ ਸਾਡੇ ਅੱਜ ਦੇ ਕਰਮਾਂ ਨੂੰ ਧਕਦੇ ਹਨ। ਜੋ ਅਸੀਂ ਬੀਜਦੇ ਹਾਂ ਉਹ ਅਸੀਂ ਕੱਟਦੇ ਹਾਂ ਇਹ ਕਰਮਾਂ ਦਾ ਨੀਯਮ ਹੈ ਇਹ ਹੀ ਸਿਧਾਂਤ ਹੈ। ਵਾਸਤਵ ਵਿਚ ਦੇਖਿਆ ਜਾਵੇ ਤਾਂ ਅਸੀਂ ਆਪਣੇ ਆਪ ਨੂੰ ਆਪ ਹੀ ਦੰਡ ਦਿੰਦੇ ਹਾਂ, ਆਪ ਹੀ ਸ਼ਾਬਾਸ਼ ਦਿੰਦੇ ਹਾਂ। ਜਦੋਂ ਅਸੀਂ ਆਪਣੇ ਸੰਸਕਾਰਾਂ ਨੂੰ ਜਾਣ ਜਾਂਦੇ ਹਾਂ ਇਹ ਜਾਣ ਜਾਂਦੇ ਹਾਂ ਕਿ ਇਹ ਹੀ ਸਾਡੀ ਪ੍ਰੇਰਨਾ ਹੈ ਇਹ ਹੀ ਪ੍ਰੋਤਸਾਹਤ ਕਰਦੇ ਹਨ, ਫੇਰ ਅਸੀਂ ਕਿਸੇ ਨੂੰ ਦੋਸ਼ ਨਹੀਂ ਦੇ ਸਕਦੇ, ਨਾ ਹੀ ਰੱਬ ਨੂੰ, ਨਾ ਹੀ ਕੁਦਰਤ ਨੂੰ –

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ – ੪੩੩***

ਮਨੁੱਖ ਆਪਣੇ ਕਰਮਾਂ ਕਰਕੇ ਹੀ ਭੋਗਦਾ ਹੈ। ਕਰਮ ਭੋਗ ਹੀ ਭੋਗਦਾ ਹੈ ਆਪਣੇ ਵਿਚਾਰਾਂ ਕਾਰਣ, ਇਛਾਵਾਂ ਕਾਰਣ ਤੇ ਆਪਣੇ ਸੰਸਕਾਰਾਂ ਦੇ ਕਾਰਣ, ਮਨੁੱਖ ਦਾ ਸਭ ਤੋਂ ਵੱਡਾ ਭੋਗ ਹੈ, ਉਸ ਦੇ ਜੰਮਣ ਤੇ ਮਰਨ ਦਾ ਬੰਧਨ ਚੌਰਾਸੀ ਦਾ ਗੇੜ, ਚੌਰਾਸੀ ਦੇ ਗੇੜ ਵਿਚ ਉਹ ਕਰਮਾਂ ਦਾ ਧੱਕਿਆ ਜਾਂਦਾ ਹੈ।

ਬਹੁਤ ਵਾਰੀ ਲੋਕੀ ਕਰਮਾਂ ਦਾ ਵਿਸ਼ਲੇਸ਼ਨ ਕਰਨਾ ਚਾਹੁੰਦੇ ਹਨ, ਖਾਸ ਤੌਰ ਤੇ ਜਿੱਥੋਂ ਤਕ ਉਨ੍ਹਾਂ ਦਾ ਸਬੰਧ ਬਾਕੀਆਂ ਨਾਲ ਹੈ, ਰਿਸ਼ਤੇਦਾਰਾਂ ਨਾਲ ਜਾਂ ਜਿਨ੍ਹਾਂ ਨਾਲ

ਉਹ ਰਹਿੰਦੇ ਹਨ, ਪਰ ਉਹ ਤਾਂ ਕਰਮਾਂ ਦਾ ਇਕ ਹੀ ਪੱਖ ਹੈ, ਕਰਮਾਂ ਦੇ ਫਲ ਸਮਝਣ ਦਾ ਇਕ ਭਾਗ ਹੈ। ਕਰਮ ਸਾਡੇ ਆਪਣੇ ਬਣਾਏ ਹੋਏ ਨਿਯਮ ਹਨ, ਕਾਨੂੰਨ ਹਨ, ਕੋਈ ਵੀ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ, ਪਰ ਨਾਲ ਹੀ ਇਹ ਵੀ ਸੱਚ ਹੈ ਕਿ ਜਦੋਂ ਕਰਮ ਕਰੋ ਫਲ ਮਿਲੇਗਾ ਹੀ ਫਲ ਵੀ ਜ਼ਰੂਰ ਮਿਲੇਗਾ ਉਸ ਫਲ ਤੋਂ ਪ੍ਰੇਰਤ ਹੋ ਕੇ ਉਹ ਹੋਰ ਕਰਮ ਕਰੇਗਾ। ਫੇਰ ਪ੍ਰਸ਼ਨ ਇਹ ਉਠਦਾ ਹੈ ਕਿ ਕਿਵੇਂ ਕਰਮ ਬੰਧਨ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਦੋ ਤਰੀਕੇ ਹਨ ਜਿਨ੍ਹਾਂ ਦੁਆਰਾ ਕਰਮ ਬੰਧਨ ਤੋਂ ਮੁਕਤ ਹੋਇਆ ਜਾ ਸਕਦਾ ਹੈ। ਇਕ ਤਾਂ ਹੈ ਕਿ ਕਰਮ ਹੀ ਕਰਨੇ ਛੱਡ ਦਿਤੇ ਜਾਣ। ਦੂਸਰਾ ਹੈ ਕਿ ਕਰਮ ਕਰੋ, ਪਰ ਜੁਗਤੀ ਨਾਲ ਕਰੋ ਤੇ ਨਿਸ਼ਕਾਮ ਕਰਮ ਕਰੋ, ਨਿਰਸੁਆਰਥੀ ਹੋ ਕੇ ਕਰੋ। ਆਮ ਆਦਮੀ ਲਈ ਇਹ ਸੰਭਵ ਹੀ ਨਹੀਂ ਕਿ ਉਹ ਆਪਣੀਆਂ ਸਾਰੀਆਂ ਡਿਊਟੀਆਂ ਤੋਂ ਆਪਣੇ ਸਾਰੇ ਫਰਜ਼ਾਂ ਤੋਂ ਪਰ੍ਹੇ ਹੋ ਸਕੇ, ਸਾਰੀਆਂ ਇਛਾਵਾਂ ਦਾ ਤਿਆਗ ਕਰ ਸਕੇ, ਸਾਰੀਆਂ ਪ੍ਰੇਰਣਾਵਾਂ ਸਮਰਪਣ ਕਰ ਸਕੇ ਪਰ ਪ੍ਰੈਕਟੀਕਲ ਤਰੀਕਾ ਜਿਸ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ ਉਹ ਹੈ ਜੁਗਤੀ ਨਾਲ ਆਪਣੇ ਕਰਮ ਕਰਨੇ, ਨਿਰ-ਸੁਆਰਥੀ ਹੋ ਕੇ ਕਰਨੇ ਤਾਂ ਜੋ ਕਰਮ ਬੰਧਨ ਨਾ ਬਣਨ।

ਨਿਸ਼ਕਾਮ ਕਰਮ ਜੁਗਤੀ ਨਾਲ ਕੀਤੇ ਕਰਮ ਹੀ ਇਕ ਮਾਤ੍ਰ ਪ੍ਰੈਕਟੀਕਲ ਮਾਰਗ ਹੈ, ਬਹੁਤ ਲੋਕੀ ਇਸ ਮਾਰਗ ਤੇ ਚਲ ਸਕਦੇ ਹਨ। ਬਹੁਤ ਹੀ ਥੋੜ੍ਹੇ ਵਡਭਾਗੇ ਹਨ ਜਿਹੜੇ ਤਿਆਗ ਦੇ ਮਾਰਗ ਤੇ ਚਲਦੇ ਹਨ ਗਿਆਨ ਦੇ ਮਾਰਗ ਤੇ ਚਲਦੇ ਹਨ, ਉਹ ਕਰਮ ਮਾਰਗ ਤੇ ਨਹੀਂ ਚਲਦੇ। ਸੰਸਾਰ ਦੇ ਸਾਰੇ ਪ੍ਰਾਣੀ ਇਕੋ ਜਿਹੇ ਨਹੀਂ ਕੁਝ ਪ੍ਰਾਣੀ ਇਹੋ ਜਿਹੇ ਹਨ ਜਿਹੜੇ ਤਿਆਗ ਦੇ ਮਾਰਗ ਤੋਂ ਲਾਭ ਲੈ ਸਕਦੇ ਹਨ ਦੂਸਰੇ ਕਰਮ ਦੇ ਮਾਰਗ ਤੋਂ ਲਾਭ ਲੈ ਸਕਦੇ ਹਨ। ਤਿਆਗ ਦਾ ਮਾਰਗ ਉਨ੍ਹਾਂ ਲਈ ਹੈ ਜਿਹੜੇ ਗਿਆਨ ਮਾਰਗ ਨੂੰ ਚੰਗੀ ਤਰ੍ਹਾਂ ਨਾਲ ਪੂਰਣ ਰੂਪ ਨਾਲ ਪ੍ਰਾਪਤ ਹੋ ਚੁੱਕੇ ਹਨ, ਇਹ ਆਮ ਲੋਕਾਂ ਲਈ ਨਹੀਂ ਹੈ। ਕਰਮ ਮਾਰਗ ਵਧੇਰੇ ਪ੍ਰੈਕਟੀਕਲ ਹੈ, ਵੱਧ ਤੋਂ ਵੱਧ ਪ੍ਰਾਣੀ ਇਸਨੂੰ ਅਪਣਾਅ ਸਕਦੇ ਹਨ।

ਕੁਝ ਕੁ ਵਡਭਾਗੇ ਜਿਹੜੇ ਬਿਲਕੁਲ ਮੌਤ ਤੋਂ ਮੁਕਤ ਹਨ ਉਹ ਨਿਰਲੇਪ ਹਨ, ਵਖਰੇ ਰਹਿੰਦੇ ਹਨ, ਖੁਸ਼ੀ ਤੋਂ, ਭੋਗ ਵਿਲਾਸ ਦੀ ਇੱਛਾ ਤੋਂ ਦੂਰ ਰਹਿੰਦੇ ਹਨ ਜਿਨ੍ਹਾਂ ਨੂੰ ਮੋਹ ਹੈ ਹੀ ਨਹੀਂ, ਮੋਹ ਤੋਂ ਮੁਕਤ ਹਨ, ਮੋਹ ਉਨ੍ਹਾਂ ਦੇ ਸੁਭਾਅ ਵਿਚ ਹੀ ਨਹੀਂ, ਉਹ ਆਪਣਾ ਜੀਵਨ ਗਿਆਨ ਪ੍ਰਾਪਤੀ ਲਈ ਸਮਰਪਣ ਕਰ ਦਿੰਦੇ ਹਨ। ਉਹ ਆਪਣੀਆਂ ਸਾਰੀਆਂ ਡੀਊਟੀਆਂ ਛੱਡ ਦਿੰਦੇ ਹਨ, ਕੇਵਲ ਸਤਿ ਦੀ ਪ੍ਰਾਪਤੀ ਹੀ ਉਨ੍ਹਾਂ ਦਾ ਇਕ ਮਾਤਰ ਉਦੇਸ਼ ਰਹਿ ਜਾਂਦਾ ਹੈ। ਕੇਵਲ ਇਹੋ ਜਿਹੇ ਮਨੁੱਖਾਂ ਲਈ ਹੀ ਗਿਆਨ ਦਾ ਮਾਰਗ ਉਨ੍ਹਾਂ ਨੂੰ ਉਨ੍ਹਾਂ ਦੇ ਉਦੇਸ਼ ਤਕ ਪਹੁੰਚਾ ਦਿੰਦਾ ਹੈ। ਸਾਰੇ ਕੰਮ ਸਾਰੇ ਕਾਰਜ ਜੋ ਅਸੀਂ ਕਰਦੇ ਹਾਂ ਉਨ੍ਹਾਂ ਲਈ ਪ੍ਰੇਰਨਾ ਇਛਾਵਾਂ ਤੋਂ ਆਉਂਦੀ ਹੈ, ਇਛਾਵਾਂ ਸਾਡੇ ਸੰਸਕਾਰਾਂ ਤੋਂ ਪਰੇਰੀਆਂ ਜਾਂਦੀਆਂ ਹਨ। ਜੋ ਕੁਝ ਵੀ ਅਸੀਂ ਭੋਗਾਂ ਲਈ ਕਰਦੇ ਹਾਂ, ਖੁਸ਼ੀਆਂ ਲਈ ਕਰਦੇ ਹਾਂ ਉਸ ਦਾ ਪ੍ਰਭਾਵ ਸਾਡੇ ਕਰਮਾਂ ਤੇ ਪੈਂਦਾ ਹੈ ਪਰ ਜਦੋਂ ਵੀ ਅਸੀਂ ਕੁਝ ਵੀ ਨਿਸ਼ਕਾਮ ਹੋ ਕੇ ਕਰਦੇ ਹਾਂ, ਨਿਰਸੁਆਰਥੀ ਹੋ ਕੇ ਕਰਦੇ ਹਾਂ ਉਸ ਦਾ ਪ੍ਰਭਾਵ ਸਾਡੇ ਉਤੇ ਨਹੀਂ ਪੈਂਦਾ। ਜਦੋਂ ਵੀ ਇਛਾਵਾਂ ਤੋਂ ਪ੍ਰੇਰਨਾ ਛੱਡ ਦਿਤਾ ਜਾਂਦਾ ਹੈ ਉਸ ਨੂੰ ਹੀ ਤਿਆਗ ਕਿਹਾ ਜਾਂਦਾ ਹੈ, ਉਸੇ ਨੂੰ ਸਵੈ-ਸੰਜਮ ਕਿਹਾ ਜਾਂਦਾ ਹੈ ਭਾਵ ਸਾਰੇ ਹੀ ਇੱਛਾ ਪ੍ਰੇਰਤ ਕਾਰਜ ਛੱਡ ਦੇਣੇ ਉਹ ਸਾਰੇ ਕਾਰਜ ਛੱਡ ਦੇਣੇ ਜਿਹੜੇ ਤੁਹਾਨੂੰ ਭੋਗ ਵਿਲਾਸ ਵਲ, ਮੌਜ ਮਾਨਣ ਵਲ ਲੈ ਜਾਂਦੇ ਹੋਣ। ਇਸੇ ਕਰਕੇ ਤਿਆਗ ਦੇ ਮਾਰਗ ਤੇ ਤੁਹਾਨੂੰ ਭੋਗ ਵਿਲਾਸ ਦੀ ਮੌਜ ਮਾਨਣ ਦੀ ਇੱਛਾ ਜੜ੍ਹ ਤੋਂ ਹੀ ਖਤਮ ਕਰ ਦੇਣੀ ਹੁੰਦੀ ਹੈ। ਜਿਹੜਾ ਤਿਆਗ ਦੇ ਮਾਰਗ ਤੇ ਚਲਦਾ ਹੈ ਉਹ ਸਾਰੇ ਕਰਮ, ਸਾਰੇ ਕਾਰਜ ਨਹੀਂ ਤਿਆਗਦਾ, ਕੇਵਲ ਉਨ੍ਹਾਂ ਕਰਮਾਂ ਦਾ ਉਨ੍ਹਾਂ ਗੱਲਾਂ ਦਾ ਹੀ ਤਿਆਗ ਕਰਦਾ ਹੈ ਜਿਹੜੀਆਂ ਸੁੱਖ ਦੇਣ ਵਾਲੀਆਂ ਹੋਣ, ਖੁਸ਼ੀ ਦੇਣ ਵਾਲੀਆਂ ਹੋਣ। ਤਿਆਗ ਦੇ ਮਾਰਗ ਤੇ ਚੱਲ ਕੇ ਤੁਸੀਂ ਉਹ ਕਰਮ ਨਹੀਂ ਛੱਡ ਸਕਦੇ ਜਿਹੜੇ ਲੋਕ ਭਲਾਈ ਦੇ ਹੋਣ, ਸੰਸਾਰਕ ਸ਼ਾਂਤੀ ਲਈ ਹੋਣ। ਇੱਛਾ ਪ੍ਰੇਰਤ ਕੰਮ, ਕ੍ਰਿਆ ਤੋਂ ਭਾਵ ਹੈ ਖੁਸ਼ੀ ਪ੍ਰਾਪਤ ਲਈ ਕੰਮ ਕਰਨਾ, ਕ੍ਰਿਆ ਕਰਨੀ, ਇਹ ਖੁਸ਼ੀ ਪ੍ਰਾਪਤੀ ਦੀ ਇੱਛਾ ਆਪਣੇ ਲਈ ਖੁਸ਼ੀ ਪ੍ਰਾਪਤ ਕਰਨੀ। ਕੋਈ ਵੀ ਮਨੁੱਖ ਰੋਟੀ ਖਾਣ ਦੀ ਇੱਛਾ ਨਹੀਂ ਛੱਡ ਸਕਦਾ ਜਾਂ ਉਹ ਕੋਈ ਵੀ ਇੱਛਾ ਜਿਹੜੀ ਸਰੀਰ ਨੂੰ ਠੀਕ ਸਵਸਥ ਰੱਖਣ ਲਈ ਜ਼ਰੂਰੀ ਹੈ। ਤਿਆਗ ਮਾਰਗ ਤੇ ਚਲਦਿਆਂ ਲਾਲਚ ਨਾ ਕਰਨ ਦੀ ਰੁਚੀ ਹੀ ਸਭ ਤੋਂ ਵੱਧ ਸਹਾਇਕ ਹੁੰਦੀ ਹੈ ਇਹ ਹੀ ਸਭ ਤੋਂ ਵੱਧ ਖੁਸ਼ੀ ਦਿੰਦੀ ਹੈ। ਤਿਆਗ ਦੇ ਮਾਰਗ ਤੇ ਸਾਰੇ ਕੰਮ, ਕਰਮ ਛੱਡਣੇ ਅਵਸ਼ਕ ਨਹੀਂ, ਕੇਵਲ ਉਹ ਹੀ ਕਰਮ ਉਹ ਹੀ ਕੰਮ ਛੱਡਣ ਦੀ ਲੋੜ ਹੈ ਜਿਹੜੇ ਸੁਖ ਦੇਣ, ਖੁਸ਼ੀ ਦੇਣ।

ਸੰਸਕਾਰਾਂ ਅਨੁਸਾਰ ਜਦੋਂ ਕਰਮਾਂ ਨੂੰ ਦੇਖਿਆ ਜਾਵੇ ਤਾਂ ਇਹ ਵੀ ਪਤਾ ਲਗ ਜਾਂਦਾ ਹੈ ਕਿ ਤੁਸੀਂ ਕੀ ਕੰਮ ਕਰ ਸਕਦੇ ਹੋ, ਕਰੋਗੇ। ਪਹਿਲੇ ਕੁਝ ਕੰਮ ਕਰਕੇ, ਆਪਣੀ ਅੰਦਰ ਦੀ ਪ੍ਰੇਰਨਾ ਅਨੁਸਾਰ ਕਾਰਜ ਕਰਕੇ ਤੁਸੀਂ ਅਗਿਆਨ ਦਾ ਸਾਗਰ ਪਾਰ ਕਰ ਸਕਦੇ ਹੋ, ਮਾਇਆ ਦੇ ਅਗਿਆਨ ਤੋਂ ਬਚ ਸਕਦੇ ਹੋ, ਜੇ ਤੁਸੀਂ ਅੰਦਰ ਦੀ ਆਵਾਜ਼ ਅੰਦਰ ਦੇ ਵਲਵਲੇ ਸੁਣੋ ਜਿਹੜੇ ਤੁਹਾਡੇ ਅੰਦਰ ਬੜੇ ਪੱਕੇ ਹੋਏ ਸੰਸਕਾਰ ਹਨ। ਸੰਸਕਾਰਾਂ ਨੂੰ ਛੱਡ ਦੇਣਾ ਕੋਈ ਸੌਖਾ ਨਹੀਂ, ਸੰਸਕਾਰਾਂ ਤੋਂ ਤੁਸੀਂ ਭੱਜ ਨਹੀਂ ਸਕਦੇ। ਚੰਗਾ ਤਾਂ ਇਹ ਹੀ ਹੋਵੇਗਾ ਕਿ ਜੇ ਤੁਸੀਂ ਸੰਸਕਾਰਾਂ ਨੂੰ ਦੇਖ ਕੇ, ਜਾਣ ਕੇ ਉਨ੍ਹਾਂ ਦੇ ਨਾਲਹੀ ਬਹਿ ਜਾਓ, ਸੰਸਕਾਰਾਂ ਦੇ ਪਿਛੇ ਹੀ ਲਗ ਤੁਰੋ, ਇਸ ਤਰ੍ਹਾਂ ਨਾਲ ਆਪਣੀ ਡੀਊਟੀ ਕਰਦਿਆਂ ਦੂਸਰੇ ਕੰਢੇ ਤੇ ਪਹੁੰਚ ਜਾਓ।

ਤੁਹਾਨੂੰ ਕਦੀ ਵੀ ਭਰਮ ਵਿਚ ਆ ਕੇ, ਸੰਵੇਗ ਵਿਚ ਆ ਕੇ ਅਗਿਆਨ ਵਿਚ ਆ ਕੇ ਆਪਣੀ ਡੀਊਟੀ ਨਹੀਂ

ਛੱਡ ਦੇਣੀ ਚਾਹੀਦੀ। ਅੱਖਾਂ ਬੰਦ ਕਰਕੇ ਤਿਆਗ ਕਰਨਾ, ਅਗਿਆਨੀ ਹੋ ਕੇ ਤਿਆਗ ਕਰਨਾ, ਕਦੀ ਵੀ ਜਗਿਆਸੂ ਲਈ ਲਾਹੇਵੰਦ ਨਹੀਂ ਹੁੰਦਾ। ਆਪਣੀ ਡੀਊਟੀ ਛੱਡਣੀ ਆਪਣੇ ਫਰਜ਼ ਨਾ ਨਿਭਾਉਣੇ, ਆਪਣੇ ਕਰਮ ਨਾ ਕਰਨੇ ਸੰਤਾਪ ਦਾ ਕਾਰਣ ਹੋ ਸਕਦੇ ਹਨ। ਜੀਣ ਲਈ ਮਨੁੱਖ ਦੀਆਂ ਕੁਝ ਲੋੜਾਂ ਹਨ, ਕੁਝ ਜ਼ਰੂਰਤਾਂ ਹਨ ਇਸ ਕਰਕੇ ਆਪਣੀ ਜੀਵਕਾ ਕਮਾਉਣੀ ਜ਼ਰੂਰੀ ਹੈ, ਕਿਰਤ ਕਰਨੀ ਜ਼ਰੂਰੀ ਹੈ।

ਅਸੀਂ ਉਪਰ ਦੱਸ ਆਏ ਹਾਂ ਕਿ ਕ੍ਰਿਆ ਕਿਵੇਂ ਸਾਡੀ ਸੋਚ ਤੋਂ ਪ੍ਰੇਰਤ ਹੁੰਦੀ ਹੈ, ਸੋਚ ਦਾ ਤਰੀਕਾ, ਇਛਾਵਾਂ ਕਿਵੇਂ ਸਾਡੇ ਸੰਸਕਾਰਾਂ ਤੋਂ ਪ੍ਰੇਰਤ ਹੁੰਦੀਆਂ ਹਨ। ਸਾਡੀ ਸੋਚ ਦਾ ਤਰੀਕਾ ਤਿੰਨ ਰਸਤਿਆਂ ਤੋਂ ਜਾਂਦਾ ਹੈ, ਤਮੋ, ਰਜੋ, ਸਾਤਵਿਕ।

ਜਦੋਂ ਸਾਡੀ ਕਿਰਿਆ ਤਮੋ ਗੁਣ ਦੇ ਰਾਹ ਤੋਂ ਆਉਂਦੀ ਹੈ ਅਸੀਂ ਅਕ੍ਰਿਆਸ਼ੀਲ ਹੁੰਦੇ ਹਾਂ, ਸੁਸਤ ਹੋ ਜਾਂਦੇ ਹਾਂ, ਸਾਡੀ ਸੋਚ ਨਿਖੇਧੀ ਵਾਲੀ ਹੋ ਜਾਂਦੀ ਹੈ, ਇਸ ਤਰ੍ਹਾਂ ਦੀ ਦਸ਼ਾ ਬਹੁਤ ਹੀ ਹਾਨੀਕਾਰਕ ਹੈ, ਖਤਰੇ ਵਾਲੀ ਹੈ। ਜਦੋਂ ਕਿਰਿਆ ਰਜੋ ਗੁਣ ਤੋਂ ਪੈਦਾ ਹੁੰਦੀ ਹੈ ਸਾਨੂੰ ਦੁਖ ਦਰਦ ਦਾ ਡਰ ਰਹਿੰਦਾ ਹੈ, ਅਸੀਂ ਆਪਣੇ ਆਪ ਨੂੰ ਸੁਰਖਿਅਤ ਨਹੀਂ ਸਮਝਦੇ, ਅਸੀਂ ਦਵੰਦ ਵਿਚ ਹੁੰਦੇ ਹਾਂ, ਦੁਖ ਦਾ ਵੱਡਾ ਕਾਰਣ ਇਹ ਹੀ ਹੈ। ਜਦੋਂ ਅਸੀਂ ਰਜੋ ਗੁਣ ਦੇ ਪ੍ਰਭਾਵ ਥੱਲੇ ਹੁੰਦੇ ਹਾਂ, ਅਸੀਂ ਸੁਆਰਥੀ ਹੁੰਦੇ ਹਾਂ ਇਹ ਹੀ ਸਾਡੇ ਬੰਧਨ ਦਾ ਸਭ ਤੋਂ ਵੱਡਾ ਕਾਰਣ ਹੈ। ਜਦੋਂ ਸਤੋ ਗੁਣੀ ਕਿਰਿਆ ਕੀਤੀ ਜਾਂਦੀ ਹੈ ਨਿਰਇੱਛਤ ਹੋ ਕੇ ਕੀਤੀ ਜਾਂਦੀ ਹੈ, ਆਪਣਾ ਕੋਈ ਲਾਭ ਨਹੀਂ ਦੇਖਿਆ ਜਾਂਦਾ, ਕੋਈ ਭੋਗ ਵਿਲਾਸ ਨਹੀਂ ਦੇਖਿਆ ਜਾਂਦਾ ਉਦੋਂ ਸਾਤਵਿਕ ਬਿਰਤੀ ਸਾਡੀ ਸੋਚ ਨੂੰ ਪ੍ਰੇਰਿਤ ਕਰਦੀ ਹੈ, ਸਾਡੀਆਂ ਇੰਦਰੀਆਂ ਨੂੰ ਸਾਡੇ ਸਰੀਰ ਨੂੰ ਪ੍ਰੇਰਨਾ ਦਿੰਦੀ ਹੈ ਤੇ ਸਾਨੂੰ ਸ਼ਾਂਤੀ ਵਲ ਲੈ ਜਾਂਦੀ ਹੈ। ਸਾਰਾ ਸਰੀਰ ਸ਼ਾਂਤ ਹੁੰਦਾ ਹੈ, ਮਨ ਸ਼ਾਂਤ ਹੁੰਦਾ ਹੈ। ਇਸ ਪ੍ਰਕਾਰ ਜਦੋਂ ਕ੍ਰਿਆ ਕੀਤੀ ਜਾਂਦੀ ਹੈ, ਜਗਿਆਸੂ ਜਦੋਂ ਸਾਤਵਿਕ ਪ੍ਰਵਿਰਤੀ ਤੋਂ ਕਿਰਿਆ ਕਰਦਾ ਹੈ ਉਸ ਵਿਚ ਕੋਈ ਇੱਛਾ ਨਹੀਂ ਹੁੰਦੀ। ਕੋਈ ਭੋਗ ਬਿਲਾਸ ਨਹੀਂ ਆਪਣੇ ਲਈ ਵਾਸਤਵ ਵਿਚ ਕੁਝ ਵੀ ਨਹੀਂ ਹੁੰਦਾ, ਉਸ ਦਾ ਸਭ ਕੁਝ ਲੋਕ ਭਲਾਈ ਲਈ ਹੁੰਦਾ ਹੈ ਬਿਨਾਂ ਕਿਸੇ ਗਲਤੀ ਦੇ ਹੁੰਦਾ ਹੈ, ਦੂਸਰਿਆਂ ਦੀ ਖੁਸ਼ੀ ਲਈ ਹੁੰਦਾ ਹੈ। ਕਰਮ ਨਹੀਂ ਖਤਮ ਕਰਨੇ, ਕਰਮ ਨਹੀਂ ਅਰਪਣ ਕਰਨੇ, ਕਰਮਾਂ ਦਾ ਫਲ ਸਮਰਪਣ ਕਰਨਾ ਹੈ, ਫਲ ਦੂਸਰਿਆਂ ਦੀ ਭਲਾਈ ਲਈ ਦੇਣਾ ਹੈ। ਇਹੋ ਜਿਹੇ ਕਰਮ ਸਾਤਵਿਕ ਬਿਰਤੀ ਤੋਂ ਹੁੰਦੇ ਹਨ, ਸਾਤਵਿਕ ਸੋਚ ਤੋਂ ਆਉਂਦੇ ਹਨ। ਇਸ ਤਰ੍ਹਾਂ ਦੀ ਸਾਤਵਿਕ ਬਿਰਤੀ ਉਦੋਂ ਹੀ ਹੋ ਸਕਦੀ ਹੈ ਜਦੋਂ ਅਸੀਂ ਆਪਣੇ ਮਨ ਨੂੰ ਤਮੋ ਗੁਣੀ ਸੋਚ, ਰਜੋ ਗੁਣੀ ਸੋਚ ਤੋਂ ਬਚਾ ਕੇ ਸਤੋ ਗੁਣੀ ਸੋਚ ਵਲ ਰੱਖੀਏ।

ਇਨ੍ਹਾਂ ਤਿੰਨਾਂ ਨੂੰ ਗੁਣ ਕਿਹਾ ਗਿਆ ਹੈ, ਰਜੋ ਗੁਣ, ਤਮੋ ਗੁਣ, ਸਤੋ ਗੁਣ। ਸਾਡੇ ਸਾਰੇ ਕੰਮ ਕਰਿਆ, ਸੋਚ ਸਾਰੇ ਇਨ੍ਹਾਂ ਤੋਂ ਹੀ ਪ੍ਰੇਰਤ ਹੁੰਦੇ ਹਨ ਇਨ੍ਹਾਂ ਤੋਂ ਹੀ ਦਿਸ਼ਾ ਮਿਲਦੀ ਹੈ। ਵਾਸਤਵ ਵਿਚ ਸਾਰੀ ਸ੍ਰਿਸ਼ਟੀ ਨੂੰ ਅਸੀਂ ਇਨ੍ਹਾਂ ਤਿੰਨਾਂ ਗੁਣਾਂ ਵਿਚ ਵੰਡ ਸਕਦੇ ਹਾਂ। ਸਤੋ ਗੁਣ ਚਾਨਣ ਹੈ, ਰੋਸ਼ਨੀ ਹੈ, ਦ੍ਰਿੜ੍ਹਤਾ ਹੈ, ਸ਼ਾਂਤੀ ਹੈ ਇਸ ਦਾ ਰੰਗ ਚਿੱਟਾ ਹੈ। ਰਜੋ ਗੁਣ ਕ੍ਰਿਆਸ਼ੀਲ ਹੈ ਗਤੀਸ਼ੀਲ ਹੈ, ਵਿਆਕੁਲਤਾ ਹੈ, ਛਿੰਨ ਭਿੰਨ ਹੋਣਾ ਹੈ ਇਸ ਦਾ ਰੰਗ ਹੈ ਲਾਲ। ਤਮੋ ਗੁਣ ਸੁਸਤੀ ਹੈ ਜੜ੍ਹਤਾ ਹੈ, ਸਥਿਲਤਾ ਹੈ ਇਸ ਦਾ ਚਿੰਨ ਹੈ ਕਾਲਾ ਗੂੜ੍ਹਾ ਨੀਲਾ, ਹਨ੍ਹੇਰੇ ਦਾ ਰੰਗ।

ਜਗਿਆਸੂਨੂੰ ਚਾਹੀਦਾ ਹੈ ਕਿ ਰਜੋ ਗੁਣੀ ਤੇ ਤਮੋ ਗੁਣੀ ਕਿਰਿਆ ਤੋਂ ਛੁਟਕਾਰਾ ਪਾਵੇ ਤੇ ਸਤੋ ਗੁਣ ਵਿਚ ਆਪਣੇ ਆਪ ਨੂੰ ਲੈ ਜਾਵੇ। ਸਤੋ ਗੁਣ ਰਾਹੀਂ ਆਪਣਾ ਮਨ ਸ਼ੁੱਧ ਕਰੇ, ਸੰਵੇਗਕ ਸਥਿਰਤਾ ਪ੍ਰਾਪਤ ਕਰੇ। ਆਗਿਆ ਚੱਕਰ ਤੇ ਮੈਡੀਟੇਸ਼ਨ ਕਰੇ ਜੋ ਕਿ ਸ਼ੁਧ ਹੈ, ਸਵੈ ਜਾਗ੍ਰਤ ਹੈ, ਆਤਮਾ ਹੈ, ਸਾਰੇ ਜਾਗ੍ਰਤ ਸੰਸਾਰ ਦੀ ਆਤਮਾ ਹੈ ਚੇਤਨ ਆਤਮਾ ਹੈ। ਆਤਮਾ ਕਦੇ ਵੀ ਅਸ਼ੁਧ ਨਹੀਂ, ਇਹ ਤਾਂ ਮਨ ਹੀ ਅਗਿਆਨ ਦੇ ਪੜਦੇ ਥੱਲੇ ਡਕਿਆ ਰਹਿੰਦਾ ਹੈ। ਸੰਸਕਾਰ ਹੀ ਮਨ ਦੇ ਸ਼ੀਸ਼ੇ ਤੇ ਮਿੱਟੀ ਪਾ ਦਿੰਦੇ ਹਨ, ਧੂੜ ਜਮ੍ਹਾਂ ਹੋ ਜਾਂਦੀ ਹੈ, ਆਤਮਾ ਨੂੰ ਸ਼ੀਸ਼ੇ ਵਿਚ ਨਹੀਂ ਦੇਖਿਆ ਜਾ ਸਕਦਾ। ਜਦੋਂ ਸ਼ੀਸ਼ੇ ਉਤੇ ਮਿੱਟੀ ਜੰਮੀ ਪਈ ਹੈ। ਤਮੋ ਗੁਣਾਂ ਦੀ ਧੂੜ, ਰਜੋ ਗੁਣਾਂ ਦੀ ਧੂੜ ਜਮੀ ਪਈ ਹੈ, ਵਿਚਾਰਾਂ ਦੀ ਧੂੜ ਇਸ ਸਭ ਕੁਝ ਨੇ ਮਨ ਨੂੰ ਦੱਬਿਆ ਹੋਇਆ ਹੈ। ਹਰ ਸਮੇਂ ਚੌਕਸ ਰਹਿਣ ਨਾਲ ਆਪਣੇ ਆਪ ਨੂੰ ਸ਼ੁਧ ਕਰਨ ਨਾਲ, ਚੁਸਤ ਰਹਿਣ ਨਾਲ ਆਪਣੀ ਕ੍ਰਿਆ ਤੇ ਪਹਿਰਾ ਦੇਣ ਨਾਲ, ਨਿਰਲੇਪ ਹੋ ਕੇ ਕਾਰਜ ਕਰਨ ਨਾਲ ਸੰਸਾਰ ਵਿਚ ਆਪਣੀ ਡੀਊਟੀ ਕਰਦੇ ਹੋਏ, ਇਛਾਵਾਂ ਦਾ ਤਿਆਗ ਕਰਦੇ ਹੋਏ, ਮੌਜ ਮੇਲੇ ਦਾ ਤਿਆਗ ਕਰਦੇ ਹੋਏ, ਭੋਗ ਵਿਲਾਸ ਨੂੰ ਛੱਡਦੇ ਹੋਏ, ਹੌਲੀ-ਹੌਲੀ ਮਨ ਸ਼ੁਧ ਹੋ ਜਾਂਦਾ ਹੈ, ਆਤਮਾ ਦਿਸਣ ਲਗ ਪੈਂਦੀ ਹੈ, ਮਨ ਦੇ ਸੀਸ਼ੇ ਵਿਚ ਆਤਮਾ ਦਾ ਲਿਸ਼ਕਾਰਾ ਪੈ ਜਾਂਦਾ ਹੈ।

ਜੇ ਅਸੀਂ ਪਾਣੀ ਵਿਚ ਸੋਟੀ ਪਾ ਕੇ ਦੇਖੀਏ ਜਿਹੜੀ ਅੱਧੀ ਬਾਹਰ ਹੋਵੇ, ਅੱਧੀ ਅੰਦਰ ਇਹ ਟੁੱਟੀ ਹੋਈ ਪ੍ਰਤੀਤ ਹੋਵੇਗੀ, ਬਿਲਕੁਲ ਇਸੇ ਤਰ੍ਹਾਂ ਸਾਡਾ ਸੋਚਣ ਦਾ ਤਰੀਕਾ ਸਾਨੂੰ ਆਤਮਾ ਦੇਖਣ ਹੀ ਨਹੀਂ ਦਿੰਦਾ, ਜਦੋਂ ਤੱਕ ਵਿਚਾਰਾਂ ਦੀ ਸੋਚ ਦੀ ਨਦੀ ਦੀਆਂ ਲਹਿਰਾਂ ਸਾਂਤ ਨਹੀਂ ਹੋਣਗੀਆਂ ਸਾਨੂੰ ਆਤਮਾ ਦਿਸ ਹੀ ਨਹੀਂ ਸਕਦੀ। ਮੈਡੀਟੇਸ਼ਨ ਨਾਲ ਅਸ਼ਾਂਤ ਮਨ ਸ਼ਾਂਤ ਹੁੰਦਾ ਹੈ ਆਤਮਾ ਪ੍ਰਗਟ ਹੁੰਦੀ ਹੈ। ਜਦੋਂ ਮੈਡੀਟੇਸ਼ਨ ਹੋਰ ਉਪਰ ਪਹੁੰਚਦੀ ਹੈ ਜਾਂ ਕਹਿ ਲਓ ਮੈਡੀਟੇਸ਼ਨ ਵਿਚ ਜਦੋਂ ਅਸੀਂ ਡੂੰਘੇ ਜਾਂਦੇ ਹਾਂ ਜਗਿਆਸੂ ਮਾਇਆ ਜਾਲ ਤੋਂ ਪਰ੍ਹੇ ਹੁੰਦਾ ਹੈ, ਅਗਿਆਨ ਤੋਂ ਪਰ੍ਹੇ ਜਾਂਦਾ ਹੈ, ਉਹ ਦੂਸਰੇ ਪਾਰ ਪਹੁੰਚ ਜਾਂਦਾ ਹੈ। ਇਹ ਹੀ ਮਨੁੱਖੀ ਜੀਵਨ ਦਾ ਆਦਰਸ਼ ਹੈ, ਉਦੇਸ਼ ਹੈ ਗੋਲ ਹੈ।

# ਸੰਤ ਬਿਮਲਾ ਸਿੰਘ ਜੀ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ ਪੰਨਾ - 51)*

ਇਸ ਤਰ੍ਹਾਂ ਇਸ ਪਾਲੀ ਬੱਚੇ ਪਰ ਦਾਤ ਹੋਈ ਤੇ ਇਹ ਕੰਗਾਲ ਸਚਮੁਚ ਪਾਤਸ਼ਾਹੀ ਨੂੰ ਪਹੁੰਚਾ, ਇਸ ਦੀ ਪਾਤਸ਼ਾਹੀ ਦਾ ਪਤਾ ਤਵਾਰੀਖ ਖਾਲਸਾ ਵਿਚ ਸੰਤ ਗਿਆਨ ਸਿੰਘ ਗਿਆਨੀ ਜੀ ਨੇ ਦਿਤਾ ਹੈ ਕਿ ਉਹ ਮਨਕੇਰੇ ਦਾ ਖਾਨ ਹੋਇਆ, ਪੱਛੋਂ ਵਾਲੇ ਪਾਸੇ। ਸਾਧ ਸੰਗਤ ਜੀ! ਖਾਨ ਇਕ ਤਰ੍ਹਾਂ ਦੇ ਰਾਜੇ ਹੀ ਹੁੰਦੇ ਹਨ। ਇਸ ਦੀ ਕਥਾ ਜਨਮ ਸਾਖੀ ਤੇ ਤਵਾਰੀਖ ਖਾਲਸਾ ਵਿਚ ਦਿਤੀ ਹੈ ਕਿ ਇਕ ਖਾਨ ਬੇਅਉਲਾਦ ਮਰ ਗਿਆ, ਵਾਰਸ ਕੋਈ ਸੀ ਨਹੀਂ, ਅਹਿਲਕਾਰ ਨੇਕ ਹਨ। ਆਪੋ ਵਿਚ ਖਾਨ ਦਾ ਰਾਜ ਲੈਣ ਦੇ ਲਾਲਚ ਵਿਚ ਨਾ ਆਏ ਤੇ ਸਲਾਹ ਕੀਤੀਓਨ ਕਿ ਸਵੇਰੇ ਜੋ ਨਗਰ ਵਿਚ ਪਹਿਲੋਂ ਆਦਮੀ ਵੜੇ, ਚਾਹੇ ਕੋਈ ਹੋਵੇ, ਉਹ ਖੁਦਾ ਦਾ ਘੱਲਿਆ ਸਮਝ ਕੇ ਖਾਨ ਥਾਪ ਲਿਆ ਜਾਵੇ। ਅਗਲੇ ਦਿਨ ਮੂੰਹ ਹਨ੍ਹੇਰੇ ਇਹੋ ਪਾਲੀ ਬਾਲਕਾ ਸਭ ਤੋਂ ਪਹਿਲੇ ਆਪਣੇ ਖੇਤਾਂ ਤੋਂ ਘਰ ਨੂੰ ਆਇਆ ਤਾਂ ਅਹਿਲਕਾਰਾਂ ਨੇ ਖਾਨ ਥਾਪ ਲਿਆ। ਸੋ ਹੋਲਾਂ ਭੁੰਨਦਾ ਗਰੀਬ ਸੁਲਤਾਨ ਹੋ ਗਿਆ। ਇਹੋ ਜਿਹੇ ਗੁਰੂ ਘਰ ਵਿਚ ਕਈ ਪ੍ਰਸੰਗ ਹੋਏ ਹਨ। ਤੀਜੇ ਪਾਤਸ਼ਾਹ ਨੇ ਦੀਵਾਲੀਏ ਨੂੰ ਦਿੱਲੀ ਘੱਲ ਕੇ ਗੰਗੋਸ਼ਾਹ ਬਨਾ ਦਿਤਾ। ਇਹ ਜੋ ਪਟਿਆਲੇ ਨਾਭੇ ਜੀਂਦ ਦੇ ਰਾਜੇ ਹਨ ਇਨ੍ਹਾਂ ਦੇ ਵੱਡੇ ਜੋ ਬਾਲਕ ਸਨ ਛੇਵੇਂ ਸਤਵੇਂ ਗੁਰੂ ਜੀ ਦੀ ਚਰਣ ਸ਼ਰਣ ਆਏ। ਸਤਵੇਂ ਪਾਤਸ਼ਾਹ ਨੇ ਵਰ ਦਿਤਾ ਤੂੰ ਰਾਜਾ ਹੋ ਜਾਵੇਂਗਾ। ਸੋ ਹੋ ਗਏ ਤੇ ਗੁਰੂ ਘਰ ਨਾਲ ਇਨ੍ਹਾਂ ਦੀ ਇਤਨੀਂ ਪ੍ਰੀਤਿ ਹੋਈ ਕਿ ਦਸਵੇਂ ਪਾਤਸ਼ਾਹ ਨੇ ਵਰ ਦਿਤਾ ਤੇਰਾ ਘਰ ਮੇਰਾ ਘਰ ਅਸੇ। ਇਨ੍ਹਾਂ ਰਾਜਿਆਂ ਵਿਚ ਬਾਬਾ ਆਲਾ ਸਿੰਘ, ਮਹਾਰਾਜ ਕਰਮ ਸਿੰਘ ਆਦਿਕ ਪੂਰੇ ਸਾਧੂ ਹੋਏ ਹਨ, ਜਿਨ੍ਹਾਂ ਦੇ ਰਾਜ ਸੁਖ ਤੇ ਕਾਰਨਾਮਿਆਂ ਨੂੰ ਲੋਕੀਂ ਹੁਣ ਤੱਕ ਯਾਦ ਕਰਦੇ ਹਨ। ਨਾਲੇ ਰਾਜੇ ਸਨ ਨਾਲੇ ਸਾਧੂ। ਪਟਿਆਲੇ ਰਿਆਸਤ ਤੋਂ ਸਿੱਖ ਪੰਥ ਨੂੰ ਹਰ ਵੇਲੇ ਸਹਾਇਤਾ ਮਿਲਦੀ ਰਹੀ ਹੈ। ਇਸੀ ਤਰ੍ਹਾਂ ਭਾਈ ਭਗਤੂ ਗੁਰੂ ਕੇ ਸਿੱਖ ਸਨ ਤੇ ਮਾਇਆ ਵਲੋਂ ਸਾਧਾਰਣ ਸਨ। ਆਪ ਦੇ ਵੰਸ਼ਜ ਭਾਈ ਉਦੈ ਸਿੰਘ ਜੀ ਕੈਂਥਲ ਦੇ ਰਾਜੇ ਹੋ ਗਏ। ਨਾ ਕੇਵਲ ਰਾਜ ਕਮਾਇਆ ਸਾਧੂਗੀਰੀ ਵੀ ਨਾਲ ਕਮਾਈ। ਆਪ ਦੇ ਸਾਧੂ ਗੁਣਾਂ ਦਾ ਸਦਕਾ ਸਿੱਖ ਇਤਿਹਾਸ ਦਾ ਵੱਡਾ ਗ੍ਰੰਥ 'ਗੁਰ ਪ੍ਰਤਾਪ ਸੂਰਜ' ਲਿਖਿਆ ਗਿਆ ਤੇ ਸਾਡੇ ਤਕ ਅਪੜਿਆ ਹੈ ਤੇ ਹਜ਼ਾਰਾਂ ਜੀਵਾਂ ਨੂੰ ਗੁਰ ਯਸ਼ ਸੁਣਾ ਕੇ ਭਗਤੀ ਦੇ ਰਸਤੇ ਪਾਉਣ ਦਾ ਕਾਰਨ ਬਣਿਆ ਹੈ। ਜੇ ਭਾਈ ਉਦੈ ਸਿੰਘ ਜੀ ਗੁਰੂ ਇਤਿਹਾਸ ਦੀ ਸੇਵਾ ਦੇ ਸ਼ੌਕ ਵਿਚ ਨਾ ਹੁੰਦੇ ਤਾਂ ਸੂਰਜ ਪ੍ਰਕਾਸ਼ ਲਿਖਿਆ ਜਾਣਾ ਸ਼ਾਇਦ ਨਾ ਹੀ ਹੋ ਸਕਦਾ। ਇਹ ਹਨ ਨਿਰਧਨਤਾ ਤੋਂ ਅਮੀਰੀ ਵਿਚ ਪਹੁੰਚਣ ਦੇ ਨਮੂਨੇ, ਜਿਨ੍ਹਾਂ ਤੋਂ ਉਨ੍ਹਾਂ ਦੀ ਣੀਰੀ ਦੇ ਸਮੇਂ ਦੇ ਲੋਕਾਂ ਨੂੰ ਤੇ ਸਾਧਗੀਰੀ ਦਾ ਫਲ ਸਾਡੇ ਤਕ ਅੱਪੜਿਆ ਹੈ।

ਸਤਿਸੰਗ ਦੀ ਮਹਿਮਾਂ ਦੇ ਕਈ ਪਹਿਲੂ ਦਿਖਲਾਕੇ ਹੁਣ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ, ਅਰਥਾਤ ਗੁਣ ਬੇਅੰਤ ਹਨ ਇਸ ਲਈ ਸਤਿਸੰਗ ਦੀ ਸਾਰੀ ਵਡਿਆਈ ਵਰਣਨ ਨਹੀਂ ਹੋ ਸਕਦੀ, ਜੋ ਉਪਰ ਕਹੀ ਹੈ ਉਹ ਜੀਵਾਂ ਦੀ ਕਲਿਆਨ ਹਿੱਤ ਆਖੀ ਹੈ। ਆਪ ਨੇ ਸੁਖਮਨੀ ਸਾਹਿਬ ਵਿਚ ਫੁਰਮਾਇਆ ਹੈ, 'ਕੋਟਿ ਅਪ੍ਰਾਧ ਸਾਧ ਸੰਗਿ ਮਿਟੈ।" ਸਾਧ ਸੰਗਤ ਜੀ! ਆਪ ਵੀਚਾਰ ਕਰਕੇ ਇਨਸਾਨਦੇ ਸੁਭਾਵ ਤੋਂ ਦੁਨੀਆਂ ਦੇ ਵਰਤਾਰੇ ਵੱਲ ਤੱਕੋ ਕਿ ਸੰਗਤ ਦਾ ਹੁਣ, ਜੈਸੀ ਸੰਗਤ ਹੋਵੇ ਜੀਵ ਸੁਭਾਵਿਕ ਹੀ ਗ੍ਰਹਿਣ ਕਰਦਾ ਹੈ। ਮਾੜੇ ਕਰਮੀਂ ਜੋ ਲੱਗੇ ਮਾੜੀਆਂ ਸੰਗਤਾਂ ਵਿਚ ਬੈਠ ਬੈਠ ਕੇ ਲੱਗੇ, ਚੰਗੇ ਜੋ ਹੋਏ ਸੋ ਭਲੀਆਂ ਸੁਹਬਤਾਂ ਵਿਚ ਬਹਿ ਕੇ। ਇਸੇ ਤਰ੍ਹਾਂ ਸਤਿਸੰਗ ਵਿਚ ਪ੍ਰਾਪਤ ਹੋ ਕੇ ਜੀਵ ਪਹਿਲੋਂ ਕਰਮਾਂ ਤੇ ਘ੍ਰਿਣਾ ਕਰਦਾ ਹੈ ਫੇਰ ਸ਼ੁਭ ਕਰਮ ਕਰਦਾ ਹੈ, ਫੇਰ ਨਾਮ ਦੀ ਕਦਰ ਸਿੱਖਦਾ ਹੈ ਐਉਂ ਭਵਜਲ ਤੋਂ ਤਰ ਜਾਂਦਾ ਹੈ। ਪੰਚਮ ਪਾਤਸ਼ਾਹ ਦਾ ਵਾਕ ਹੈ। 'ਸਾਧ ਸੰਗਿ ਭਜੁ ਪਰਮਾਨੰਦ॥ ਕਿਉਂ? ਗੁਰ ਪੰਚਮ ਜੀ ਫੁਰਮਾਉਂਦੇ ਹਨ, 'ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ॥"

ਹੁਣ ਆਓ ਜੀ! ਗੁਰੂ ਤੋਂ, ਜਿਸ ਦੀ ਭੇਟਿ ਪੁਨੀਤਾ ਕਰਨ ਵਾਲੀ ਹੈ ਦਾਨ ਮੰਗੀਏ! ਮੰਗੀਏ ਏਸੇ ਵਾਕ ਵਾਲੇ ਸ਼ਬਦ ਦੀ ਛੜਕਲੀ ਤੁਕ ਦੁਆਰਾ - ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥ ਹੇ ਵਾਹਿਗੁਰੂ ਹੇ ਸੱਚੇ ਪਾਤਸ਼ਾਹ, ਹੇ ਗੁਰੂ ਨਾਨਕ ਦੇਵ, ਕ੍ਰਿਪਾ ਕਰਕੇ ਮੈਨੂੰ 'ਨਾਮ ਦੇਹੁ' ਹਾਂ ਨਾਮ ਦਾਨੁ ਦੇਹੁ ਦਾਤਾ! ਮੈਂ ਹੇ ਵਾਹਿਗੁਰੂ, ਤੇਰੇ ਦਰ ਦਾ ਗੁਲਾਮ ਹਾਂ, ਦਾਸ ਹਾਂ, ਮੇਰਾ ਦਾਹਵਾ ਕੇਵਲ ਇਤਨਾ ਮਾਤ੍ਰ ਹੈ ਕਿ ਮੈਂ ਤੇਰੇ ਦਰ ਦਾ ਗੁਲਾਮ ਹਾਂ। ਤੇਰੇ ਦਰ ਆਸਾ ਲਾਈ ਬੈਠਾ ਹਾਂ ਚਿਰੋਕੀਆਂ, ਸੱਚੇ ਪਾਤਸ਼ਾਹ! ਹੇ ਪੁਨੀਤ ਸਤਿਗੁਰੂ! ਮੈਨੂੰ ਆਪਣੇ ਦਰੋਂ ਘਰੋਂ ਦਾਨ ਦੇਹ ਕਿ ਮੇਰੀ ਨਾਮ ਵਿਚ ਲਿਵ ਲਗ ਜਾਵੇ। ਬਖਸ਼ ਹੇ ਦਾਤਾ! ਹਾਂ ਅਰਦਾਸ ਕਰੋ ਖਾਲਸਾ ਜੀ! ਮਨ ਜੋੜ ਕੇ ਕਰਿ ਕਿਰਪਾ ਮੁਹਿ ਨਾਮੁ ਦੇਹੁ।

ਸਾਧਸੰਗਤ ਖਾਲਸਾ ਜੀ! ਅੱਜ ਕਥਾ ਜੋ ਗੁਰੂ ਜੀ

ਨੇ ਬਖਸ਼ੀ, ਦਾਸ ਨੇ ਕੀਤੀ ਤੇ ਆਪ ਨੇ ਸੁਣੀ ਹੈ ਸਾਡੇ ਰਸਨਾ ਸਰਵਣ ਦੋਇ ਪਵਿੱਤਰ ਹੋਏ ਹਨ, ਗੁਰੂ ਜਸ ਦੀ ਪਾਵਨ ਛੋਹ ਨਾਲ। ਕਥਾ ਗੁਰਬਾਣੀ ਦੀ ਸੀ ਪਰ ਗੁਰਪੁਰਬ ਹੋਣ ਕਰਕੇ ਸੱਚੇ ਪਾਤਸ਼ਾਹ ਨੇ ਕਥਾ ਐਸੀ ਬਖਸ਼ੀ ਜੋ ਗੁਰਪੁਰਬ ਦੀ ਕਥਾ ਬੀ ਹੋ ਗਈ। ਹੁਣ ਪਿਆਰਿਓ! ਅਮਲ ਕਰੋ, ਕਮਾਈ ਕਰੋ, ਨਾਮ ਦੀਜੋ ਨਾਮੀ ਪ੍ਰਾਪਤ ਹੋਵੇ।

***ਸੁਨਤ ਕਮਾਵਤ ਹੋਤ ਉਧਾਰ॥***

ਸੁਣ ਕੇ ਕਮਾਈ ਕੀਤਿਆ ਜੀਵ ਦਾ ਉਧਾਰ ਹੁੰਦਾ ਹੈ, ਗੁਰੂ ਸੱਚਾ ਪਾਤਸ਼ਾਹ ਇਹ ਦਾਸ ਨੂੰ ਤੇ ਆਪ ਸਾਹਿਬਾਂ ਸਾਰਿਆਂ ਨੂੰ ਕਿਰਪਾ ਕਰਕੇ ਨਾਮ ਦਾ ਪਿਆਰ ਬਖਸ਼ੇ।

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥***

## ਕ੍ਰਿਤਾਰਥ ਜੀਵਨ

੧

1947 ਦੇ ਅਤਿਆਚਾਰਾਂ ਦੇ ਦਿਨਾਂ ਵਿਚ ਜਦ ਹਿੰਦੂ ਸਿੱਖ ਵਸੋਂ ਪੱਛਮੀ ਪੰਜਾਬ ਤੋਂ ਤਸੀਹੇ ਭੋਗ ਭੋਗ, ਆਪਣੇ ਮਿੱਠੇ ਪਿਆਰੇ ਕੁਹਾ ਕੁਹਾ, ਘਰ ਬਾਹਰ ਲੁਟਾ ਲੁਟਾ, ਜ਼ਿਮੀਆਂ ਬਾਗ ਖੁਹਾ ਖੁਹਾ, ਗੁਰਦੁਆਰੇ ਤੇ ਆਸ਼ਰਮ ਰੱਬੀ ਕਤਵੇ ਤੇ ਛੱਡ ਛਡਾ ਭੰਨੇ ਪੂਰਬੀ ਪੰਜਾਬ ਨੂੰ ਆ ਰਹੇ ਸਨ, ਤਦੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਇਨ੍ਹਾਂ ਨੂੰ ਪਹਿਲਾਂ ਟਿਕਾਣਾ ਸੁਖੱਲਾ ਸਾਹ ਲੈਣ ਦਾ ਮਿਲਦਾ ਸੀ। ਇਥੇ ਕਈ ਵੇਰ 30 ਹਜ਼ਾਰ ਤੋਂ ਉਪਰ ਇਕੱਠੇ ਹੋ ਜਾਂਦੇ ਸਨ। ਏਥੋਂ ਫੇਰ ਅੱਗੇ ਨੂੰ ਟੁਰਦੇ ਸਨ। ਕੁਛ ਨੂੰ ਸਹਾਰਾ ਤਰਨ ਤਾਰਨ ਵਿਦਿਆਲਯ ਤੇ ਚੀਫ ਖਾਲਸਾ ਦੀਵਾਨ ਦੇ ਅੰਮ੍ਰਿਤਸਰ ਵਾਲੇ ਟਿਕਾਣੇ ਵਿਚ ਮਿਲ ਜਾਂਦਾ ਸੀ, ਫੇਰ ਸੱਜਣ ਅੱਗੇ ਨੂੰ ਟੁਰ ਜਾਂਦੇ ਸਨ। ਇਨ੍ਹਾਂ ਦਿਨਾਂ ਵਿਚ ਇਕ ਦਿਨ ਕੁਛ ਮਾਈਆਂ ਖਾਲਸਾ ਕਾਲਜ ਦੇ ਟਿਕਾਣੇ ਬੈਠੀਆਂ ਆਪਣੇ ਦੁਖੜੇ ਕਹਿ ਸੁਣ ਤੇ ਅੱਥਰੂ ਭਰ ਰਹੀਆਂ ਸਨ। ਇਕ ਮਾਈ ਕੋਲ ਹੀ ਚੁੱਪ ਬੈਠੀ ਸੀ। ਇਹਨਾਂ ਵਿਚੋਂ ਇਕ ਨੇ ਪੁਛਿਆ, ਬੀਬੀ ਤੂੰ ਸੁਖੀ ਆਈ ਜਾਪਦੀ ਹੈਂ, ਤੇਰਾ ਕੁਛ ਨਹੀਂ ਨਾ ਵਿਣਛਿਆ? ਸਹੀ ਸਲਾਮਤ ਆਏ ਹੋ ਨਾ? ਉਹ ਮਾਈ ਬੋਲੀ, ਦੋ ਨੈਣ, ਦੋ ਬਾਹਾਂ, ਦੋ ਲੱਤਾਂ ਸਾਰਾ ਸਰੀਰ ਤੇ ਸਿਰ ਦਾ ਸਾਂਈਂ ਸਲਾਮਤ ਆਏ ਹਨ। ਹਰਿਆਨ ਹੋ ਕੇ ਪਹਿਲੀ ਨੇ ਪੁਛਿਆ, ਤੇ ਧਨ, ਮਾਲ, ਘਰ ਬਾਰ, ਡੰਗਰ ਭੋਂ ਤੇਰਾ ਕੁਛ ਨਹੀਂ ਵਿਣਛਿਆ? ਤਾਂ ਉਸ ਮਾਈ ਨੇ ਕਿਹਾ ਜਦੋਂ ਜੰਮੇ ਸਾਂ ਬਿਨਾਂ ਮਾਲ ਭੋਆਂ ਦੇ ਆਏ ਸਾਂ, ਕਮਾਈਆਂ ਕੀਤੀਆਂ, ਵਾਹਿਗੁਰੂ ਨੇ ਬਰਕਤਾਂ ਪਾਈਆਂ, ਸਭ ਕੁਛ ਹੋ ਗਿਆ। ਹੁਣ ਜੇ ਦੇਣ ਹਾਰੇ ਨੇ ਲੈ ਲਿਆ ਹੈ ਤੇ ਸਰੀਰ ਸਲਾਮਤ ਹਨ ਤਾਂ ਬਰਕਤਾਂ ਪਾਏਗਾ, ਸਭ ਕੁਛ ਹੋ ਜਾਏਗਾ। ਅਸੀਂ ਤਾਂ ਗਰੀਬ ਹੋ ਗਏ ਹਾਂ, ਪਰ ਉਸ ਦੇ ਘਰ ਕਾਹਦੀ ਕਮੀ ਹੈ। ਗੁਰੂ ਨੇ ਸਾਨੂੰ ਰੱਬ ਉਤੇ ਕਤਵਾਂ, ਮਨ ਵਿਚ ਸਾਹਸ ਤੇ ਡੌਲਿਆਂ ਵਿਚ ਬਲ ਬਖਸ਼ਿਆ ਹੈ, ਗੁਰੂ ਭਲੀ ਕਰੇਗਾ।

ਫਿਰ ਉਸ ਬੀਬੀ ਨੇ ਪੁਛਿਆ – ਤੇਰਾ ਜੀਅ ਜੰਤ ਸਲਾਮਤ ਆਇਆ ਹੈ?

ਮਾਈ – ਹਾਂ ਸਲਾਮਤ ਗਿਆ ਤੇ ਸਲਾਮਤ ਆਇਆ ਹੈ।

ਸਾਰੀਆਂ ਹਰਿਆਨ ਹੋ ਕੇ ਤੱਕਣ ਲੱਗ ਪਈਆਂ।

ਇਕ ਬੀਬੀ – ਕਿਵੇਂ ਮਾਈ? ਸਮਝੇ ਨਹੀਂ ਪਈ ਗੱਲ!

ਮਾਈ – ਬੀਬਿਆਂ! ਦੋ ਪੁੱਤਰ ਤੇ ਇਕ ਜਵਾਈ ਸ਼ਹੀਦ ਹੋਏ ਹਨ। ਪਰ ਤ੍ਰੈਏ ਧਰਮ ਸਲਾਮਤ ਲੈ ਕੇ ਗਏ ਹਨ। ਮਰਦ ਹੈ ਉਹ ਜੋ ਧਰਮ ਛੋੜ ਕੇ ਜੀਉਂਦਾ ਹੈ, ਜੀਉਂਦਾ ਹੈ ਉਹ ਜੋ ਧਰਮ ਨਾਲ ਲੈ ਕੇ ਮਰਦਾ ਹੈ।

ਹੁਣ ਤਾਂ ਸਾਰੀਆਂ ਕੁਛ ਸ਼ੋਕ ਤੇ ਕੁਛ ਹਰਿਆਨੀ ਵਿਚ ਆ ਕੇ ਕਾਹਲੀਆਂ ਪੈ ਕੇ ਬੋਲ ਉਠੀਆਂ – ਕਿਵੇਂ ਕਿਵੇਂ, ਮਾਤਾ ਜੀਓ, ਕਿਵੇਂ?

ਕਿਵੇਂ ਕਿਵੇਂ" ਦੀਆਂ ਕਿੰਨੀਆਂ ਆਵਾਜ਼ਾਂ ਸੁਣ ਕੇ ਮਾਈ ਤੱਕੀ ਚੁਫੇਰੇ ਤੇ ਬੋਲੀ – ਮੁਸਲਮਾਨਾਂ ਨੇ ਮੇਰੇ ਤ੍ਰੈਹਾਂ ਲਾਲਾਂ ਨੂੰ ਆਖਿਆ ਕਿ ਮੁਸਲਮਾਨ ਹੋ ਜਾਓ ਤਾਂ ਬੈਠੇ ਰਹੋ, ਘਰ ਬਾਰ, ਧਨ ਧਾਮ ਕੋਈ ਨਹੀਂ ਲੁਟਾਂਗੇ, ਸਾਡੇ ਦੀਨ ਭਾਈ ਬਣ ਜਾਓ। ਮੇਰੇ ਤਿੰਨਾਂ ਗੁਰੂ ਕਿਆਂ ਲਾਲਾਂ ਨੇ ਕਿਹਾ, ਭਾਈ ਤੁਰਕੋ! ਸਭ ਨੇ ਮਰਨਾ ਹੈ, ਸਭ ਨੇ ਲੇਖੇ ਦੇਣੇ ਹਨ, ਏਸ ਜ਼ੁਲਮੀ ਦੇ ਤੁਸੀਂ ਬੀ ਲੇਖੇ ਭਰੋਗੇ। ਤੁਹਾਡਾ ਦੀਨ ਜੋ ਮਜ਼ਲੂਮਾਂ ਦੇ 'ਕਤਲ' ਨੂੰ ਦੀਨ ਸਮਝਦਾ ਹੈ, ਦੀਨ ਨਹੀਂ ਹੈ, ਇਹ ਜ਼ੁਲਮੀ ਹੈ, ਜ਼ੁਲਮੀ ਬੇਦੀਨੀ ਹੈ। ਅਸੀਂ ਦਇਆ ਧਰਮ ਵਾਲੇ ਸੂਰੇ ਗੁਰੂ ਦੇ ਸਿੱਖ ਹਾਂ, ਅਸਾਂ ਧਰਮ ਲੈ ਕੇ ਉਸਦੀ ਹਜ਼ੂਰੀ ਵਿਚ ਜਾਣਾ ਹੈ ਖੁਸ਼ੀ ਨਾਲ ਮਾਰ ਦਿਓ, ਅਸੀਂ ਧਰਮ ਨਹੀਂ ਹਾਰਨਾ ਤੇ ਧਰਮ ਹਾਰ ਕੇ ਚੰਦ ਰੋਜ਼ਾ ਜ਼ਿੰਦਗੀ ਨੂੰ ਨਹੀਂ ਬਚਾਉਣਾ। ਬੇਤਰਸ ਕਾਤਲਾਂ ਨੇ ਤ੍ਰੈਏ ਲਾਲ ਛੁਰਿਆਂ ਨਾਲ ਕੋਹ ਘੱਤੇ। ਸੋ ਬੀਬੀਓ! ਮੇਰੀਆਂ ਤੇ ਮੇਰੇ ਪਤੀ ਜੀ ਦੀਆਂ ਅੱਖਾਂ ਦੇ ਸਾਮ੍ਹਣੇ ਮੇਰੇ ਬੱਚੇ ਤੇ ਜਵਾਈ ਧਰਮ ਸਲਾਮਤ ਲੈ ਕੇ ਵਾਹਿਗੁਰੂ ਗੁਰੂ ਕਲਗੀਆਂ ਵਾਲੇ ਦੇ ਦੇਸ ਨੂੰ ਟੁਰ ਗਏ ਤੇ ਓਥੇ ਜਾ ਸਲਾਮਤ ਤੇ ਸੁਖੀ ਬੈਠੇ ਹਨ। ਅਸੀਂ ਇਥੇ ਸਲਾਮਤ ਪੁੱਜ ਗਏ ਹਾਂ।

ਬੀਬੀ ਬੜਾ ਸ਼ੋਕ ਹੈਂ ਪਰ ਮਾਈ ਜੀ! ਜਦ ਕਾਤਲਾਂ ਨੇ ਤੁਹਾਡੇ ਸਾਮ੍ਹਣੇ ਤੁਹਾਡੇ ਲਾਲ ਕੋਹੇ ਤਾਂ ਤੁਸੀਂ ਕਿਵੇਂ ਬਚ ਰਹੇ? ਉਹ ਤਾਂ ਕਿਸੇ ਨੂੰ ਛੋੜਦੇ ਨਹੀਂ ਐਸੇ ਲਹੂ ਤਿਹਾਏ ਹਨ।

ਮਾਈ - ਠੀਕ ਜਿਸ ਵੇਲੇ ਬੱਚੇ ਕਤਲ ਹੋਏ ਜਾਨਾਂ ਤੋੜ ਰਹੇ ਸਨ, ਅਸੀਂ ਗੁਰੂ ਕਾ ਭਾਣਾ ਵਰਤਦਾ ਦੇਖ ਕੇ ਆਪ ਸ਼ਹਾਦਤ ਲਈ ਮਨ ਨੂੰ ਤਿਆਰ ਕਰ ਚੁਕੇ ਸਾਂ ਤਾਂ ਦੋ ਲਾਰੀਆਂ ਫੌਜੀ ਸਿਪਾਹੀਆਂ ਦੀਆਂ ਪੁਜ ਪਈਆਂ, ਉਨ੍ਹਾਂ ਦਾ ਆਗੂ ਸਿੱਖ ਮੇਜਰ ਸੀ। ਉਹ ਫੌਜੀ ਸਾਨੂੰ ਤੇ ਪਿੰਡ ਦੇ ਬਾਕੀ ਬਚਿਆਂ ਖੁਚਿਆਂ ਜ਼ਖਮੀਆਂ ਨੂੰ ਲੱਦ ਕੇ ਲੈ ਆਏ। ਕਾਤਲ ਉਨ੍ਹਾਂ ਨੂੰ ਦੇਖਦੇ ਹੀ ਭੱਜ ਗਏ ਸਨ। ਅਸਾਂ ਟੁਰਨ ਤੋਂ ਪਹਿਲੋਂ ਆਪਣੇ ਤ੍ਰੈਹਾਂ ਬੱਚਿਆਂ ਦੀਆਂ ਸ਼ਹੀਦ ਹੋ ਚੁੱਕੀਆਂ ਦੇਹੀਆਂ ਇਕ ਥਾਂ ਕਰਕੇ ਘਰ ਨੂੰ ਅੱਗ ਲਾ ਦਿਤੀ ਕਿ ਇਨ੍ਹਾਂ ਦਾ ਦਾਹ ਸੰਸਕਾਰ ਹੋ ਜਾਏ ਤੇ ਪਵਿੱਤਰ ਦੇਹੀਆਂ ਸਾਡੇ ਪਿਛੋਂ ਰੁਲਣ ਨਾ। ਵਕਤ ਥੋੜ੍ਹਾ ਸੀ, ਹੋਰ ਕੁਛ ਬਣ ਨਹੀਂ ਸੀ ਸਕਦਾ। ਸਰਕਾਰੀ ਲਾਰੀਆਂ ਵਾਲੇ ਸੂਰਮੇਂ ਕਾਹਲ ਕਰਦੇ ਸਨ। ਸੋ ਅਸੀਂ ਗੁਰੂ ਦੀ ਦਾਤ ਗੁਰੂ ਕੇ ਹਵਾਲੇ ਕਰਕੇ ਟੁਰ ਆਏ। ਦੂਰ ਵਾਟ ਤਕ ਸਾਨੂੰ ਆਪਣੇ ਘਰ ਦੀਆਂ ਲਾਟਾਂ ਦਿਸਦੀਆਂ ਸਨ ਤੇ ਅਸੀਂ ਸ਼ੁਕਰ ਕਰਦੇ ਸਾਂ ਕਿ ਪਿਆਰਿਆਂ ਦੀਆਂ ਦੇਹੀਆਂ ਦੀ ਬੀ ਗਤੀ ਹੋ ਗਈ, ਰੁਲਣ ਦਾ ਸਮਾਂ ਨਾ ਆਇਆ।

ਇਸ ਪ੍ਰਕਾਰ ਦੀਆਂ ਗੱਲਾਂ ਕੁਛ ਵੱਧ ਘੱਟ ਵੇਰਵੇ ਨਾਲ ਕਈਆਂ ਨੇ ਸੁਣੀਆਂ ਤੇ ਉਹ ਹੁੰਦੇ ਹੁੰਦੇ ਇਕ ਸਾਧੂ ਬਿਰਤੀ ਵਾਲੇ ਗੁਰ ਸਿੱਖ ਪਾਸ ਕੁਛ ਹੋਰ ਵੱਧ ਘਟ ਕੇ ਪਹੁੰਚੀਆਂ। ਸਾਧੂ ਨੇ ਉਪਰ ਕਥੇ ਵਾਕ ਤੇ ਹੋਰ ਬੀਰਤਾ ਦੇ ਸਿੱਖਾਂ ਦੇ ਵਾਕੇ ਇਕ ਸੰਗਤ ਵਿਚ ਸੁਣਾਏ। ਉਸ ਸਾਧੂ ਤੋਂ ਸਿੱਖਾਂ ਨੇ ਪੁਛਿਆ ਸੀ ਕਿ ਜੀਓ ਐਸੀਆਂ ਹੋਣੀਆਂ ਸਾਡੇ ਨਾਲ ਕਿਉਂ ਵਰਤੀਆਂ? ਤਦ ਉਸ ਸਾਧੂ ਨੇ ਕਿਹਾ ਸੀ ਕਿ ਇਕ 'ਕਿਉਂ' ਦਾ ਉਤਰ ਵਾਹਿਗੁਰੂ ਜਾਣਦਾ ਹੈ। ਸਿੱਖ ਲੋਕ ਐਸੇ ਭਾਣੇ ਕਿਸ ਮਨ ਦੇ ਰੁਖ ਵਿਚ ਝੱਲਦੇ ਹਨ, ਉਹ ਇਸ ਦਾਸ ਤੋਂ ਸੁਣ ਲਓ। ਤਦ ਉਸ ਸਾਧੂ ਬਿਰਤੀ ਵਾਲੇ ਨੇ ਉਪਰ ਕਥੀ ਵਾਰਤਾ ਤੇ ਉਸ ਮਾਈ ਦੇ ਸਿਦਕ ਦੀ ਗੱਲਬਾਤ ਸੁਣਾਈ ਸੀ ਕਿ ਇਤਨਾ ਕਸ਼ਟ ਸਹਾਰ ਕੇ ਉਹ ਸਾਰੀ ਹੋਣੀ ਨੂੰ ਕਿਸ ਜੇਰੇ ਤੇ ਸਿਦਕ ਵਿਚ ਲੈ ਰਹੀ ਸੀ। ਇਹ ਵਾਰਤਾ ਸੁਣ ਕੇ ਸਭਨਾਂ ਦੇ ਦਿਲ ਭਰ ਆਏ ਤੇ ਸਿਦਕ ਵਿਚ ਹੋ ਗਏ। ਪਰ ਇਕ ਗੱਭਰੂ ਨੇ ਪੁਛਿਆ, ਸੰਤ ਜੀ! ਦੱਸੋ ਤਾਂ ਸਹੀ ਇਹ ਕੁਛ ਕਿਉਂ ਹੁੰਦਾ ਹੈ? ਤਦ ਸਾਧੂ ਨੇ ਕਿਹਾ, ਭਾਈ ਮੈਂ ਅਜੇ ਸਾਧਨਾਂ ਵਿਚ ਲੱਗਾ ਹਾਂ ਤੇ ਪਰਮਾਰਥ ਵਿਚ ਬੱਚਾ ਹਾਂ। ਮੇਰੇ ਕੰਨੀ ਜੋ ਵਾਜਾਂ ਗੁਰਮੁਖਾਂ ਤੋਂ ਪੈਂਦੀਆਂ ਹਨ ਇਹ ਹਨ ਕਿ ਸਾਡੇ ਭੈੜੇ ਕਰਮਾਂ ਨੂੰ ਭੇੜੇ ਫਲ ਲਗਦੇ ਹਨ, ਕਰਮ ਪਿਛਲੇ ਹੁਣ ਦੇ ਰਸਕੇ। ਫੇਰ ਹੁਕਮ ਵਰਤਦਾ ਹੈ ਕਰਮਾਂ ਨੂੰ ਤੋਲਣ ਤੇ ਭਾਣੇ ਵਰਤਾਉਣ ਵਾਲਾ। 'ਹੁਕਮ' ਹੈ ਹੁਕਮੀ ਦਾ, ਕਿਵੇਂ ਤੇ ਕਿਸ ਤਰ੍ਹਾਂ। ਉਹੋ ਜਾਣਦਾ ਹੈ, ਦ੍ਰਿਸ਼ਟਾਂਤ ਕੋਈ ਪੂਰੇ ਨਹੀਂ ਢੁੱਕਦੇ ਪਰ ਦ੍ਰਿਸ਼ਟਾਂਤਾਂ ਤੋਂ ਕੁਛ ਸੋਝੀ ਪੈ ਜਾਂਦੀ ਹੈ। ਦੇਖੋ ਦੁਨੀਆਂ ਦੀ ਅਦਾਲਤ ਜੁਰਮ ਤੋਲ ਕੇ ਸਜ਼ਾ ਦਿੰਦੀ ਹੈ। ਅਦਾਲਤ ਦਾ ਹੁਕਮ ਪਾਤਸ਼ਾਹ ਦਾ ਹੁਕਮ ਹੁੰਦਾ ਹੈ, ਕਿਉਂਕਿ ਅਦਾਲਤਾਂ ਉਹੋ ਥਾਪਦਾ ਹੈ।

ਗੱਭਰੂ - ਫੇਰ ਉਸੇ ਹੁਕਮੀ ਵਿਚ ਰਹਿਮ ਤਾਂ ਨਾ ਹੋਯਾ?

ਸਾਧੂ - ਰਹਿਮ ਤੇ ਪਿਆਰ ਤਾਂ ਉਸ ਦਾ ਸਰੂਪ ਹੈ, ਵੈਰ ਤਾਂ ਉਸ ਵਿਚ ਹੈ ਹੀ ਨਹੀਂ, ਉਹ ਨਿਰਵੈਰ ਤੇ ਨਿਰਭਉ ਹੈ। ਉਹ ਤਾਂ ਮੇਹਰ ਹੀ ਕਰਦਾ ਹੈ ਤੇ ਰਹਿਮ ਵਰਤਦਾ ਹੈ ਤੋਲਣ ਵੇਲੇ। ਸਗੋਂ ਉਸਨੂੰ ਇਹ ਵੀ ਵਸੀਕਾਰ ਹੈ ਕਿ ਚਾਹੇ ਤਾਂ ਪਾਪ ਖਿਨ ਵਿਚ ਬਖਸ਼ ਦੇਵੇ - ਅਸੰਖ ਖਤੇ ਖਿਨ ਬਖਸਨਹਾਰਾ।

ਗਭਰੂ - ਏਹ ਹੋ ਨਹੀਂ ਸਕਦਾ, ਨਾਲੇ ਨਿਆਂ ਨਾਲੇ ਰਹਿਮ ਪਿਆਰ!

ਸਾਧੂ - ਹੈ ਤਾਂ ਇਹੋ ਗੱਲ, ਪਰ ਮੈਂ ਨਾ ਸਮਝ ਸਕਦਾ ਤੇ ਨਾ ਸਮਝਾ ਸਕਦਾ ਹਾਂ, ਦ੍ਰਿਸ਼ਟਾਂਤ ਇਕ ਲੈ ਲੋ ਤਾਂ ਸਮਝੇ ਕੁਝ ਪੈ ਜਾਏਗਾ। ਉਹ ਇਹ ਹੈ ਕਿਸੇ ਆਦਮੀ ਨੂੰ ਹਾਈਕੋਰਟ ਖੂਨ ਕਰਨ ਦੇ ਬਦਲੇ ਫਾਂਸੀ ਦਾ ਹੁਕਮ ਦਿੰਦੀ ਹੈ। ਉਹ ਪਾਤਸ਼ਾਹ ਪਾਸ ਰਹਿਮ ਦੀ ਅਪੀਲ ਕਰਦਾ ਹੈ। ਜੇ ਚਾਹੇ ਤਾਂ ਪਾਤਸ਼ਾਹ ਉਸਨੂੰ ਛੱਡ ਦਿੰਦਾ ਹੈ, ਚਾਹੇ ਸਜ਼ਾ ਕਮ ਕਰ ਦਿੰਦਾ ਹੈ, ਇਹ ਹੈ ਕਿ ਨਹੀਂ?

ਗੱਭਰੂ - ਹਾਂ ਇਹ ਤਾਂ ਹੈ।

ਸਾਧੂ - ਦੇਖੋ ਨਿਆਂ ਹੋ ਗਿਆ, ਪਾਤਸ਼ਾਹ ਦੀ ਅਦਾਲਤ ਨੇ ਕੀਤਾ। ਰਹਿਮ ਹੋ ਗਿਆ ਪਾਤਸ਼ਾਹ ਨੇ ਛੱਡ ਦਿਤਾ, ਜੇ ਕਿਸੇ ਨੂੰ ਨਾ ਛੱਡੋ ਤਾਂ ਉਹ ਨਾ ਰਹਿਮ ਨਹੀਂ ਕਹੀਦਾ। ਫੇਰ ਇਸੇ ਤੋਂ ਅਨੁਮਾਨ ਲਾ ਲਓ। ਅਨੰਤ ਰੱਬ ਜੀ ਕਿਸੇ ਸਾਡੀ ਮਿਤਵਾਲੀ ਅਕਲ ਦੀ ਤੱਕੜੀ ਤੇ ਨਹੀਂ ਤੁਲ ਸਕਦੇ। ਜਦ ਸਾਡੇ ਜੀਵਾਂ ਵਿਚ ਨਿਆਂ ਤੇ ਰਹਿਮ ਕੱਠੇ ਹੋ ਸਕਦੇ ਹਨ ਤਾਂ ਉਹ ਪਰਮ ਬ੍ਰਹਮ ਪਰਮੇਸੁਰ ਵਿਚ ਕਿਉਂ ਨਹੀਂ ਹੁੰਦੇ! ਉਸ ਦੇ ਕਰਨੇ ਤਾਂ ਅਸੀਂ ਸਮਝ ਹੀ ਨਹੀਂ ਸਕਦੇ।

ਗੱਭਰੂ - ਠੀਕ ਹੈ, ਪਰ ਮਨ ਡੋਲਦਾ ਹੀ ਹੈ।

ਸਾਧੂ - ਦੁਖ ਜੋ ਡਾਢੇ ਪਾਏ, ਮਨ ਡੋਲਣਾ ਹੋਇਆ। ਮਨ ਅਡੋਲ ਸਮੇਂ ਨਾਲ ਹੋਸੀ ਯਾ ਗੁਰੂ ਬਣੀ ਦੇ ਨਾਮ ਨਾਲ ਛੇਤੀ ਹੋਸੀ। ਪਰ ਜੇ ਤੁਸੀਂ ਇਸ ਪ੍ਰਕਾਰ ਦੀ ਹੋਣੀ ਤੇ ਇਕ ਸਾਖੀ ਸੁਣਨੀ ਚਾਹੋ ਤਾਂ ਮੈਂ ਸਤਿਗੁਰੂ ਨਾਨਕ ਦੇਵ ਜੀ ਦੇ ਦਰ ਵਰਤੀ ਸੁਣਾ ਦਿੰਦਾ ਹਾਂ।

ਸਾਰੀ ਬੈਠੀ ਸੰਗਤ - ਕਿਰਪਾ, ਕਿਰਪਾ, ਕਿਰਪਾ।

ਤਾਂ ਸੰਤ ਜੀ ਬੋਲੇ - ਦੇਖੋ ਪੁਰਾਤਨ ਜਨਮ ਸਾਖੀ ਵਿਚ ਇਕ ਸਾਖੀ ਲਿਖੀ ਹੈ, ਜਦ ਬਾਬਰ ਬੜੀ ਬੇ-ਤਰਸੀ

ਨਾਲ ਸੈਦਪੁਰ ਦੀ ਕਤਲਾਮ ਕਰ ਚੁਕਾ ਤੇ ਕੁਛ ਦਿਨ ਬੀਤੇ ਤਾਂ ਮਰਦਾਨੇ ਦੀ ਗੱਲ ਬਾਤ ਗੁਰੂ ਨਾਨਕ ਦੇਵ ਜੀ ਨਾਲ ਫੇਰ ਛਿੜ ਪਈ।

ਐਉਂ ਲਿਖਿਆ ਹੈ ਪੁਰਾਤਨ ਜਨਮ ਸਾਖੀ ਵਿਚ –

ਤਬ ਇਕ ਦਿਨ ਮਰਦਾਨੇ ਅਰਜੁ ਕੀਤਾ, ਆਖਿਓਸੁ ਜੀ ਇਹ ਤਾਂ ਇਕਸੇ ਵਿਗਾੜਿਆ, ਅਤੇ ਇਤਨੇ ਕਿਉਂ ਮਾਰੇ? ਤਬ ਗੁਰੂ ਬਾਬੈ ਆਖਿਆ, ਮਰਦਾਨਿਆ! ਉਸ ਦਰਖਤ ਤਲੈ ਜਾਇ ਸਉਂ ਜਾਂ ਉਠਹਿੰਗਾ ਤਾਂ ਜਵਾਬ ਦੇਹਿੰਗੇ। ਤਬ ਮਰਦਾਨਾ ਜਾਇ ਸੁੱਤਾ, ਤਾਂ ਏਕ ਬੂੰਦ ਚਿਕਨਾਈ ਕੀ ਪਈ ਥੀ ਸੀਨੇ ਉਪਰਿ, ਰੋਟੀ ਖਾਂਦਿਆਂ। ਜਿਉਂ ਸੁੱਤਾ ਥਾ, ਤਿਉਂ ਕੀੜੀਆਂ ਆਇ ਲੱਗੀਆਂ। ਇਕ ਜੋ ਕੀੜੀ ਲੜੀ ਸੁਤੇ ਹੋਏ ਨੂੰ ਤਾਂ ਹਥਿ ਨਾਲ ਸਭੇ ਮਲਿ ਸਟੀਆਂ। ਤਾਂ ਬਾਬੈ ਆਖਿਆ, ਕਿਆ ਕੀਤੋ ਵੇ ਮਰਦਾਨਿਆ? ਤਾਂ ਮਰਦਾਨੈ ਆਖਿਆ, ਜੀ ਕੋਈ ਹਿਕ ਜੋ ਲੜੀ ਸਭੇ ਮਰਿ ਗਈਆਂ। ਤਾਂ ਬਾਬਾ ਹਸਿਆ, ਆਖਿਓਸੁ ਮਰਦਾਨਿਆਂ : ਇਵੇਂ ਹੀ ਮਰਦੀ ਆਈ, ਇਕਸ ਦਾ ਸਕਦਾ। ਤਾਂ ਮਰਦਾਨਾ ਆਇ ਪੈਰੀਂ ਪਇਆ।

2

ਸੋ ਖਾਲਸਾ ਜੀ! ਜੋ ਗੱਲਾਂ ਸਾਡੀ ਸਮਝ ਤੋਂ ਪਰ੍ਹੇ ਹੋਣ ਉਨ੍ਹਾਂ ਲਈ ਕਾਸ ਨੂੰ ਸਿਰ ਖਪਾਉਣਾ ਹੋਇਆ, ਕਾਫੀ ਹੈ ਸਮਝਣੇ ਲਈ ਸਾਡੇ ਕਰਮ ਤੇ ਸਾਂਈਆਂ ਜੀ ਦਾ ਹੁਕਮ ਜੋ ਕਿਸੇ ਅਜੀਬ ਢੰਗ ਨਾਲ ਕੰਮ ਕਰ ਰਹੇ ਹਨ।

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥

ਦੋ ਗੱਲਾਂ ਹੋਈਆਂ – ੧ ਹੁਕਮ ਤੇ ੨ ਕਰਮ

੧. ਹੁਕਮ ਸਾਡੇ ਵੱਸ ਦੀ ਸ਼ੈ ਨਹੀਂ, ਉਸਨੂੰ ਹੁਕਮੀ ਤੇ ਛੱਡੋ, ਜਿਵੇਂ ਚਾਹੇ ਆਪਣੀ ਸਰਵੱਗਤਾ ਵਿਚ, ਆਪਣੀ ਮਿਹਰ ਵਿਚ, ਆਪਣੀ ਸਰਬ ਸ਼ਕਤੀਮਾਨਤਾ ਵਿਚ ਪਿਆ ਵਰਤੇ। ਤੁਸੀਂ ਉਸ ਅੱਗੇ ਅਰਦਾਸ ਕਰੋ, ਸਦਾ ਮੇਹਰ ਮੰਗੋ, ਬਾਣੀ ਪੜ੍ਹੋ, ਵੀਚਾਰ ਕੇ ਪੜ੍ਹੋ, ਬਾਣੀ ਦਾ ਕੀਰਤਨ ਸੁਣੋ, ਬਾਣੀ ਤੇ ਪਹਿਰਾ ਦਿਓ, ਨਾਮ ਨਾਲ ਆਪਣੇ ਕਰਤਾ ਪੁਰਖ ਦੀ ਹਜ਼ੂਰੀ ਵਿਚ ਰਹੋ –

***ਜੋ ਹੋਆ ਹੋਵਤ ਸੋ ਜਾਨੈ॥***
***ਪ੍ਰਭ ਅਪਨੇ ਕਾ ਹੁਕਮੁ ਪਛਾਨੈ॥***

੨. ਦੂਜੀ ਗੱਲ ਹੈ ਕਰਮ। ਇਸ ਕਰਮ ਦਾ ਮਤਲਬ ਸ਼ਾਸਤ੍ਰ ਵਿਚ ਲਿਖੇ ਕਰਮ ਕਾਂਡੀ ਕਰਮਾਂ ਤੋਂ ਨਹੀਂ, ਜੋ ਕਈ ਵਿਰੋਧੀ ਪੱਖਾਂ ਵਿਚ ਵਰਨਣ ਹੋਏ ਹਨ ਤੇ ਜੋ ਸਕਾਮ ਹੁੰਦੇ ਹਨ ਤੇ ਜਿਨ੍ਹਾਂ ਦੇ ਕਰਦਿਆਂ ਅਹੰਕਾਰ ਤੇ ਸ੍ਵਾਰਥ ਪਰਤਾ (ਖੁਦਗਰਜ਼ੀ) ਵਧਦੀ ਹੈ – ਪਰ ਮੇਰਾ ਭਾਵ ਹੈ ਨਿਰਮਲ ਕਰਮ – 'ਮਨ ਨਿਰਮਲ ਕਰਮ ਕਰਿ।' ਇਹ ਹਨ ਨੇਕ ਕੰਮ, ਇਖ਼ਲਾਕੀ ਕਰਮ, ਸ਼ਰੇਸਟਾਚਾਰ ਦੇ ਕਰਮ, ਆਚਰਨ ਉਚਾ ਸੁੱਚਾ ਰੱਖਣਾ। ਇਹ ਗੁਰੂ ਨਾਨਕ ਦੇਵ ਜੀ ਦਾ, ਜਿਨ੍ਹਾਂ ਦਾ ਕੱਲ ਅਵਤਾਰ ਦਿਨ ਹੈ, ਪਹਿਲਾ ਹੁਕਮ ਹੈ। ਮਨ ਨੂੰ ਮੈਲਿਆਂ ਕਰਨ ਵਾਲੇ ਕੰਮ ਨਾ ਕਰੋ, ਮਨ ਨੂੰ ਉੱਜਲ ਕਰਨ ਵਾਲੇ ਕੰਮ ਕਰੋ। ਇਹੋ ਸਾਡੇ ਮਾੜੇ ਕਰਮ ਪਾਪ ਤੇ ਕਸਮਲ ਕਹੀਦੇ ਹਨ, ਇਨ੍ਹਾਂ ਦਾ ਫਲ ਹੀ ਦੁੱਖ ਹੁੰਦਾ ਹੈ, ਚਾਹੇ ਕਿਸੇ ਸ਼ਕਲ ਵਿਚ ਮਿਲੇ। ਹੁਣ ਮੈਂ ਤੁਹਾਨੂੰ ਇਕ ਮਿਸਾਲ, ਇਸੇ 1947 ਦੇ ਘੱਲੂਘਾਰੇ ਵਿਚ ਵਰਤੀ ਦੱਸਦਾ ਹਾਂ। ਇਕ ਸਜਨ ਮੈਨੂੰ ਕਹਿਣ ਲੱਗਾ ਕਿ ਜੀ ਅਸਾਂ ਕੀਹ ਪਾਪ ਕੀਤੇ ਸਨ ਕਿ ਸਾਨੂੰ ਐਡਾ ਦੰਡ ਮਿਲਿਆ? ਮੈਂ ਸੁਣ ਕੇ ਮੁਸਕਰਾ ਦਿਤਾ। ਉਸਨੇ ਫੇਰ ਮੈਨੂੰ ਜ਼ਰਾ ਤਕੜਾ ਹੋ ਕੇ ਦੋ ਤਿੰਨ ਵੇਰ ਇਹੋ ਗੱਲ ਆਖੀ, ਮੈਂ ਉਸਨੂੰ ਕਿਹਾ, ਭਾਈ ਹੋਰ ਕੋਈ ਮੈਨੂੰ ਪਿਆ ਪੁਛੇ ਪਰ ਤੁਸੀਂ ਨਾ ਪੁਛੋ। ਕਹਿਣ ਲੱਗਾ, ਜ਼ਰੂਰ ਪੁੱਛਣਾ ਹੈ। ਮੈਂ ਕਿਹਾ ਤੁਸੀਂ ਧਨੀ ਪੁਰਖ ਹੋ, ਸੁਣ ਕੇ ਗੁੱਸੇ ਨਾ ਹੋਵੋ ਤਾਂ ਮੈਂ ਤੁਹਾਡਾ ਧਿਆਨ ਕਰਮਾਂ ਦੀ ਵੰਨਗੀਮਾਤ੍ਰ ਵਲ ਦੁਆ ਦਿਆਂ। ਸਾਰੇ ਦੁਖੀ ਲੋਕਾਂ ਦੇ ਪਾਪ ਪੁੰਨ ਬਾਬਤ ਮੈਂ ਕੁਛ ਕਹਿ ਨਹੀਂ ਸਕਦਾ। ਪੱਛਮੀ ਪੰਜਾਬ ਵਿਚ ਬੇਗਿਣਤ ਧਰਮੀ, ਪੁੰਨੀ, ਨੇਮੀ, ਪ੍ਰੇਮੀ, ਸ਼ੁਧ ਆਤਮਾ ਮਰੇ ਹਨ। ਅਨੇਕਾਂ ਸਤਵੰਤੀਆਂ ਆਪੇ ਤੇ ਖੇਲ ਗਈਆਂ ਹਨ। ਪਰ ਤੁਹਾਡਾ ਕੁਛ ਪਤਾ ਲਗ ਜਾਣ ਕਰਕੇ ਇਕ ਗੱਲ ਵੰਨਗੀ ਮਾਤਰ ਚੇਤਾਉਂਦਾ ਹਾਂ। ਉਹ ਕਹਿਣ ਲੱਗਾ, ਕਰੋ ਗੱਲ, ਮੈਂ ਗੁੱਸਾ ਨਹੀਂ ਕਰਨ ਲੱਗਾ। ਮੈਂ ਕਿਹਾ, ਤੁਸੀਂ ਜ਼ਰਾ ਵੇਲੇ ਸਿਰ ਪੱਛਮੀ ਪੰਜਾਬ ਵਿਚੋਂ ਨਿਕਲ ਆਏ ਤੇ ਪੂਰਬੀ ਪੰਜਾਬ ਵਿਚ ਆ ਟਿਕੇ ਸਾਓ ਤੇ ਚੋਖਾ ਕੁਛ ਬਚਾ ਲਿਆਏ ਸਾਓ। ਲੱਖ ਰੁਪੈ ਦੇ ਤਾਂ ਨੋਟ ਤੁਹਾਡੇ ਪਾਸ ਸਨ। ਸੋਨਾ ਚਾਂਦੀ ਬੀ ਸੀ। ਇਧਰ ਪੂਰਬੀ ਪੰਜਾਬ ਵਿਚ ਆ ਕੇ ਤੁਸਾਂ ਇਕ ਆਪਣੇ ਮਿਤਰ ਪਾਸ, ਜੋ ਬੜਾ ਹੀ ਇੱਜ਼ਤ ਵਾਲਾ ਖਾਲਸਾ ਸੀ, ਇਹ ਸਭ ਕੁਛ ਅਮਾਨਤ ਰੱਖੇ। ਜਦ ਉਸ ਨੇਕ ਬੰਦੇ ਨੇ ਸਭ ਕੁਛ ਅਮਾਨਤ ਰੱਖ ਲਿਆ ਤਾਂ ਇਕ ਦਿਨ ਫੇਰ ਜਦ ਤੁਸੀਂ ਉਸ ਮਿਤ੍ਰ ਨੂੰ ਮਿਲਣ ਗਏ ਸਾਓ ਤਾਂ ਤੁਸਾਡੀ ਅਮਾਨਤ ਰੱਖਣ ਵਾਲੇ ਖਾਲਸੇ ਨੇ ਕਿਹਾ ਸੀ, ਭਾਈ ਮੈਨੂੰ ਪਤਾ ਲੱਗਾ ਹੈ ਕਿ ਤੂੰ ਕਿਸੇ ਇਕ ਦਾ ਪੰਜ ਸੱਤ ਹਜ਼ਾਰ ਰੁਪਿਆ ਕਰਜ਼ਾ ਦੇਣਾ ਹੈ ਜੋ ਤੂੰ ਆਪਣੇ ਸ਼ਹਿਰ ਹੁੰਦਿਆਂ ਉਧਾਰਾ ਲਿਆ ਸੀ, ਉਹ ਅਦਾ ਕਰ ਦੇ। ਤੁਸਾਂ ਸੁਣ ਕੇ ਕੁਛ ਘਬਰਾ ਖਾਧਾ ਤੇ ਫੇਰ ਆਖਿਆ ਸੀ, ਮਿਤ੍ਰ ਜੀ! ਰਹਿਣ ਦਿਓ ਇਹ ਗੱਲਾਂ। ਹੁਣ ਸਾਥੋਂ ਕਿਸ ਨੇ ਮੰਗਣਾ ਹੈ ਤੇ ਕਿਸ ਨੇ ਦੇਣਾ ਹੈ, ਉਜੜ ਪੁਜੜ ਆਏ ਹਾਂ। ਤਦ ਅਮਾਨਤ ਰੱਖਣ ਵਾਲੇ ਨੇ ਤੁਸਾਨੂੰ ਕਿਹਾ, ਤੁਸਾਡੇ ਪਾਸ ਹੈ, ਦੇ ਸਕਦੇ ਹੋ, ਦੇ ਦਿਓ, ਮੇਰੇ ਖਿਆਲ ਵਿਚ ਤੁਸੀਂ ਬਿਨਾਂ ਚੂੰਢਈ ਵੱਢੀ ਜੇ ਦੇ, ਦੇ ਸਕਦੇ ਹੋ, ਦੇ ਦਿਓ ਤਾਂ ਭਲਾ ਹੈ। ਫੇਰ ਤੁਸਾਂ ਕਿਹਾ – ਇਸ ਰਕਮ ਦਾ ਤੁਸਾਡੇ

ਬਿਨਾਂ ਕਿਸ ਨੂੰ ਪਤਾ ਹੈ? ਅਮਾਨਤ ਰੱਖਣ ਵਾਲੇ ਨੇ ਤੁਸਾਨੂੰ ਜ਼ਰਾ ਕੁ ਮੱਥੇ ਵੱਟ ਪਾ ਕੇ ਕਿਹਾ ਸੀ, ਇਹੋ ਹੈ ਆਪ ਦੀ ਦਿਆਨਤਦਾਰੀ? ਲੋਕ ਤੁਸਾਡੇ ਪਾਸ ਅਮਾਨਤਾਂ ਰੱਖਦੇ ਹੁੰਦੇ ਸਨ, ਇਸੇ ਭਲੇਮਣਸਊ ਤੇ? ਤੁਸੀਂ ਨਹੀਂ ਜਾਣਦੇ ਕਿ ਜਿਸਦਾ ਤੁਸਾਂ ਦੇਣਾ ਹੈ ਉਹ ਥਾਂ ਐਸੀ ਨਹੀਂ ਕਿ ਤੁਸੀਂ ਈਮਾਨ ਹਾਰਦੇ ਹੋਏ ਓਥੇ ਈਮਾਨ ਹਾਰੋ। ਤੁਸੀਂ ਜਦ ਪਰਾਇਆਂ ਦੇ ਮਾਲ ਨੂੰ ਆਪਣਾ ਸਮਝਦੇ ਹੋ ਫੇਰ ਤੁਸੀਂ ਸਿੱਖੀ ਦਾ ਮਾਣ ਕਰਦੇ ਹੋ? ਤੁਸੀਂ ਪੁੱਛਦੇ ਸਾਓ ਕਿ ਅਸਾਂ ਕਿਹੜੇ ਪਾਪ ਕੀਤੇ ਹਨ ਜੋ ਸਾਡੇ ਤੇ ਵਬਾਲ ਆਇਆ, ਇਹ ਨਮੂਨਾ ਹੈ ਤੁਸਾਡੇ ਪੁੰਨ ਕਰਮਾਂ ਦਾ। ਇੰਨਾਂ ਦੁਖ ਪਾ ਕੇ ਬੀ ਤੁਸਾਂ ਗੁਰੂ ਕਾ ਹੁਕਮ ਨਹੀਂ ਕਮਾਇਆ, ਜੋ ਇਹ ਹੈ –

***ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥***

ਫੇਰ ਸੰਤ ਜੀ ਕੁਛ ਚਿਰ ਚੁੱਪ ਰਹਿ ਕੇ ਬੋਲੇ – ਪਿਆਰੇ ਸੱਜਣੋ! ਐਸੇ ਐਸੇ ਕਰਮ ਜੋ ਕਰੀਦੇ ਹਨ, ਮਾੜੇ ਨਹੀਂ ਸਮਝੀਦੇ। ਹੁਣ ਤੁਹਾਨੂੰ ਮੈਂ ਇਸੇ ਤਰ੍ਹਾਂ ਦੀ ਸੱਚਮੁਚ ਦੀ ਕੋਈ ਇਕ ਵਾਰਤਾ 'ਨਿਰਮਲ ਕਰਮ' ਦੀ ਦੱਸਣੀ ਚਾਹੁੰਦਾ ਹਾਂ, ਜਿਨ੍ਹਾਂ ਦੇ ਕਰਨ ਨਾਲ ਸਾਡਾ ਮਨੁੱਖੀ ਧਰਮ ਪੂਰਾ ਹੁੰਦਾ ਹੈ ਅਸੀਂ ਸਿੱਖ ਕਹਿਲਾਉਣ ਦੇ ਹੱਕਦਾਰ ਹੁੰਦੇ ਹਾਂ –

ਇਕ ਸਿੱਖ 1947 ਵਿਚ ਪੱਛਮੀ ਪੰਜਾਬ ਵਿਚੋਂ ਉਜੜ ਕੇ ਇਧਰ ਆਇਆ। ਮਾਇਆ ਨਾਲ ਅਤਿ ਹੀ ਥੁਹੜੀ ਆਈ ਜੋ ਥੋੜ੍ਹੇ ਦਿਨਾਂ ਵਿਚ ਹੀ ਮੁੱਕ ਗਈ। ਆਖਰ 60 ਕੁ ਰੁਪਏ ਦਾ ਸੋਨਾ ਇਸਤ੍ਰੀ ਪਾਸ ਰਹਿ ਗਿਆ ਸੀ, ਉਹ ਵੇਚ ਕੇ ਇਕ ਨਿੱਕਾ ਜਿਹਾ ਕਿੱਤਾ ਸ਼ੁਰੂ ਕਰ ਦਿਤਾ। ਕਿੱਤੇ ਵਿਚ ਬਰਕਤ ਪੈ ਗਈ ਤੇ ਵਧ ਟੁਰਿਆ। ਸਾਲ ਭਰ ਵਿਚ ਛੇ ਸੱਤ ਹਜ਼ਾਰ ਰੁਪਿਆ ਕਮਾਈ ਦਾ ਹੋ ਗਿਆ। ਇਸ ਸਜਨ ਪੁਰਖ ਪਾਸ ਆਪਣੇ ਸ਼ਹਿਰ ਵਿਚ ਲੋਕੀਂ ਆਪਣੇ ਥੋੜ੍ਹੇ-ਥੋੜ੍ਹੇ ਰੁਪਏ ਅਮਾਨਤ ਰੱਖ ਜਾਇਆ ਕਰਦੇ ਸਨ, ਜਿਨ੍ਹਾਂ ਦਾ ਇਹ ਵਿਆਜ ਦਿਆ ਕਰਦਾ ਸੀ ਤੇ ਆਪਣੇ ਕੰਮੀਂ ਰੁਪਿਆ ਵਰਤਿਆ ਕਰਦਾ ਸੀ। ਕੋਈ ਰੁਪਿਆ ਆ ਮੰਗੇ ਤਾਂ ਵਿਆਜ ਸਮੇਤ ਮੋੜ ਦਿਆ ਕਰਦਾ ਸੀ। ਪੱਛਮੀ ਪੰਜਾਬ ਵਿਚੋਂ ਹੁਣ ਜਦ ਕੰਗਾਲ ਹੋ ਕੇ ਇਧਰ ਪੂਰਬੀ ਪਾਸੇ ਆਇਆ ਤਾਂ ਅਮਾਨਤਾਂ ਵਾਲਿਆਂ ਨੂੰ ਕਿੱਥੋਂ ਦੇਵੇ, ਪਰ ਇਸਦਾ ਮਨ ਦੁਖਦਾ ਸੀ ਕਿ ਇਹ ਪੰਡ ਮੈਂ ਕਿਉਂ ਚਾਈ ਸੀ? ਜਦੋਂ ਇਸ ਦਾ ਵਪਾਰ ਚੱਲ ਪਿਆ ਤੇ ਕੁਛ ਰਕਮ ਜਮ੍ਹਾਂ ਹੋ ਗਈ ਤਾਂ ਇਸਨੇ ਪਹਿਲਾ ਕੰਮ ਇਹ ਕੀਤਾ ਕਿ ਜਿਸ ਜਿਸਦੇ ਰੁਪਏ ਅਮਾਨੀ ਇਸ ਪਾਸ ਜਮ੍ਹਾਂ ਸਨ, ਸਭ ਨੂੰ ਹੌਲੀ ਹੌਲੀ ਬੁਲਾ ਬੁਲਾ ਕੇ ਅਦਾ ਕਰ ਦਿਤੇ। ਦੁਨੀਆਂ ਦੇ ਦਾਨੇ ਇਸਨੂੰ ਕਹਿ ਰਹੇ ਕਿ ਪਹਿਲਾਂ ਆਪਣਾ ਆਪ ਤਾਂ ਬਣਾ ਲਓ, ਤੁਹਾਥੋਂ ਕੋਈ ਅਮਾਨਤ ਰੱਖਣ ਵਾਲਾ ਨਾਲਸ਼ ਕਰਕੇ ਰੁਪੈ ਨਹੀਂ ਲੈ ਸਕਦਾ ਤੇ ਇਖਲਾਕੀ ਤੌਰ ਤੇ ਬੀ ਤੁਸੀਂ ਦੇਣ ਦੇ ਜ਼ਿੰਮੇਂਵਾਰ ਨਹੀਂ, ਕਿਉਂਕਿ ਤੁਸੀਂ ਨਾਲ ਥੋੜ੍ਹਾ ਲਿਆਏ ਹੋ, ਉਹ ਤਾਂ ਸਭ ਦਾ ਪਿੱਥੋ ਰਿਹਾ। ਕਈਆਂ ਨੇ ਕਿਹਾ ਭਾਈ ਇਹ 'ਵਿਸ਼ ਮੇਜਰ' ਹੈ ਅਰਥਾਤ ਰੱਬ ਦਾ ਕਰਨਾ ਹੈ ਕਿ ਰੁਪੈ ਪਿਛੇ ਲੁੱਟੇ ਪੁੱਟੇ ਗਏ, ਕਾਨੂੰਨ ਦੀ ਰਖਿਆ ਤੁਹਾਡੇ ਪੱਖ ਵਿਚ ਹੈ। ਇਸਨੇ ਕਿਹਾ, ਸੱਚ ਕਹਿ ਰਹੇ ਹੋ, ਮੇਰੇ ਅੰਦਰ ਇਕ ਕਾਨੂੰਨ ਸੱਚੇ ਹਾਕਮ ਦਾ ਕੰਮ ਕਰ ਰਿਹਾ ਹੈ, ਉਹ ਆਖਦਾ ਹੈ ਕਿ ਦੇਣਾ ਤੇਰੇ ਰੱਬ ਨੂੰ ਖੁਸ਼ ਕਰੇਗਾ, ਤੇਰੀ ਆਤਮਾ ਨੂੰ ਖੇੜੇਗਾ। ਭਾਈ, ਮੈਂ ਸਿੱਖ ਹਾਂ, ਮੇਰੇ ਗੁਰੂ ਦਾ ਕਾਨੂੰਨ ਕਹਿ ਰਿਹਾ ਹੈ –

***ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥***

ਇਸ ਸੱਜਣ ਪੁਰਖ ਨੇ ਨਾ ਕੇਵਲ ਅਮਾਨਤਾਂ ਅਦਾ ਕੀਤੀਆਂ, ਕਮਾਈ ਦਾ ਦਸਵੰਧ ਵੀ, ਜੋ ਬਣਦੀ ਸੀ, ਗੁਰੂ ਅਰਪਨ ਖਰਚ ਕੀਤਾ।

ਹੁਣ ਤੁਸੀਂ ਵੀਚਾਰ ਲਓ ਕਿ ਦੋਹਾਂ ਸੱਜਣਾਂ ਦੇ ਕਰਮਾਂ ਵਿਚ ਕਿੰਨਾਂ ਕੁ ਫਰਕ ਹੈ ਤੇ ਇਹ ਆਪੋ ਆਪਣਾ ਫਲ ਦੇਣ ਕਿ ਨਾ ਦੇਣ?

ਸੋ ਮੇਰੀ ਜਾਚੇ ਤੁਸੀਂ ਸਮਝ ਗਏ ਹੋਸੋ ਕਿ ਜੋ ਮੈਂ ਕਿਹਾ ਸੀ ਕਿ ਸਾਡਾ ਫਰਜ਼ ਹੈ ਨਿਰਮਲ ਕਰਮ ਕਰਨੇ। ਇਹ ਮੈਂ ਦੋ ਸੱਚਮੁਚ ਦੀਆਂ ਹੋ ਬੀਤੀਆਂ ਵਾਰਤਾ ਤੋਂ ਦੱਸਿਆ ਹੈ ਕਿ 'ਮਨ ਨਿਰਮਲ ਕਰਮ ਕਰਿ' ਦਾ ਕੀਹ ਅਰਥ ਹੈ।

ਦੂਜੀ ਮਤਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ, ਸਾਨੂੰ ਪਿਆਰ ਕਰਨ ਵਾਲੇ ਗੁਰੂ ਨੇ ਦਿਤੀ ਹੈ ਉਹ ਹੈ ਬਾਣੀ। ਕਲ ਗੁਰੂ ਬਾਬੇ ਦਾ ਅਵਤਾਰ ਦਿਨ ਹੈ, ਉਸ ਦੀ ਬਾਣੀ ਉਸ ਦਾ ਰੂਪ ਹੈ। ਜਦ ਉਹ ਪਿਆਰਾ ਦੇਹ ਵਿਚ ਸੀ ਤਾਂ ਆਪਣੇ ਹਿਰਦੇ ਦਾ ਪ੍ਰਕਾਸ਼ ਇਨ੍ਹਾਂ ਭਾਵਾਂ ਵਿਚ ਹੀ ਦਿਆ ਕਰਦਾ ਸੀ, ਜੋ ਇਸ ਬਾਣੀ ਵਿਚ ਲਿਖੇ ਹਨ। ਸੋ ਇਹੋ ਉਸਦਾ 'ਹਿਰਦਾ' ਬਾਣੀ ਦੇ ਰੂਪ ਵਾਲਾ ਸਾਡੇ ਕੋਲ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ। ਤੁਸੀਂ ਜਾਣਦੇ ਹੋ ਕਿ ਅਸੀਂ 'ਸ੍ਰੀ ਗੁਰੂ' ਕਹਿੰਦੇ ਹਾਂ ਇਸ ਬਾਣੀ ਦੀ ਪਾਵਨ ਬੀੜ ਨੂੰ। ਇਹ ਗੁਰੂ ਚਾਨਣ ਦਾਤਾ ਹੈ – 'ਗੁਰਬਾਣੀ ਇਸੁ ਜਗ ਮਹਿ ਚਾਨਣੁ'। ਜੇ ਆਪ ਜੀ ਰੋਜ਼ ਬਾਣੀ ਪੜ੍ਹੋ, ਵਿਚਾਰੋ ਤੇ ਕੀਰਤਨ ਸੁਣੋ ਤਾਂ ਤੁਹਾਨੂੰ ਗੁਰੂ ਮਤਿ ਪ੍ਰਾਪਤ ਹੁੰਦੀ ਰਹੇ, ਮਨ ਉੱਜਲ ਹੁੰਦਾ ਰਹੇ, ਸੁਰਤ ਜੁੜਦੀ ਰਹੇ। ਹਾਂ ਬਾਣੀ ਦੇ ਕੀਰਤਨ ਨਾਲ ਚਿੱਤ ਬ੍ਰਿਤੀ ਜੁੜਦੀ ਹੈ ਤੇ ਯੋਗ ਵਾਲਾ ਕੰਮ ਹੋ ਜਾਂਦਾ ਹੈ।

***ਜੋਗ ਬਨਿਆ ਤੇਰਾ ਕੀਰਤਨ ਗਾਈ।***

ਤੀਸਰੀ ਸ਼ੈ ਜੋ ਗੁਰੂ ਬਾਬਾ ਸਾਨੂੰ ਬਖਸ਼ਦਾ ਹੈ 'ਨਾਮ' ਹੈ, ਜੋ ਸਾਨੂੰ ਪੰਜ ਗੁਰਮੁਖਾਂ ਦੇ ਕੀਤੇ ਅੰਮ੍ਰਿਤ ਸੰਸਕਾਰ ਦੁਆਰਾ ਪ੍ਰਾਪਤ ਹੋ ਜਾਂਦਾ ਹੈ। ਹਾਂ, ਇਹ ਗੁਰੂ ਕੀ ਬਾਣੀ

ਨਾਮ ਵਿਚ ਲੈ ਜਾਂਦੀ ਹੈ। ਨਾਮ ਜੋ ਕੰਨਾਂ ਨਾਲ ਸੁਣਿਆ ਤੇ ਜੀਭ ਨਾਲ ਜੁਪਿਆ, ਗੁਰਬਾਣੀ ਉਸਨੂੰ ਹਿਰਦੇ ਵਿਚ ਲੈ ਜਾਂਦੀ ਹੈ। ਯਥਾ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥*

ਇਸ ਨਾਮ ਦੀ ਕਮਾਈ ਆਤਮਾ ਨੂੰ ਸਰੀਰ ਦੇ ਮਨ ਤੋਂ ਵੱਖਰਾ ਦੱਸਦੀ ਹੈ। ਸਰੀਰ ਨਾਲ ਅਭੇਦ ਹੋਇਆ ਬੰਦਾ, ਮਾਇਆ ਵਿਚ ਲਿਪਟਿਆ ਬੰਦਾ, ਜੇ ਹੁਣੇ ਦੱਸੇ ਤ੍ਰੈਏ ਸਾਧਨ ਕਰ ਲਵੇ ਤਾਂ ਉਹ ਆਪਣੇ ਆਤਮਾ ਦੀ ਲੱਖਤਾ ਵਿਚ ਆ ਜਾਂਦਾ ਹੈ ਤੇ ਫੇਰ ਪਰਮਾਤਮ ਦੇਵ ਨੂੰ ਲੱਖ ਲੈਂਦਾ ਹੈ।

ਅੰਮ੍ਰਿਤ ਛਕਣ ਵੇਲੇ ਚਾਰ ਅਮੋਲਕ ਵਸਤਾਂ ਪ੍ਰਾਪਤ ਹੁੰਦੀਆਂ ਸਨ - ਨਾਮ, ਬਾਣੀ, ਰਹਿਤ, ਪੰਥ ਸੇਵਾ। ਗੁਰ ਸਿੱਖ ਸੁਚਾ ਆਚਰਣ ਬਸਰ ਕਰਦਾ, ਬਾਣੀ ਪੜ੍ਹਦਾ ਵੀਚਾਰਦਾ ਤੇ ਕੀਰਤਨ ਵਿਚ ਸੁਣਦਾ, ਗਾਉਂਦਾ, ਨਾਮ ਜਪਦਾ ਤੇ ਸਿਮਰਦਾ ਰਹਿਤ ਦਾ ਧਾਰਣੀ ਹੁੰਦਾ ਹੈ। ਇਸੇ ਨਾਲ ਉਸਦੇ ਉਪਰਲੇ ਗੁਣ ਬਚਦੇ ਹਨ ਤੇ ਪੰਥ ਵਿਚ ਸਾਂਝੀਵਾਲ ਰਹਿੰਦਾ ਹੈ ਤੇ ਸਾਂਝੀਵਾਲ ਰਹਿ ਕੇ ਪੰਥ ਸੇਵਾ ਕਰਦਾ ਹੈ, ਜਿਸ ਕਰਕੇ ਇਹ ਨਾਮ ਵਿਚ ਲੱਗੇ ਜੀਵਾਂ ਦਾ ਮਦਦਗਾਰ ਹੋ ਜਾਂਦਾ ਹੈ ਤੇ ਅਣਲੱਗੇ ਲੋਕਾਂ ਨੂੰ ਬਾਣੀ ਨਾਮ ਤੇ ਸ਼ੁਭ ਆਚਰਣ ਵਿਚ ਲਾ ਕੇ ਉਪਕਾਰ ਕਰਦਾ ਹੈ ਤੇ ਸਤਿਗੁਰੂ ਦਾ ਇਹ ਵਾਕ ਪੜ੍ਹ ਕੇ ਇਹ ਕੰਮ ਕਰਦਾ ਆਪਣੇ ਜਨਮ ਨੂੰ ਸਫਲ ਸਮਝਦਾ ਹੈ। ਵਾਕ ਇਹ ਹੈ-

ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਦੇਖੋ ਕੇਡਾ ਸੁਖੱਲਾ ਰਸਤਾ ਗੁਰੂ ਬਾਬੇ ਨੇ ਦੱਸਿਆ ਹੈ, ਜਿਸ ਨਾਲ ਕਿ ਸਾਡੇ ਕਰਮ ਨਿਰਮਲ ਹੋ ਜਾਂਦੇ ਹਨ, ਮਨ ਸਵੱਛ ਹੋ ਜਾਂਦਾ ਹੈ, ਆਤਮਾ ਮਨ ਤੇ ਸਰੀਰ ਤੋਂ ਆਪਣੇ ਆਪ ਨੂੰ ਵੱਖ ਪ੍ਰਤੀਤ ਕਰਨ ਲੱਗ ਜਾਂਦਾ ਹੈ। ਸਿੱਖ, ਜੇ ਇਸ ਤਰ੍ਹਾਂ ਆਪਣਾ ਫਰਜ਼ ਪੂਰਾ ਕਰੀ ਚੱਲੇ ਤਾਂ ਹੁਣ ਹੁਕਮੀ ਦਾ ਕੰਮ ਬਾਕੀ ਹੈ ਕਿ ਉਹ ਸਾਨੂੰ ਮਿਹਰ ਕਰਕੇ ਸਾਡੀ ਆਤਮਾ ਨੂੰ ਆਪਣੀ ਚਰਨ ਸ਼ਰਨ ਵਿਚ ਆਪਣੇ ਨਾਲ ਮੇਲ ਲਵੇ। ਜਿਸ ਅਵਸਥਾ ਨੂੰ ਬਾਬਾ ਜੀ ਨੇ ਆਪ ਫੁਰਮਾਇਆ ਹੈ -

1. ਨਿਰਮਲ ਕਰਮ ਕਰੀਏ - ਮਨ ਨਿਰਮਲ ਕਰਮ ਕਰਿ।

2. ਬਾਣੀ - ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀ ਸਿਰਿ ਬਾਣੀ।

3. ਨਾਮ - ਜਪਿ ਜਨ ਸਦਾ ਸਦਾ ਦਿਨੁ ਰੈਣੀ। ਸਭ ਤੇ ਊਚ ਨਿਰਮਲ ਇਹ ਕਰਮਈ।

ਇਹ ਸਾਰਾ ਉਪਦੇਸ਼ ਸੁਣ ਕੇ ਸਾਰੇ ਸਰੋਤੇ ਬਹੁਤ ਪ੍ਰਸੰਨ ਹੋਏ ਤੇ ਆਪੋ ਵਿਚ ਕੁਛ ਗੱਲਾਂ ਕਰਨ ਲੱਗ ਪਏ। ਫੇਰ ਉਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਜੀਓ ਜੀ! ਅਸਾਂ ਸਾਰਿਆਂ ਦੀ ਇਕ ਅਰਜ਼ੋਈ ਹੈ।

ਸਾਧੂ ਨੇ ਕਿਹਾ - ਕਹੋ ਭਾਈ! ਆਗਿਆ ਕਰੋ!

ਸਿੱਖ - ਕਲ ਜੀਓ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨੇ ਦਾ ਗੁਰਪੁਰਬ ਹੈ। ਹਾਂ ਤਾਂ ਅਸੀਂ ਇਥੇ ਥੋੜ੍ਹੇ ਪਰ ਸਿੱਖਾਂ ਨੂੰ ਹੁਕਮ ਹੈ 'ਭਾਇ ਭਗਤਿ ਗੁਰਪੁਰਬ ਕਰੰਦੇ' ਅਸਾਂ ਨੇ ਕੱਲ ਸ੍ਰੀ ਗੁਰੂ ਜੀ ਦਾ ਗੁਰਪੁਰਬ ਮਨਾਉਣਾ ਹੈ। ਜੇ ਆਪ ਜੀ ਖੇਚਲ ਕਰੋ ਤਾਂ ਓਥੇ ਕੋਈ ਕਥਾ ਗੁਰੂ ਜੀ ਦੀ ਸੁਣਾਓ ਜਿਸ ਕਰਕੇ ਸਾਡੇ ਕੰਨ ਬੀ ਪਵਿੱਤਰ ਹੋਣ। ਆਪ ਦੀ ਰਸਨਾ ਪਵਿੱਤਰ ਹੈ ਹੀ, ਕਿਉਂਕਿ ਲਿਖਿਆ ਹੈ - ਪ੍ਰਭ ਜੀ ਬਸਹਿ ਸਾਧਿ ਕੀ ਰਸਨਾ।

ਸਾਧੂ - ਪਵਿੱਤਰ ਨਾਮ ਨਿਰੰਕਾਰ ਦਾ ਹੈ ਜੋ ਨਾਮ ਨਿਰੰਜਨ ਹੈ। ਜਿਥੇ ਛੋਹੇਗਾ ਪਵਿੱਤਰ ਕਰ ਦੇਵੇਗਾ। ਪਵਿੱਤਰ ਹਰੀ ਕੀਰਤਨ ਹੈ, ਜਿਥੇ ਹੋਏਗਾ ਪਵਿੱਤਰਤਾ ਵਰਸੇਗੀ। ਬਾਕੀ ਸਾਧ ਸੰਗਤਿ ਦੀ ਆਗਿਆ ਕੌਣ ਮੋੜ ਸਕਦਾ ਹੈ, ਸਮਾਂ ਦੱਸ ਦਿਓ ਤਾਂ ਦਾਸ ਸਮੇਂ ਸਿਰ, ਗੁਰੂ ਭਾਵੇ ਤਾਂ ਪਹੁੰਚ ਪਵੇਗਾ।

ਇਹ ਸੁਣ ਕੇ ਆਪ ਦਾ ਧੰਨਵਾਦ ਹੋਇਆ ਤੇ ਵਕਤ ਦੱਸਿਆ ਗਿਆ।

ਅਗਲੇ ਦਿਨ ਆਪ ਜੀ ਦੀਵਾਨ ਵਿਚ ਹਾਜ਼ਰ ਹੋ ਗਏ, ਕੀਰਤਨ ਮਗਰੋਂ ਆਪ ਜੀ ਆਗਿਆ ਪਾ ਕੇ ਸ੍ਰੀ ਗੁਰੂ ਜੀ ਦੀ ਤਾਬਿਆ ਆ ਬੈਠੇ ਤਾਂ ਆਪ ਨੇ ਮਨੋਹਰ ਸੁਰ ਵਿਚ ਗੁਰੂ ਵਾਕ ਲਿਆ। ਵਾਕ ਲੈ ਕੇ ਰੁਮਾਲ ਓੜ੍ਹਾ ਦਿਤਾ ਤੇ ਬੋਲੇ -

ਗੁਰੂ ਕੇ ਪਿਆਰੇ ਸਿਦਕ ਵਾਨੋ! ਸੱਚੇ ਪਾਤਸਾਹ ਨੇ ਜੋ ਵਾਕ ਅੱਜ ਬਖਸ਼ਿਆ ਹੈ ਇਹ ਸਾਨੂੰ ਸਾਰਿਆਂ ਨੂੰ ਰਹਨੁਮਾਈ ਲਈ ਬਖਸ਼ਿਆ ਹੈ, ਇਹ ਹੁਕਮ ਹੈ ਜਿਸ ਤੇ ਅਸਾਂ ਕਾਰਬੰਦ ਹੋਣਾ ਹੈ ਅੱਜ ਤੇ ਰੋਜ਼।

ਫਿਰ ਦੇਖੋ ਇਹ ਵਾਕ ਐਸਾ ਆਇਆ ਹੈ ਕਿ ਜਿਸ ਪਰਥਾਇ ਇਹ ਹੋਇਆ ਸੀ ਉਸਦੀ ਸਾਖੀ ਬੀ ਜਨਮ ਸਾਖੀ ਵਿਚ ਲਿਖੀ ਹੋਈ ਹੈ। ਸੋ ਸ਼ਬਦ ਦਾ ਅਰਥ ਭਾਵ ਤੇ ਉਹ ਸਾਖੀ ਜੋ ਜਨਮ ਸਾਖੀ ਵਿਚ ਲਿਖੀ ਹੈ ਇਸ ਕਥਾ ਵਿਚ, ਜੋ ਦਾਸ ਨੇ ਹੁਣ ਕਰਨੀ ਹੈ, ਦੋਏ ਆ ਜਾਣਗੇ।

ਜਦੋਂ ਸ੍ਰੀ ਗੁਰੂ ਜੀ ਦੇਸ਼ਾਟਨ ਕਰਕੇ ਤੇ ਜੀਵਾਂ ਦਾ ਉਧਾਰ ਕਰਕੇ ਦੇਸ਼ ਆਏ ਤਾਂ ਇਕ ਦਿਨ ਆਪ ਜੀ ਬੈਠੇ

ਸਨ। ਜਾਪਦਾ ਹੈ ਕਿ ਗੁਰੂ ਕੇ ਦਰਬਾਰ ਵਿਚ ਕੀਰਤਨ ਹੋ ਚੁੱਕਾ ਸੀ ਤੇ ਆਪ ਜੀ ਸਾਧ ਸੰਗਤਿ ਤੇ ਬਾਹਰੋਂ ਆਏ ਪਿਆਰਿਆਂ ਵਿਚ ਸੁਭਾਇਮਾਨ ਹੋਏ ਕਿਸੇ ਕਿਸੇ ਵੇਲੇ ਕੋਈ ਵਾਕ ਸਿਖਿਆ ਦੇ ਭਰੇ ਹੋਏ ਕਰਦੇ ਹੋਏ ਸਨ ਕਿ ਅਚਾਨਕ ਪੰਜ ਸੱਤ ਜਣਿਆਂ ਦੀ ਇਕ ਟੋਲੀ ਆ ਗਈ। ਇਹ ਕੋਈ ਕੁਛ ਠਹਿਰੇ ਹੋਏ ਸੁਭਾਵ ਵਾਲੇ ਸਨ ਤੇ ਮੱਥੇ ਸ਼ਰਧਾ ਵਾਲੇ ਸਨ। ਇਨ੍ਹਾਂ ਦੇ ਨਾਲ ਇਕ ਗੁਰੂ ਕਾ ਸਿੱਖ ਸੀ। ਉਸਨੇ ਅਰਜ਼ ਕੀਤੀ, ਸ੍ਰੀ ਦਾਤਾ ਜੀਓ! ਏਹ ਸਾਰੇ ਭਗਤ ਹਨ ਅਤੇ ਆਪ ਜੀ ਦੇ ਦਰਸ਼ਨਾਂ ਨੂੰ ਦੂਰੋਂ ਆਏ ਹਨ। ਸ੍ਰੀ ਗੁਰੂ ਜੀ ਨੇ ਮਸਤਕ ਡਿੱਠੇ ਤਾਂ ਪਛਾਣ ਕੀਤੀ ਕਿ ਹੈਨ ਤਾਂ ਮੇਰੇ ਮਾਲਕ ਦੀਆਂ ਦਰ ਪ੍ਰਾਪਤੀ ਦੇ ਸ਼ੌਂਕ ਵਾਲੀਆਂ ਸੁਹਣੀਆਂ ਯਤਨ ਕਰਦੀਆਂ, ਪਰ ਨਿਸ਼ਚੇ ਦੇ ਘਰ ਦੇ ਦਰਵਾਜ਼ਿਆਂ ਕੋਲ ਫਿਰਦੀਆਂ, ਲੱਭਦੀਆਂ ਖੜਕਾਉਂਦੀਆਂ ਤੇ ਉਡੀਕਦੀਆਂ ਕੰਤ ਮਹੇਲੀਆਂ ਵਾਂਡੂ। ਸੋਹਣੇ ਸਾਹਿਬਾਂ ਨੇ ਆਦਰ ਦੇ ਕੇ ਬਹਾਲ ਲਿਆ ਤੇ ਕੁਸ਼ਲ ਅਨੰਦ ਪੁੱਛੀ। ਫੇਰ ਗੁਰੂ ਜੀ ਨੇ ਆਪਣੇ ਪਹਿਲੇ ਪ੍ਰਸ਼ਨ ਕਰਤੇ ਨਾਲ ਗੱਲਬਾਤ ਸੁਰੂ ਕਰ ਦਿਤੀ, ਜੋ ਗੱਲਬਾਤ ਕਿ ਭਗਤਾਂ ਦੇ ਆਉਣ ਤੇ ਆਦਰ ਦੇਣ ਵਿਚ ਰੁਕ ਗਈ ਸੀ। ਇਹ ਗੱਲਬਾਤ ਕੋਈ ਦੋ ਇਕ ਘੜੀ ਵਿਚ ਮੁੱਕੀ। ਹੁਣ ਭਗਤਾਂ ਨੇ ਸਮਝਿਆ ਕਿ ਸਾਡੀ ਗੱਲ ਛੇੜਨੀ ਠੀਕ ਹੋਸੀ, ਤਦ ਉਨ੍ਹਾਂ ਵਿਚੋਂ ਇਕ ਨੇ ਅਦਬ ਨਾਲ ਕਿਹਾ - ਗੋਸਾਈਂ ਪ੍ਰਭੋ! ਕੁਛ ਬਿਨਯ ਕਰਨੀ ਹੈ।

ਸਾਹਿਬ ਬੋਲੇ - ਜੋ ਦਿਲ ਆਵੇ ਪੁਛੋ ਜੀ। ਤਾਂ ਉਨ੍ਹਾਂ ਵਿਚੋਂ ਵਡਕੇ ਨੇ ਪੁਛਿਆ -

ਭਗਤ - ਜੀਵ ਦੇਹ ਧਾਰਕ ਕੁਛ ਨਾ ਕੁਛ ਕਰਦਾ ਹੈ, ਉਹ ਯਾ ਪੁੰਨ ਹੁੰਦਾ ਹੈ ਯਾ ਪਾਪ, ਯਾ ਕੁਛ ਵਿਚ ਵਿਚਾਲੇ। ਪੁੰਨ ਤਾਂ ਹੋਯਾ ਚੰਗਾ ਤੇ ਪਾਪ ਮਾੜਾ। ਇਸ ਮਾੜੇ ਵਲੋਂ ਬਚਣ ਦਾ ਜਤਨ ਕਰਦਿਆਂ ਕੋਈ ਪੇਸ਼ ਨਹੀਂ ਜਾਂਦੀ। ਮਾਯਾ ਦੇ ਮਗਰ ਸਭੇ ਭੱਜੇ ਫਿਰਦੇ ਹਨ। ਆਪ ਇਹ ਕਿਰਪਾ ਕਰਕੇ ਦੱਸੋ ਕਿ ਇਹ ਪ੍ਰਾਣੀ ਆਪਣੇ ਆਪ ਆਪਣੇ ਲਾਲਚ ਲੱਗਾ ਇਹ ਕਰਮ ਪਿਆ ਕਰਦਾ ਹੈ ਕਿ ਕੋਈ ਇਸ ਤੋਂ ਕਰਾਉਂਦਾ ਹੈ? ਤੇ ਮਾਯਾ ਵਸ ਫਿਰਦਿਆਂ ਦੀ ਕਲਯਾਣ ਕੀਕੂੰ ਹੋਵੇ?

ਤਦ ਸਤਿਗੁਰੂ ਜੀ ਉਨ੍ਹਾਂ ਵਲ ਮਿਹਰ ਨਾਲ ਤੱਕੇ ਤੇ ਆਖਣ ਲੱਗੇ - ਤੁਸਾਂ ਜੀ ਨੇ ਠੀਕ ਕਿਹਾ ਹੈ ਕਿ ਇਹ ਜੀਵ ਯਾ ਪਾਪ ਕਰਦਾ ਹੈ ਯਾ ਪੁੰਨ ਤੇ ਫੇਰ ਗੱਲਬਾਤ ਬੀ ਪਾਪ ਪੁੰਨ ਦੀ ਕਰਦਾ ਰਹਿੰਦਾ ਹੈ, ਜੋ ਕੁਛ ਕਰੂ ਉਸੇ ਦਾ ਜ਼ਿਕਰ ਜ਼ਕਾਰ ਕਰੇਗਾ ਨਾ! ਸੋ ਭਗਤ ਜਨੋ! ਪਾਪ ਪੁੰਨ ਤਾਂ ਹੀ ਕਰਦਾ ਹੈ ਜੇ ਅੰਦਰੋਂ ਮਨ ਪ੍ਰੇਰਦਾ ਹੈ। ਮਨ ਦਾ ਰੁਖ ਬਾਹਰਮੁਖੀ ਹੈ, ਇਹ ਸਰੀਰ ਦੀ ਪਾਲਨਾ ਤੇ ਰਖਿਆ ਆਦਿਆ ਵਿਚ ਰਚਿਆ ਰਹਿੰਦਾ ਹੈ। ਸੋ ਇਸ ਵਿਚ ਜੋ ਮਨਸਾ ਉਪਜਦੀ ਹੈ ਉਹ ਇਸੇ ਦੀ ਉਪਜਾਈ ਉਪਜਦੀ ਬਾਹਰਮੁਖੀ ਕੰਮ ਕਰਦੀ ਹੈ। ਇਹ ਮਨਸਾ ਹੁੰਦੀ ਹੈ ਆਪਣੇ ਸਰੀਰ ਦੇ ਸੁਖ ਲੈਣ ਵਿਚ ਰੱਤੀ ਹੋਈ। ਇਹ ਕਮਾਈ ਕਰਕੇ ਸਰੀਰਕ ਲੋੜਾਂ ਤੇ ਬੱਸ ਨਹੀਂ ਕਰਦੀ। ਜਿੰਨਾਂ ਕੁਛ ਲੋੜਾਂ ਲਈ ਇਹ ਕੱਠਾ ਕਰਾ ਲੈਂਦੀ ਹੈ ਉਸ ਤੋਂ ਅੱਗੇ ਹੋਰ ਲੈਣ ਵਲ ਸਰੀਰ ਨੂੰ ਦੁੜਾਉਂਦੀ ਹੈ, ਤ੍ਰਿਪਤ ਨਹੀਂ ਹੁੰਦੀ। ਫੇਰ ਕੱਠਾ ਕਰਨ ਵਿਚ ਪਾਪ ਪੁੰਨ ਦੇ ਵੀਚਾਰ ਵੀ ਛੱਡ ਦੇਂਦੀ ਹੈ। ਕੱਠਾ ਕਰਕੇ ਆਪੂੰ ਤ੍ਰਿਪਤ ਨਹੀਂ ਹੁੰਦੀ ਤੇ ਮਾਨ ਹੰਕਾਰ ਵਿਚ ਹੋਰਨਾਂ ਨੂੰ ਦੁਖਾਉਂਦੀ ਹੈ। ਸੋ ਫਲ ਆਪਣੇ ਲਈ ਭੀ ਚੰਗਾ ਨਾ ਹੋਇਆ ਤੇ ਦੂਇਆਂ ਲਈ ਭੀ ਦੁਖਦਾਈ ਹੋਇਆ। ਫੇਰ ਇਕ ਗੱਲ ਸੋਚੋ ਹੋਰ ਕਿ ਧਨ ਪਾ ਕੇ ਜੀਵ ਜੋ ਭੋਗ ਬਿਲਾਸ ਕਰਦਾ, ਖੁਸ਼ੀਆਂ ਮਨਾਉਂਦਾ ਹੈ। ਫੇਰ ਉਹ ਧਨ ਵੀ ਮਰਨ ਵੇਲੇ ਇਥੇ ਹੀ ਰਹਿ ਜਾਂਦਾ ਹੈ। ਓਸ ਧਨ ਨੂੰ ਸਾਂਭਦੇ ਹਨ ਹੋਰ ਲੋਕੀ ਤੇ ਭੋਗ ਬਿਲਾਸਾਂ ਵਿਚ ਆਇਆ ਸੁਆਦ ਆਨੰਦ ਬੀ ਨਾਲ ਨਹੀਂ ਜਾਂਦਾ, ਭੋਗਣ ਵਾਲਾ ਸਰੀਰ ਸੁਆਹ ਦੀ ਢੇਰੀ ਹੋ ਜਾਂਦਾ ਹੈ। ਇਸ ਤਰ੍ਹਾਂ ਦੁਖ ਦੇਂਦਾ ਦੁਖ ਦੇ ਕਾਰਣ ਪਾਪ ਨੂੰ ਮਨ ਵਿਚ ਸੰਸਕਾਰਾਂ ਦੀ ਸ਼ਕਲ ਵਿਚ ਲੈ ਕੇ ਟੁਰ ਜਾਂਦਾ ਹੈ। ਜੀਉਂਦੇ ਜੀ ਜਦੋਂ ਕਿਤੇ ਪਾਪ ਪੁੰਨ ਦੀਆਂ ਵੀਚਾਰਾਂ ਕਰਦਾ ਸੀ ਉਹ ਫੋਕੀਆਂ ਵਕਤ ਲੰਘਾਊ ਗੱਲਾਂ ਹੁੰਦੀਆਂ ਸਨ। ਜੇ ਕੋਈ ਪੁੰਨ ਕਰਮ ਕਰ ਗਿਆ ਤਾਂ ਉਹ ਨਿਰਮਲ ਕਰਮ ਨਹੀਂ ਸਨ, ਉਹ ਤਾਂ ਕਰਮ ਕਾਂਡੀ ਕਰਮ ਸਨ ਜੋ ਕਾਮਨਾ ਵਿਚ ਆ ਕੇ ਸੁਰਗਾਂ ਦੇ ਭੋਗਾਂ ਦੀਆਂ ਵਾਸ਼ਨਾ ਧਾਰ ਕੇ ਕੀਤੇ ਸਨ। ਸੋ ਭਗਤ ਜਨੋਂ! ਐਸੇ ਮਾਇਆ ਪ੍ਰੇਮੀ ਜੀਵਾਂ ਦਾ ਕਲਿਆਨ ਕੀਕੂੰ ਹੋ ਸਕਦਾ ਹੈ? ਹਾਂ, ਜੇ ਉਹ ਗੁਰੂ ਮਤਿ ਵਿਚ ਕੀਤੇ ਜਾਣ, ਸਤਿਗੁਰ ਦੇ ਉਪਦੇਸ਼ ਦੇ ਧਾਰਨੀ ਹੋ ਜਾਣ ਤਾਂ ਰਸਤਾ ਇਹ ਹੈ ਕਿ ਉਸ ਉਪਦੇਸ਼ ਵਿਚ ਇਨ੍ਹਾਂ ਨੂੰ ਆਪਣੇ ਰੋਜ਼ ਦੇ ਕਰਮ ਨਿਰਮਲ ਕਰਨ ਦਾ ਉਪਦੇਸ਼ ਮਿਲੇਗਾ, ਫਿਰ ਨਾਮ ਦੀ ਕਮਾਈ ਕਰਨੇ ਦਾ ਉਪਦੇਸ਼ ਮਿਲੇਗਾ। ਇਹ ਜੋ ਨਾਮ ਧਨ ਹੈ ਸੋ ਸੱਚਾ ਧਨ ਹੈ ਤੇ ਜੀਵ ਦੇ ਨਾਲ ਜਾਂਦਾ ਹੈ, ਕਿਉਂਕਿ ਇਹ ਮਨ ਵਿਚ ਅਵਿਛੜ ਪ੍ਰਵੇਸ਼ ਕਰ ਜਾਂਦਾ ਹੈ, ਸੋ ਜੀਵ ਦੇ ਨਾਲ ਚਲਾ ਜਾਂਦਾ ਹੈ।

ਭਗਤ - ਫੇਰ ਜੀ ਨਾਮ ਨਾਲ ਭਗਵਾਨ ਰੀਝ ਪੈਂਦਾ ਹੈ ਤਾਂ ਇਸ ਬਿਧ ਤੇ ਇਸ ਕਾਰਣ ਕਲਿਆਣ ਹੁੰਦੀ ਹੈ?

ਗੁਰੂ ਜੀ - ਭਾਈ! ਪਾਪ ਜੋ ਕਰੀਦੇ ਹਨ ਉਨ੍ਹਾਂ ਨਾਲ ਮਨ ਮੈਲਾ ਹੋ ਜਾਂਦਾ ਹੈ। ਉਹ ਮੈਲ ਨਿਰਮਲ ਪਾਸੇ ਨਹੀਂ ਜਾਣ ਦਿੰਦੀ। ਸੋ ਮੈਲ ਕੱਟਣੀ ਜ਼ਰੂਰੀ ਹੁੰਦੀ ਹੈ। ਉਹ ਮੈਲ 'ਨਾਮ' ਕੱਟਦਾ ਹੈ। 'ਬਿਨੁ ਸਬਦੈ ਨਹੀ ਉਤਰੈ ਮੈਲੁ' ਫੇਰ ਨਾਮ, ਜਿਸ ਦਾ ਕਿ ਨਾਮ ਹੈ ਉਸ ਵਲ ਲੈ ਜਾਂਦਾ ਹੈ, ਉਸਦੀ ਸ਼ਰਣ ਵਿਚ ਹਜ਼ੂਰੀ ਵਿਚ ਰੱਖਦਾ ਹੈ। ਨਾਮ ਨਾਲ 'ਸੁੱਚੇ' ਹੋ ਗਏ ਮਨ ਨੂੰ ਸੱਚਾ ਪਰਮੇਸੁਰ ਭਾਉਂਦਾ ਹੈ।

ਉਸ ਭਾਵਨੀ (ਕਹੋ, ਪ੍ਰੇਮ ਕਹੋ) ਨਾਲ ਪ੍ਰਭੂ ਜੀ ਨੂੰ ਮਿਲ ਪੈਂਦਾ ਹੈ। ਅਨੰਦ ਪ੍ਰਭੂ ਜੀ ਉਸਨੂੰ ਆਪ ਮੇਲ ਲੈਂਦੇ ਹਨ। ਪ੍ਰੇਮੀ ਲੋਕ ਇਸਨੂੰ ਮੁਕਤੀ ਆਖਦੇ ਹਨ।

ਸਾਧਸੰਗਤ ਜੀ! ਇਹ ਜੋ ਕੁਛ ਮੈਂ ਗੁਰੂ ਦਾ ਉਪਦੇਸ਼ ਭਗਤਾਂ ਪ੍ਰਤੀ ਹੋਇਆ ਆਪ ਨੂੰ ਸੁਣਾਇਆ ਹੈ, ਉਸ ਸ਼ਬਦ ਦੀ ਪਹਿਲੀ ਪਉੜੀ ਵਿਚ ਹੈ ਜੋ ਮੈਂ ਹੁਣੇ ਵਾਚਿਆ ਸੀ। ਸੋ ਸਮਝੋ ਕਿ ਅੱਜ ਸਾਡੇ ਤਾਈਂ ਇਹ ਉਪਦੇਸ਼ ਗੁਰੂ ਸਾਹਿਬ ਵਲੋਂ ਹੋਇਆ ਹੈ, ਲਓ ਸੁਣੋ ਫੇਰ, ਪਹਿਲੀ ਪਉੜੀ ਰਹਾਉ ਤੇ ਦੂਜੀ ਪਉੜੀ ਜਿਸ ਦੀ ਵਿਆਖਿਆ ਮੈਂ ਸੁਣਾਈ ਹੈ -

***ਮਨ ਕਾ ਕਹਿਆ ਮਨਸਾ ਕਰੈ॥***
***ਇਹੁ ਮਨੁ ਪੁੰਨ ਪਾਪੁ ਉਚਰੈ॥***
***ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥***
***ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ॥***
***ਤਨੁ ਧਨੁ ਕਲਤ੍ਰੁ ਸਭ ਦੇਖੁ ਅਭਿਮਾਨਾ॥***
***ਬਿਨੁ ਨਾਵੈ ਕਿਛੁ ਸੰਗਿ ਨ ਜਾਨਾ॥***
***ਕੀਚਹਿ ਰਸ ਭੋਗ ਖੁਸੀਆ ਮਨ ਕੇਰੀ॥***
***ਧਨੁ ਲੋਕਾ ਤਨੁ ਭਸਮੈ ਢੇਰੀ॥***
***ਖਾਕੂ ਖਾਕੁ ਰਲੈ ਸਭੁ ਫੈਲੁ॥***
***ਬਿਨੁ ਸਬਦੈ ਨਹੀ ਉਤਰੈ ਮੈਲੁ॥***

ਇਹ ਸੁਣ ਕੇ ਭਗਤ ਜਨਾਂ ਨੇ ਇਕ ਸੁਹਣਾ ਸਾਹ ਲਿਆ ਜਿਵੇਂ ਕੋਈ ਮਨ ਵਿਚ ਸਹੂਲਤ ਪ੍ਰਤੀਤ ਕਰਦਾ ਹੈ। ਫੇਰ ਮੁਖੀਏ ਨੇ ਅਰਜ਼ੋਈ ਕੀਤੀ -

ਜੀ, ਏਹ ਜੋ ਭਗਤੀਏ ਲੋਕ ਰਾਸਾਂ ਪਾਉਂਦੇ ਗੀਤ ਗਾਉਂਦੇ ਤੇ ਨਚਦੇ ਟਪਦੇ ਹੈਨ, ਇਹ ਭਗਵਾਨ ਦੀ ਭਗਤੀ ਹੀ ਕਰਦੇ ਹਨ ਨਾਂ! ਇਹ ਆਪ ਦੇ ਕਹੇ ਅਨੁਸਾਰ ਮੁਕਤ ਹੋ ਜਾਣਗੇ?

ਤਾਂ ਸ੍ਰੀ ਗੁਰੂ ਬੋਲੇ - ਭਗਤ ਜਨੋਂ ਇਹ ਜੋ ਪਖਾਵਜਾਂ ਲੈ ਕੇ ਤਾਲ ਦੇ ਦੇ ਨੱਚਦੇ ਟੱਪਦੇ ਤੇ ਨਾਲ ਵਾਜੰਤ ਲੈ ਕੇ ਤੇ ਨਾਨਾਂ ਰਾਗਾਂ ਵਿਚ ਪਾ ਪਾ ਕੇ ਗੀਤ ਗਾਉਂਦੇ ਹਨ ਮਨੋ ਕੂੜੇ ਹੁੰਦੇ ਹਨ ਕਿਉਂਕਿ ਇਨ੍ਹਾਂ ਦੀ ਬਿਰਤੀ ਮਾਇਆ ਵਲ ਹੁੰਦੀ ਹੈ। ਮਾਇਆ ਤ੍ਰੈ ਗੁਣਾਂ ਵਿਚ ਵਰਤਦੀ ਹੈ, ਸੋ ਮਾਇਆ ਦੇ ਪ੍ਰੇਮ ਵਿਚ ਰਾਗ ਵਜਾ ਕੇ ਤ੍ਰੈ ਗੁਣ ਹੀ ਵਧਦੇ ਹਨ, ਇਨ੍ਹਾਂ ਤ੍ਰੈ ਗੁਣਾਂ ਦੇ ਵਾਧੇ ਨਾਲ ਜੋ ਪਹਿਲਾਂ ਇਨ੍ਹਾਂ ਦੇ ਮਨਾਂ ਵਿਚ ਮਨਮਤਿ ਸੀ ਉਹ ਦੁਰਮਤਿ ਬਣ ਜਾਂਦੀ ਹੈ। ਫਲ ਇਹ ਕਿ ਜਨਮ ਮਰਨ ਦੀ ਪੀੜਾ ਦੂਰ ਨਹੀਂ ਹੁੰਦੀ ਸਗੋਂ ਦਵੈਤ ਭਾਵਨਾ ਪੱਕੀ ਹੁੰਦੀ ਜਾਂਦੀ ਹੈ, ਕਰਤਾਰ ਤੋਂ ਵਿੱਥ ਵਧਦੀ ਜਾਂਦੀ ਹੈ ਤੇ ਜਨਮ ਲੈ ਕੇ ਬਿਨਸਦੇ ਰਹਿਣ ਦਾ ਚੱਕਰ ਨਹੀਂ ਮਿਲਦਾ। ਭਾਈ, ਭਗਤ ਜਨੋ! ਐਸੇ ਲੋਕਾਂ ਲਈ ਬੀ ਦਾਰੂ ਉਹੋ ਹੈ ਕਿ ਹਰੀ ਦੇ ਗੁਣ ਗਾਵਨ ਪਰ ਗੁਰਮੁਖ ਤੋਂ ਜਾਚ ਸਿੱਖ ਕੇ। ਗੁਰਮੁਖ ਕੀ ਜਾਚ ਦੱਸੇਗਾ? ਤ੍ਰੈ ਗੱਲਾਂ (੧) ਨਿਰਮਲ ਕਰਮ ਕਰ (੨) ਕਰਤਾਰ ਦੇ ਗੁਣ ਕਰਤਾਰ ਦੇ ਪ੍ਰੇਮ ਵਿਚ ਕਰਤਾਰ ਪ੍ਰਾਪਤੀ ਲਈ ਗਾਉਂ ਤੇ (੩) ਨਾਮ ਆਰਾਧਦਾ ਕਰਤਾਰ ਦੀ ਹਜ਼ੂਰੀ ਵਿਚ ਵੱਸ। ਸੋ ਗੁਰਮੁਖ ਦੇ ਸਤਿਸੰਗ ਵਿਚ ਰਹਿਣਾ ਪਰਮ ਲਾਹੇਵੰਦ ਹੈ ਜੋ ਸਮੇਂ-ਸਮੇਂ ਉੱਕਣ ਨਾ ਦੇਵੇਗਾ। ਦਾਰੂ ਤਾਂ ਗੁਣ ਗਾਉਣ ਵਿਚ ਹੈ ਪਰ ਗੁਣ ਗਾਇਨ ਦਿਲ ਅੰਦਰ 'ਮਾਇਆ' ਦੀ ਕੁੰਡੀ ਲਾ ਕੇ ਕੀਤਾ, ਆਪਣੀ ਕਲਿਆਣ ਨਹੀਂ ਕਰਦਾ।

ਕੁਛ ਪਲਾਂ ਚੁੱਪ ਰਹਿ ਕੇ ਸਾਧੂ ਜੀ ਫੇਰ ਬੋਲੇ, ਗੁਰੂ ਕੇ ਪ੍ਰੇਮੀਓ! ਇਹ ਜੋ ਸਤਿਗੁਰ ਦੀ ਵਾਰਤਾਲਾਪ ਦਾਸ ਨੇ ਸੁਣਾਈ ਹੈ, ਇਹ ਜੋ ਵਾਕ ਪ੍ਰਾਪਤ ਹੋਇਆ ਸੀ ਉਸੇ ਦੀ ਤੀਜੀ ਪਉੜੀ ਦੀ ਵਿਆਖਿਆ ਤੇ ਸਾਖੀ ਦੀ ਕਥਾ ਸੀ। ਉਹ ਪਉੜੀ ਮੈਂ ਫੇਰ ਪੜ੍ਹਦਾ ਹਾਂ ਜੋ ਆਪ ਜੀ ਦੇ ਹਿਰਦੇ ਵਿਚ ਲੰਘ ਜਾਵੇ -

***ਗੀਤ ਰਾਗ ਘਨ ਤਾਲ ਸਿ ਕੂਰੇ॥***
***ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ॥***
***ਦੂਜੀ ਦੁਰਮਤਿ ਦਰਦੁ ਨ ਜਾਇ॥***
***ਛੂਟੈ ਗੁਰਮੁਖਿ ਦਾਰੂ ਗੁਣ ਗਾਇ॥***

ਸਤਿਗੁਰ ਦੇ ਬਚਨ ਸੁਣ ਕੇ ਫੇਰ ਮੁਖੀਏ ਭਗਤ ਨੇ ਹੱਥ ਜੋੜ ਕੇ ਹੋਰ ਅਰਜ਼ ਕੀਤੀ -

ਇਕ ਖਾਸ ਤਰਕੀਬ ਨਾਲ ਧੋਤੀ ਪਹਿਨਦੇ ਹਨ, ਇਕ ਖਾਸ ਖਾਸ ਤਰ੍ਹਾਂ ਦੇ ਤਿਲਕ ਲਾਉਂਦੇ ਹਨ, ਇਕ ਖਾਸ ਖਾਸ ਤਿਥਾਂ ਪੁਰਬਾਂ ਤੇ ਨ੍ਹਾਉਂਦੇ ਸ਼ਾਸਤਰਾਂ ਦੀ ਘੋਖਨਾ ਕਰਦੇ ਪੰਡਤ ਬੀ ਹੈਨ। ਇਕ ਮਾਲਾ ਰੁਦ੍ਰਾਖ ਦੀ ਪਹਿਨਦੇ ਹਨ ਇਕ ਤੁਲਸੀ ਦੀ ਪਹਿਨਦੇ ਵੈਸ਼ਨਵ ਅਖਵਾਉਂਦੇ ਹਨ। ਇਸ ਤਰ੍ਹਾਂ ਜੈਨੀ, ਬੋਧੀ, ਅਨੇਕ ਮਤ ਤੇ ਸੰਪਰਦਾਵਾਂ ਹਨ, ਦੱਸੋ ਜੀਓ! ਗਤੀ ਕਿਸਦੀ ਹੋਵੇਗੀ?

ਸ੍ਰੀ ਗੁਰੂ ਜੀ ਮੁਸਕਰਾਏ ਤੇ ਬੋਲੇ, ਭਾਈ! ਜਿਤਨੇ ਵਖੇਵੇਂ ਹਨ ਇਹ ਮਾਇਆ ਪਈ ਹੋਈ ਦੀ ਮਾਨੋ ਨਿਸ਼ਾਨੀ ਹਨ। ਅਸਲੀਅਤ ਵੱਖੋ ਵੱਖ ਨਹੀਂ, ਉਹ ਇਕੋ ਹੈ, ਜਿਸ ਨੇ ਉਸਨੂੰ ਫੜਿਆ ਹੈ ਉਹੋ ਪਾਰਗਿਰਾਮੀ ਹੁੰਦਾ ਹੈ। ਜਿਸ ਦੇ ਅੰਦਰ ਕ੍ਰੋਧ ਆਦਿ ਪੰਜੇ ਮਹਾਂਬਲੀ ਪ੍ਰਬਲ ਹਨ, ਉਹ ਮਾਇਆ ਵਿਚ ਹੈ। ਉਸਨੂੰ ਮਾਨੋ ਮਾਇਆ ਦਾ ਇਕ ਨਸ਼ਾ ਚੜ੍ਹ ਰਿਹਾ ਹੈ। ਜਦ ਤਰ੍ਹਾਂ ਤਰ੍ਹਾਂ ਨਾਲ ਮੋਹ ਲੈਣ ਵਾਲੀ ਮਾਇਆ ਆਪਣਾ ਮਦ ਚਾੜ੍ਹ ਰਹੀ ਹੋਵੇ ਤਾਂ ਉਹ ਸਾਰੇ ਮਤ ਮਤਾਤਰਾਂ ਤੇ ਸੰਪਰਦਾਵਿਆਂ ਵਾਲੇ ਸਮਝ ਲਓ ਕਿ ਇਕ ਨਟਸ਼ਾਲਾ ਵਿਚ ਨਟ ਵਿਦਿਆ ਪੜ੍ਹ ਰਹੇ ਹਨ। ਜਿਨ੍ਹਾਂ ਦੇ ਅੰਦਰ ਨਾਮ ਹੈ, ਉਨ੍ਹਾਂ ਦੇ ਅੰਦਰ ਅਸਲੀਅਤ ਆ ਗਈ ਹੈ। ਉਨ੍ਹਾਂ ਦਾ ਮਾਇਆ ਦਾ ਨਸ਼ਾ ਤਰੁੱਟ ਰਿਹਾ ਹੈ ਯਾ

ਤਰੁੱਟ ਗਿਆ ਹੈ। ਹਾਂ, ਜਿਨ੍ਹਾਂ ਨੇ ਗੁਰੂ ਨੂੰ ਮਿਲ ਕੇ ਕਰਤਾਰ ਦੀ ਭਗਤੀ ਧਾਰਨ ਕਰ ਲਈ ਹੈ ਉਹ ਆਤਮ ਸੁਖ ਵਿਚ ਆਏ ਹਨ। ਇਸ ਤੋਂ ਬਿਨਾਂ ਜੋ ਅੰਤਰ ਮਾਇਆ ਰੱਖ ਕੇ ਭੇਖ ਧਾਰ ਰਹੇ ਤੇ ਸੰਪਰਦਾਈ ਵਖੇਵੇਂ ਸਿੱਖ ਰਹੇ ਤੇ ਜਗਤ ਨੂੰ ਤਿਆਗੀ ਵਿਰਾਗੀ, ਸਾਧੂ, ਪੂਜ, ਸਿੱਧ, ਮੁਨੀ ਬਣ ਬਣ ਕੇ ਦਿਖਾ ਰਹੇ ਹਨ ਉਹ ਨਟ ਵਾਂਗੂੰ ਨਾਟਕ ਵਿਦਿਆ ਸਿੱਖ ਰਹੇ ਤੇ ਨਾਟ ਕਰ ਰਹੇ ਹਨ ਤੇ ਨਟ ਵਾਂਗੂੰ ਮਾਇਆ ਪ੍ਰਾਪਤੀ ਦੇ ਨਸ਼ੇ ਵਿਚ ਗੁੱਟ ਹਨ, ਪਰਮਪਦ ਦੇ ਉਹ ਜਾਣੂ ਨਹੀਂ ਹਨ। ਪਰ ਇਨ੍ਹਾਂ ਲਈ ਬੀ ਕਰਤਾਰ ਦੇ ਘਰ ਦੇ ਦਰਵਾਜ਼ੇ ਬੰਦ ਨਹੀਂ ਹਨ। ਇਹ ਭੀ ਮਾਇਆ ਤੋਂ ਛੁੱਟ ਕੇ ਮੁਕਤ ਹੋ ਸਕਦੇ ਹਨ। ਇਨ੍ਹਾਂ ਦਾ ਦਾਰੂ ਭੀ ਉਹ ਹਰੀ ਦਾ ਗੁਨ ਗਾਇਨ ਹੈ, ਪਰ ਜੇ ਗੁਰਮੁਖ ਦੀ ਆਗਿਆ ਵਿਚ ਗੁਰਮਤਿ ਅਨੁਸਾਰ ਕੀਰਤਨ ਕਰਨ। ਉਹ ਗੁਰਮਤਿ ਇਹ ਹੈ ਕਿ ਮਾਯਾ ਦੀ ਵਾਸ਼ਨਾ ਛੱਡ ਕੇ ਹਰੀ ਕੀਰਤਨ ਕਰਨ ਤੇ ਆਪਣੇ ਸਿਰਜਨਹਾਰ ਵਲ ਧਿਆਨ ਕਰਕੇ ਉਸਨੂੰ ਸੁਨਾਉਣ।

ਸਾਧਸੰਗਤ ਜੀ! ਇਹ ਗੁਰੂ ਜੀ ਦੀ ਵਾਰਤਾਲਾਪ ਜੋ ਮੈਂ ਖੁਹਲ ਕੇ ਸੁਣਾਈ ਹੈ ਸ੍ਰੀ ਸਤਿਗੁਰੂ ਜੀ ਨੇ ਐਉਂ ਉਸ ਸ਼ਬਦ ਵਿਚ ਹੁੰਦੀ ਹੈ, ਜੋ ਮੈਂ ਹੁਣੇ ਆਪ ਨੂੰ ਸੁਣਾਇਆ ਹੈ। ਇਹ ਉਸ ਸ਼ਬਦ ਦੀ ਚੌਥੀ ਪਉੜੀ ਹੈ, ਲਓ ਕੰਨ ਪਵਿੱਤਰ ਕਰੋ, ਫੇਰ ਸੁਣੋ –

***ਧੋਤੀ ਊਜਲ ਤਿਲਕੁ ਗਲਿ ਮਾਲਾ॥***
***ਅੰਤਰਿ ਕ੍ਰੋਧੁ ਪੜਹਿ ਨਟਸਾਲਾ॥***
***ਨਾਮੁ ਵਿਸਾਰਿ ਮਾਇਆ ਮਦੁ ਪੀਆ॥***
***ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ॥***

ਸਤਿਨਾਮ ਸ੍ਰੀ ਵਾਹਿਗੁਰੂ ਉਚਾਰੋ ਗੁਰੂ ਕੇ ਪਿਆਰਿਓ!

ਹੁਣ ਭਗਤਾਂ ਦੇ ਆਗੂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਹੱਥ ਬੰਨ੍ਹ ਕੇ ਹੋਰ ਪ੍ਰਸ਼ਨ ਕੀਤਾ –

ਜੀਓ ਜੀ! ਦੇਖਣ ਵਿਚ ਆਇਆ ਹੈ ਕਿ ਇਕ ਮਹਾਂਪੁਰਖ ਠਾਕੁਰ ਜੀ ਦਾ ਪਿਆਰਾ ਹੈ, ਉਸਦਾ ਸਤਿਸੰਗ ਕਰਕੇ ਕੋਈ ਜਗਿਆਸੂ ਉਸਨੂੰ ਸ਼ਿਸ਼ ਹੋ ਕੇ ਮਿਲਦਾ ਹੈ ਤੇ ਦੀਖ਼ਯਾ ਲੈ ਕੇ ਗੁਰੂ ਬਣਾ ਲੈਂਦਾ ਹੈ। ਜਦ ਕੁਛ ਅਭਿਆਸ ਨਾਲ ਰੰਚਕ ਸਿੱਧੀ ਆ ਜਾਂਦੀ ਹੈ ਤਾਂ ਆਪੂੰ ਕੁਛ ਬਣ ਬਹਿੰਦਾ ਹੈ ਤੇ ਗੁਰੂ ਦਾ ਕਿਹਾ ਬੀ ਨਹੀਂ ਮੰਨਦਾ, ਸਗੋਂ ਮੂੰਹ ਹੀ ਫੇਰ ਲੈਂਦਾ ਹੈ ਤੇ ਜਗਤ ਵਿਚ ਉਸ ਦੀ ਚਲ ਵੀ ਜਾਂਦੀ ਹੈ। ਚੇਲੇ ਬਾਲੇ, ਧਨ ਪਦਾਰਥ ਬੀ ਦੇਖੀਦੇ ਹਨ ਕਿ ਦੁਆਲੇ ਆ ਜਾਂਦੇ ਹੈਨ। ਸੁਆਮੀ ਜੀ! ਉਹ ਲੋਕ ਕਿਉਂ ਵਧਦੇ ਫੁਲਦੇ ਹਨ, ਉਹ ਤਾਂ ਪਤਿਤ ਹੋਏ!

ਸ੍ਰੀ ਗੁਰੂ ਜੀ ਬੋਲੇ – ਭਾਈ ਦੁਨੀਆਂ ਵਿਚ ਜਿਵੇਂ ਮਾਇਆ ਪ੍ਰੇਮੀ ਈਸ਼ੂਰ ਤੋਂ ਬੇਮੁਖ ਲੋਕ ਅਮੀਰ ਹੋਏ ਦੇਖੀਦੇ ਹਨ, ਓਸੇ ਗੇਣਤੀ ਵਿਚ ਇਹ ਹੋ ਜਾਂਦੇ ਹਨ। ਗਾਯਕਾ ਤੇ ਬੋਲਕਾਂ ਨੂੰ ਜੇ ਮਾਇਆ ਬਹੁਤੀ ਆ ਰਹੀ ਹੈ, ਜੇ ਚੇਲੇ ਬਹੁਤੇ ਬਣ ਰਹੇ ਹਨ, ਜੇ ਨਾਮਣਾ ਚੰਗਾ ਹੋ ਰਿਹਾ ਹੈ ਤਾਂ ਨਿਰਾ ਇਹ ਗੱਲ ਕੋਈ ਪੱਕੀ ਨਿਸ਼ਾਨੀ ਸਦਗਤੀ ਦੀ ਨਹੀਂ। ਉਨ੍ਹਾਂ ਦੇ ਇਸ ਐਸ਼੍ਵਰਜ ਵਲ ਨਾ ਤੱਕੋ, ਇਹ ਤਾਂ ਮਾਯਕ ਵੱਡਿਤ ਹੈ, ਉਨ੍ਹਾਂ ਦਾ ਅੰਤ ਤੱਕੋ। ਹਾਂ ਜੀ, ਉਨ੍ਹਾਂ ਦੀ ਤੁਸੀਂ ਅੰਤ੍ਰੀਵਗਤੀ ਤੇ ਅੰਤ ਤੱਕੋ। ਅੰਤ੍ਰੀਵ ਗਤੀ ਕੀਹ ਹੋ ਰਹੀ ਹੈ ਕਿ ਉਹ ਚੇਲਿਆਂ ਦੇ ਲਿਹਾਜ਼ ਕਰਦੇ ਮਾਇਆ ਪਿੱਛੇ ਗੁੱਝੀਆਂ ਖਾਤਰਾ ਕਰਦੇ, ਉਨ੍ਹਾਂ ਦੇ ਮਾਨੋਂ ਭਾਰ ਢੋਂਦੇ ਖੋਤੇ ਸਮਾਨ ਹਨ। ਵਿਰੋਧੀ ਲੋਕਾਂ ਤੇ ਹੋਰ ਹੋਰ ਮਤਾਂ ਵਾਲਿਆਂ ਨਾਲ ਝਗੜਦੇ, ਬਹਿਸਾਂ ਕਰਦੇ, ਉਹ ਕੂਕਰਾਂ ਸਮਾਨ ਲੈਂਦੇ ਹਨ। ਪਾਪੀ ਪੁਰਸ਼ਾਂ ਦੇ ਅੰਨ ਖਾਂਦੇ ਆਪਣੀ ਥੋੜ੍ਹੀ ਬਹੁਤ ਕੀਤੀ ਘਾਲ ਵੰਞਾਉਂਦੇ, ਉਨ੍ਹਾਂ ਦੇ ਗੰਦੇ ਪ੍ਰਭਾਵ ਲੈ ਲੈ ਕੇ ਸੂਰ ਦੀ ਨਯਾਈਂ ਮਲ ਭੱਖੀ ਹੋ ਜਾਂਦੇ ਹਨ। ਜੇ ਕਹੋ ਉਹ ਚੌਂਕੜੇ ਮਾਰ ਕੇ ਬੈਠਦੇ ਹਨ, ਬਿਨ ਹਿਲੇ ਬੈਠੇ ਸਮਾਧੀਆਂ ਵਿਚ ਲਗਦੇ ਹਨ, ਬਿਨ ਨ੍ਹਾਤੇ ਧੋਤੇ ਉਜਲੇ ਲਗਦੇ ਹਨ, ਇਨ੍ਹਾਂ ਦੀ ਇਹ ਬੈਠਕ ਕੁਛ ਸਾਰਦੀ ਹੈ ਕਿ ਨਹੀਂ? ਇਸਦਾ ਵਿਚਾਰ ਇਹ ਹੈ ਕਿ ਗੁਰੂ ਬੇਮੁਖ ਹੋ ਕੇ ਉਹ ਕਰਤਾਰ ਪ੍ਰੇਮੀ ਨਾ ਰਹੇ। ਨਿਰੰਜਨ ਪ੍ਰਭੂ ਦੀ ਮਾਯਾ ਉਨ੍ਹਾਂ ਦੇ ਅੰਦਰ ਪ੍ਰਧਾਨ ਹੋ ਜਾਂਦੀ ਹੈ। ਤਦ ਜੋ ਸਮਾਧੀ ਲਾਈ ਨੇ ਉਹ ਬਿੱਲੇ ਵਤ ਨੇ, ਜੋ ਚੂਹੇ ਦੀ ਖੁੱਡ ਦੇ ਲਾਗੇ ਹੱਥ ਪੈਰ ਖਾਸ ਤਰ੍ਹਾਂ ਸੰਕੋਚ ਕੇ ਅਹਿੱਲ ਬੈਠਦਾ ਹੈ, ਅੱਖਾਂ ਮੀਟ ਲੈਂਦਾ ਹੈ, ਜੇ ਦਿੱਸ ਪਵੇ ਚੂਹਾ ਖੁੱਡ ਵਿਚੋਂ ਸਿਰੀ ਬਾਹਰ ਕੱਢਦਾ, ਤਾਂ ਬਿਜਲੀ ਦੀ ਫੁਰਤੀ ਨਾਲ ਝਪਟਦਾ ਤੇ ਉਸਨੂੰ ਗਿੱਚੀ ਤੋਂ ਨਪੜਕੇ ਖਿੱਚ ਲੈਂਦਾ ਹੈ। ਸੋ ਭਾਈ! ਉਨ੍ਹਾਂ ਦੀ ਬੈਠਕਾਂ ਸਮਾਧੀਆਂ ਨਹੀਂ ਹੁੰਦੀਆਂ। ਇਸ ਕਰਕੇ ਉਨ੍ਹਾਂ ਨੂੰ 'ਮੰਜਾਰ' ਅਰਥਾਤ 'ਬਿੱਲੇ' ਦੀ ਸਮਾਧੀ ਕਹੀਦਾ ਹੈ। ਮਾਇਆ ਚੂਹੇ ਦੇ ਨਪੜਨੇ ਲਈ 'ਬਿਲਾੜ ਬੈਠ ਕੇ ਹੁੰਦੀ ਹੈ। ਇਹ ਤਾਂ ਹੈ ਉਨ੍ਹਾਂ ਦੀ ਹੁਣ ਵਾਲੀ ਅੰਤ੍ਰੀਵ ਹਾਲਤ। ਸਰੀਰ ਛੋੜ ਕੇ ਵਾਸ਼ਨਾ ਅਨੁਸਾਰ ਵਾਸ਼ਨਾ ਰੱਸੀ ਨਾਲ ਬੱਧਿਆਂ ਉਨ੍ਹਾਂ ਦੀ ਭੁਆਟੀ ਜੂਨਾਂ ਵਿਚ ਹੋਵੇਗੀ। ਜੈਸੀ ਜੈਸੀ ਬ੍ਰਿਤੀ ਮਾਯਕ ਵਾਸ਼ਨਾ ਨਾਲ ਹੋ ਗਈ ਹੁੰਦੀ ਹੈ ਵੈਸੀ ਵੈਸੀ ਜੂਨ ਦੇ ਸਰੀਰ ਵਿਚ ਰੁਚੀ ਅਨੁਸਾਰ ਜਾ ਪਹੁੰਚਣਗੇ। ਮਰ ਕੇ ਓਹ ਸੂਕਰ, ਸੁਆਨ, ਗਰਧਭ, ਮੰਜਾਰ ਜੂਨ ਦਾ ਸੁਆਦ ਚੱਖਣਗੇ। ਜੇ ਉਹ ਮਾਨੁਖ ਸਰੀਰ ਵਿਚ ਆਉਣਗੇ ਤਾਂ ਉਤਮ ਜਨਮ ਨਹੀਂ ਹੋਵੇਗਾ। ਉਨ੍ਹਾਂ ਦਾ ਜਨਮ ਮਲੇਛਾਂ ਚੰਡਾਲਾਂ ਆਦਿ ਨੀਚ ਕਰਮਾਂ ਵਾਲਿਆਂ ਦੇ ਘਰ ਹੋਵੇਗਾ। ਕਿਉਂਕਿ ਉਹ ਮਰ ਕੇ ਸੁਤੰਤਰ ਨਹੀਂ ਹੋਏ। ਆਪਣੀਆਂ ਕੀਤੀਆਂ ਕਰਤੂਤਾਂ ਦੇ ਸੰਸਕਾਰਾਂ ਤੇ ਲੋਚੀਆਂ ਵਾਸ਼ਨਾ ਤੇ ਬਣ ਗਈਆਂ ਰੁਚੀਆਂ ਅਨੁਸਾਰ ਅੰਦਰੋਂ ਪਰਾਈਆਂ ਮੈਲਾਂ ਚਾਉਂਦੇ ਨਾਮ ਵਿਹੂਣੇ ਨੀਚ ਹੋ ਚੁੱਕੇ ਹੁੰਦੇ ਹਨ।

ਸੰਤ ਜੀ ਇਥੇ ਆ ਕੇ ਚੁੱਪ ਹੋ ਗਏ। ਫੇਰ ਇਕ ਲੰਮਾ ਸਾਹ ਲੈ ਕੇ ਬੋਲੇ – ਸਾਧ ਸੰਗਤ ਜੀ! ਆਓ ਅਸੀਂ ਸਾਰੇ ਗੁਰੂ ਕੀ ਹਜ਼ੂਰੀ ਵਿਚ ਬੈਠੇ ਹੁਣ ਸਮਝ ਲਈਏ ਕਿ ਜੋ ਕੁਛ ਅਸੀਂ ਸੋਚ ਰਹੇ ਹਾਂ ਤੇ ਕਰ ਰਹੇ ਹਾਂ, ਏਹ ਵਾਸ਼ਨਾ ਅੰਦਰ ਸੰਸਕਾਰ ਬਣ ਕੇ ਬਹਿ ਜਾਂਦੀਆਂ ਹਨ। ਉਹੋ ਕੁਛ ਭੋਗਣ ਲਈ ਉਨ੍ਹਾਂ ਹੀ ਭੋਗ ਜਾਮਿਆਂ ਵਿਚ ਲੈ ਜਾਂਦੀਆਂ ਹਨ। ਅਸੀਂ ਆਪਣੀ ਅਗਲੀ ਹਾਲਤ ਜੋ ਮਰਕੇ ਹੋਣੀ ਹੈ ਤੇ ਫੇਰ ਜਨਮ ਮਿਲਨਾ ਹੈ ਉਹ ਹੁਣ ਆਪ ਬਣਾ ਰਹੇ ਹਾਂ। ਸੋ ਗੁਰੂ ਕਾ ਉਪਦੇਸ਼ ਸੁਣ ਕੇ ਹੁਣ ਵੇਲਾ ਹੈ ਹਰੀ ਨਾਮ ਨਾਲ ਉਤਮ ਵਾਸ਼ਾ ਵਾਲੇ ਹੋਣ ਦਾ ਤੇ ਫੇਰ ਨਿਰਵਾਸ ਹੋ ਜਾਣ ਦਾ।

ਹੁਣ ਸੰਤ ਜੀ ਚੁੱਪ ਹੋ ਗਏ। ਇਕ ਖੰਘੂਰਾ ਲੈ ਕੇ ਤੇ ਸਤਿਨਾਮ ਸ੍ਰੀ ਵਾਹਿਗੁਰੂ ਜੀ ਆਖ ਕੇ ਫੇਰ ਬੋਲੇ – ਗੁਰੂ ਪ੍ਰੇਮੀਓ! ਉਪਰਲੀ ਵਾਰਤਾਲਾਪ, ਜੋ ਦਾਸ ਨੇ ਵਿਸਥਾਰ ਨਾਲ ਸੁਣਾਈ ਹੈ, ਸ੍ਰੀ ਗੁਰੂ ਜੀ ਨੇ ਐਉਂ ਆਪ ਉਸੇ ਸ਼ਬਦ ਵਿਚ ਲਿਖੀ ਹੈ, ਜਿਸ ਪਉੜੀ ਦਾ ਪਾਠ ਮੈਂ ਫੇਰ ਦੂਹਰੀ ਵੇਰ ਆਪ ਨੂੰ ਸੁਣਾਉਂਦਾ ਹਾਂ –

***ਸੂਕਰ ਸੁਆਨ ਗਰਧਭ ਮੰਜਾਰਾ॥***
***ਪਸੂ ਮਲੇਛ ਨੀਚ ਚੰਡਾਲਾ॥***
***ਗੁਰ ਤੇ ਮੁਹੁ ਫੇਰੇ ਤਿਨ੍ਹ ਜੋਨਿ ਭਵਾਈਐ॥***
***ਬੰਧਨ ਬਾਧਿਆ ਆਈਐ ਜਾਈਐ॥***

ਇਹ ਉਪਦੇਸ ਸੁਣ ਕੇ ਭਗਤੀ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ, ਹੇ ਗੁਰੋ! ਜੋ ਪੁਰਖ ਸਤਿਗੁਰੂ ਨੂੰ ਮਿਲ ਕੇ ਸਤਜ ਉਪਦੇਸ਼ ਲੈ ਕੇ ਨਾਮ ਨੂੰ ਧਾਰਨ ਕਰ ਲੈਂਦੇ ਹਨ ਤੇ ਸੱਚੇ ਦਿਲ ਨਾਲ ਸਿਮਰਨ ਕਰਦੇ ਤੇ ਗੁਰੂ ਦੇ ਉਪਦੇਸ਼ ਵਿਚ ਲਗ ਨਿਰਮਲ ਕਰਮ ਕਰਨ ਵਿਚ ਯਤਨ ਕਰਦੇ ਹਨ, ਉਨ੍ਹਾਂ ਦਾ ਅੰਤ ਕੀਹ ਹੁੰਦਾ ਹੈ? ਤਾਂ ਗੁਰੂ ਜੀ ਬੋਲੇ, ਭਗਤ ਜਨੋ! ਇਹ ਤਾਂ ਸਿੱਧੀ ਗੱਲ ਹੈ। ਗੁਰੂ ਨੂੰ ਕੋਈ ਭੁੱਖ ਚੇਲੇ ਬਨਾਉਣ ਦੀ ਤੇ ਆਪ ਕੁਛ ਬਣਨ ਦੀ ਨਹੀਂ, ਉਹ ਤਾਂ ਤ੍ਰਿਲੋਕ ਦੀ ਮਾਯਾ ਤੋਂ ਉਦਾਸ ਹੈ ਤੇ ਵਾਹਿਗੁਰੂ ਪ੍ਰੇਮ ਵਿਚ ਮਾਲਾ ਮਾਲ ਹੈ। ਗੁਰੂ ਨੇ ਤਾਂ 'ਦੇਣ' ਦਾ ਸਬਕ ਪੜ੍ਹਿਆ ਹੁੰਦਾ ਹੈ। ਉਹ ਹਰ ਆਏ ਸੁਆਲੀ ਨੂੰ ਦਿੰਦੇ ਹਨ, ਅਰ ਸਭ ਤੋਂ ਉਤਮ ਪਦਾਰਥ ਨਾਮ ਦਿੰਦੇ ਹਨ। ਰਤਨ ਪਦਾਰਥ ਹੈ ਨਾ। ਏਹ ਦੇ ਦਾਤੇ ਹਨ। ਦਾਤਾ ਹੀ ਦੁੱਖ ਕੱਟ ਸਕਦਾ ਹੈ। ਜਿਸਦੀ ਸੁਰਤ ਵਿਚ ਮਾਇਆ ਦੀ, ਨਾਮਣੇ ਦੀ ਮੰਗ ਹੈ, ਉਹ ਆਪ ਮੰਗਤਾ ਹੈ, ਚਾਹੋ ਧਨ ਪਾਤ੍ਰ ਹੈ, ਸੁਰਤ ਜੁ ਯਾਚਨਾ ਵਿਚ ਹੋਈ।

ਸੋ ਭਾਈ! ਨਾਮ ਪਦਾਰਥ ਪਾ ਕੇ ਜੋ ਗੁਰੂ ਦੀ ਆਗਿਆ ਵਿਚ ਨਾਮ ਦੀ ਕਮਾਈ ਕਰਦਾ ਹੈ ਉਹ ਹਰਿ ਧਨ ਪਾ ਲੈਂਦਾ ਹੈ ਤੇ ਅੰਦਰੋਂ ਬਾਹਰੋਂ ਸੁਖੀ ਹੋ ਜਾਂਦਾ ਹੈ। ਉਸਦਾ ਇਹ ਜੀਉਣ ਉਸ ਨੂੰ ਸੁਆਦਲਾ ਹੋ ਜਾਂਦਾ ਹੈ। ਉਹ ਅੱਗੋਂ ਨੇਕੀ ਤੇ ਨਾਮ ਵੰਡਦਾ ਹੈ, ਉਸ ਥੋਂ ਜਗਤ ਸੁਖੀ ਹੁੰਦਾ ਹੈ ਕਿਉਂ ਜੋ ਉਹ ਹਰਿ ਧਨ ਦਾ ਧਨੀ ਹੋ ਗਿਆ ਹੈ। ਸਰੀਰ ਛੱਡਣ ਮਗਰੋਂ ਉਹ ਹਿਰਦੇ ਵਿਚ ਇਹ ਨਾਮ ਪਦਾਰਥ ਨਾਲ ਲੈ ਕੇ ਜਾਏਗਾ, ਕਿਉਂਕਿ 'ਨਾਮ' ਪ੍ਰਾਪਤ ਹੋ ਕੇ ਕਮਾਈ ਨਾਲ ਸਦੈਵੀ ਹੋ ਜਾਂਦਾ ਹੈ ਤੇ ਨਾਮੀ ਪੁਰਖ ਸਦਾ ਲਈ ਕ੍ਰਿਤਾਰਥ ਹੋ ਜਾਂਦਾ ਹੈ। ਐਉਂ ਉਹ ਨਾਮ ਨਾਲ ਦਰਗਾਹ ਵਿਚ 'ਸਣ ਨੀਸਾਣੈ' ਜਾਂਦਾ ਹੈ। ਜੋ ਸਣ ਨੀਸਾਣੇ ਜਾਂਦੇ ਹਨ ਉਨ੍ਹਾਂ ਨੂੰ ਦਰਗਾਹ ਵਿਚ ਕੋਈ ਰੋਕ ਨਹੀਂ ਹੁੰਦੀ। ਰੋਕ ਕਾਹਦੀ? ਉਨ੍ਹਾਂ ਨੂੰ ਪੁੱਛ ਹੀ ਕੋਈ ਨਹੀਂ ਹੁੰਦੀ। ਉਹ ਤਾਂ ਦਰਗਾਹ ਵਿਚ ਪੂਰਨ ਸਿਝਿਆ ਹੋਇਆ ਜਾਂਦਾ ਹੈ, ਹਾਂ, ਉਹ ਦਰਗਾਹ ਵਿਚ ਕਮਾਲ ਨੂੰ ਪਹੁੰਚਾ ਹੋਇਆ ਜਾਂਦਾ ਹੈ।

ਸੰਤ ਜੀ ਨੇ ਫੇਰ ਇਕ ਦੋ ਪਲਾਂ ਚੁੱਪ ਕਰਕੇ ਆਖਿਆ – ਸਤਿਨਾਮ ਸ੍ਰੀ ਵਾਹਿਗੁਰੂ! ਜੀਓ ਸਾਧਸੰਗਤ ਜੀ! ਇਹ ਜੋ ਵਾਰਤਾਲਾਪ ਮੈਂ ਸੁਣਾਈ ਹੈ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਛੇਵੀਂ ਪਉੜੀ ਵਿਚ ਗੁੰਦ ਕੇ ਲਿਖੀ ਹੈ, ਉਸੇ ਸ਼ਬਦ ਵਿਚ ਜੋ ਅੱਜ ਵਾਕ ਵਿਚ ਆਇਆ ਹੈ, ਉਹ ਪਉੜੀ ਫੇਰ ਸੁਣ ਲਓ –

***ਗੁਰ ਸੇਵਾ ਤੇ ਲਹੈ ਪਦਾਰਥੁ॥***
***ਹਿਰਦੈ ਨਾਮ ਸਦਾ ਕਿਰਤਾਰਥੁ॥***
***ਸਾਚੀ ਦਰਗਹ ਪੂਛ ਨ ਹੋਇ॥***
***ਮਾਨੈ ਹੁਕਮੁ ਸੀਝੈ ਦਰਿ ਸੋਇ॥***

ਸਤਿਗੁਰ ਜੀ ਦਾ ਇਹ ਵਾਕ ਸੁਣ ਕੇ ਫੇਰ ਭਗਤ ਜੀ ਨੇ ਪੁੱਛਣਾ ਕੀਤੀ ਕਿ ਹੇ ਨਿਰੰਕਾਰ ਦੇ ਰੂਪ! ਇਹ ਕਿਰਤਾਰਥ ਅਵਸਥਾ, ਜਿਸ ਨਾਲ ਦਰਗਾਹ ਵਿਚ ਪੁੱਛ ਨਹੀਂ ਹੁੰਦੀ, ਕਿਵੇਂ ਪ੍ਰਾਪਤ ਹੁੰਦੀ ਹੈ ਤਾਂ ਸ੍ਰੀ ਗੁਰੂ ਜੀ ਦੇ ਮੁਖਾਰਬਿੰਦ ਨੇ ਰਤਨ ਵਰਖਾ ਫੇਰ ਕੀਤੀ – ਹੇ ਭਗਤ ਜਨੋ! ਉਹ ਕਿਰਤਾਰਥ ਅਵਸਥਾ ਨਿਰੰਜਨ ਕਰਤਾ ਪੁਰਖ ਨੂੰ ਪਛਾਣਨ ਨਾਲ ਪ੍ਰਾਪਤ ਹੁੰਦੀ ਹੈ। ਇਹ ਦੱਸ ਚੁੱਕੇ ਹਾਂ ਕਿ ਉਸਦੀ ਪਛਾਣ ਨਾਮ ਨਾਲ ਹੁੰਦੀ ਹੈ ਤੇ ਨਾਮ ਸਤਿਗੁਰ ਮਿਲੇ ਤੇ ਮਿਲਦਾ ਹੈ। ਸੋ ਜਦ ਨਾਮ ਪ੍ਰਾਪਤ ਹੋ ਜਾਏ ਤਾਂ ਉਸਦੀ ਘਾਲ ਕਰੇ। ਫਿਰ ਮਨ ਉਜਲ ਹੋਏਗਾ ਤੇ ਉਸ ਨਿਰੰਕਾਰ ਦੇ ਹੁਕਮ ਦੀ ਸੋਝੀ ਹੋ ਆਵੇਗੀ। ਐਸਾ ਪੁਰਖ ਬਾਕੀ ਜੀਵਨ ਫੇਰ ਹੁਕਮ ਪਛਾਣ ਕੇ ਹੁਕਮ ਵਿਚ ਟੁਰਦਿਆਂ ਬਿਤਾਵੇਗਾ ਤੇ ਸਦਾ ਕਰਤਾ ਪੁਰਖ ਦੀ ਰਜ਼ਾ ਵਿਚ ਟੁਰੇਗਾ। ਜਦ ਹੁਕਮ ਦੀ ਪਛਾਣ ਕਮਾਲ ਨੂੰ ਅੱਪੜਦੀ ਹੈ ਤਾਂ ਉਹਦਾ ਵਾਸਾ ਸੱਚੀ ਦਰਗਾਹ ਵਿਚ ਹੋ ਜਾਂਦਾ ਹੈ, ਨਾ ਕੇਵਲ ਮਰ ਕੇ, ਉਹ ਜੀਉਂਦੇ ਜੀ ਹੀ ਉਥੋਂ ਦਾ ਵਾਸੀ ਹੋ ਜਾਂਦਾ ਹੈ, ਕਿਉਂਕਿ ਉਸ ਦਾ ਕਾਲ ਅਰਥਾਤ ਮੌਤ ਦੇ ਬਿਕਾਲ ਅਰਥਾਤ ਜਨਮ ਦੋਏ ਨਾਸ਼ ਹੋ ਚੁੱਕੇ ਹੁੰਦੇ ਹਨ, ਸ਼ਬਦ ਦੀ ਕਮਾਈ ਕਰਕੇ। ਸ਼ਬਦ ਨਾਲ ਜਨਮ ਮਰਨ ਦੀ

ਪਾਹੀ ਤੁੱਟ ਜਾਂਦੀ ਹੈ। ਗੁਰੂ ਕੇ ਪਿਆਰਿਓ! ਇਹ ਵਾਰਤਾਲਾਪ ਸ੍ਰੀ ਗੁਰੂ ਜੀ ਨੇ ਅੱਜ ਵਾਲੇ ਸ਼ਬਦ ਵਿਚ ਐਉਂ ਗੁੰਥਨ ਕੀਤੀ ਹੈ -

***ਸਤਿਗੁਰੁ ਮਿਲੈ ਤ ਤਿਸ ਕਉ ਜਾਣੈ॥***
***ਰਹੈ ਰਜਾਈ ਹੁਕਮੁ ਪਛਾਣੈ॥***
***ਹੁਕਮੁ ਪਛਾਣਿ ਸਚੈ ਦਰਿ ਵਾਸੁ॥***
***ਕਾਲ ਬਿਕਾਲ ਸਬਦਿ ਭਏ ਨਾਸੁ॥***

ਹੁਣ ਭਗਤ ਜੀ ਨੇ ਸੀਸ ਨਿਵਾਇਆ ਤੇ ਫੇਰ ਹੱਥ ਜੋੜ ਕੇ ਅਰਜ਼ੋਈ ਕੀਤੀ - ਅਸੀਂ ਪਿਛੇ ਭੇਖਾਂ ਦੇ, ਸੰਪਰਦਾਵਾਂ ਤਿਆਗੀਆਂ ਦੇ ਕਥਨ ਕਰਕੇ ਪੁਛਨਾ ਕੀਤੀ ਸੀ, ਸਾਡੀ ਸਮਝੇ ਪਿਆ ਹੈ ਕਿ ਆਪ ਨੇ ਬਚਨ ਰਲਵੇਂ ਦੋਹਾਂ ਲਈ ਕੀਤੇ ਹਨ ਕਿ ਚਾਹੋ ਗ੍ਰਿਹਸਤੀ ਹੈ, ਚਾਹੇ ਤਿਆਗੀ ਹੈ, ਨਾਮ ਨੇ ਕ੍ਰਿਤਾਰਥ ਅਵਸਥਾ ਦੇਣੀ ਹੈ। ਪਰ ਫੇਰ ਦੁਬਾਰਾ ਪੁੱਛਣ ਨੂੰ ਜੀ ਕਰਦਾ ਹੈ ਕਿ ਕੀ ਇਹ ਉਪਦੇਸ਼ ਗ੍ਰਿਹਸਤੀ ਲਈ ਬੀ ਸੀ? ਤਾਂ ਸ੍ਰੀ ਗੁਰੂ ਜੀ ਬੋਲੇ - ਭਗਤ ਜਨੋ! ਇਹ ਉਪਦੇਸ਼ ਚਹੁੰ ਵਰਨਾਂ ਨੂੰ, ਅਵਰਨਾਂ ਨੂੰ ਹੈ, ਤੁਸਾਂ ਗ੍ਰਿਹਸਤੀ ਲਈ ਖਾਸ ਪੁਛਿਆ ਹੈ, ਸੋ ਇਹ ਹੈ ਉਤਰ - ਗ੍ਰਿਹਸਤੀ ਉਹ ਹੈ ਜੋ ਕਿਰਤ, ਵਪਾਰ, ਮਜੂਰੀ, ਖੇਤੀ, ਨੌਕਰੀ ਆਦਿ ਕਰਕੇ ਕਮਾਈ ਕਰਦਾ ਹੈ ਤੇ ਪਦਾਰਥ ਵਾਲਾ ਹੁੰਦਾ ਹੈ, ਚਾਹੇ ਥੋੜ੍ਹਾ ਚਾਹੇ ਬਹੁਤਾ। ਚਾਹੇ ਕੁਛ ਨਾ ਕਰੇ ਤੇ ਮਾਤਾ ਪਿਤਾ ਦਾ ਕੱਠਾ ਕੀਤਾ ਮਿਲ ਜਾਵੇ ਸੂ। ਹੁਣ ਜੇ ਉਹ ਕਲਿਆਨ ਚਾਹੁੰਦਾ ਹੈ ਤੇ ਕਿਰਤਾਰਥ ਅਵਸਥਾ ਦਾ ਲੋੜਕੂ ਹੈ ਤਾਂ ਚਾਹੀਦਾ ਹੈ ਕਿ ਇਸਦੀ ਜੁਗਤ ਇਹ ਹੈ - ਮਾਲ, ਧਨ, ਸੱਜਣ, ਸਾਕ, ਸਭ ਉਸ ਨਿਰੰਕਾਰ ਦੇ ਜਾਣੇ, ਐਥੋਂ ਤਾਂਈ ਕਿ ਤਨ ਮਨ ਜੀਉ ਪਿੰਡ ਸਭ ਉਸ ਦੀ ਦਾਤ ਜਾਣੇ। ਜਗਤ ਵਿਚ ਐਉਂ ਰਹੇ ਜਿਵੇਂ ਸਫਰ ਵਿਚ ਕਿਸੇ ਸਰਾਂ ਵਿਚ ਰਹੀਦਾ ਹੈ। ਸਰਾਂ ਵਿਚ ਆਪਣੇ ਸਾਰੇ ਸੁਖ ਲਈ ਪ੍ਰਬੰਧ ਕਰੀਦਾ ਹੈ, ਪਰ ਜਾਣੀਦਾ ਹੈ ਕਿ ਇਥੇ ਸਦਾ ਨਹੀਂ ਰਹਿਣਾ, ਜਿਥੇ ਪਹੁੰਚਣਾ ਹੈ ਤਾਂਘ ਉਥੋਂ ਦੀ ਹੁੰਦੀ ਹੈ। ਸਰਾਂ ਦੇ ਸੁਖ ਦੇ ਸਾਮਾਨ ਕਰਦਾ ਕਦੇ ਸਰਾਂ ਦੇ ਸੁਖਾਂ ਵਿਚ ਗਾਫਲ ਨਹੀਂ ਹੋ ਬਹਿੰਦਾ, ਵਤਨ ਦੀ ਤਾਂਘ ਲੱਗੀ ਰਹਿੰਦੀ ਹੈ। ਇਹ ਹੈ ਗ੍ਰਿਹਸਤ ਵਿਚ ਅਤੀਤ ਰਹਿਣੇ ਦਾ ਦ੍ਰਿਸ਼ਟਾਂਤ। ਗ੍ਰਿਹਸਤੀ ਸਾਰੇ ਪਦਾਰਥਾਂ ਤੇ ਪਿਆਰਿਆਂ ਵਿਚ ਬੈਠਾ ਇਹ ਸਮਝੇ ਕਿ ਇਹ ਸਭ ਕੁਝ ਮੇਰੇ ਪਰਮੇਸਰ ਦਾ ਹੈ ਤੇ ਮੈਂ ਬੀ ਪਰਮੇਸਰ ਦਾ ਹਾਂ ਤੇ ਮੇਰਾ ਓਹੋ ਪਰਮੇਸਰ ਹੈ ਹੋਰ ਕੋਈ ਨਹੀਂ। ਉਸ ਪਰਮੇਸਰ ਨਾਲ ਪਿਆਰ ਕਰਦਿਆਂ ਉਸ ਦੀ ਹਜ਼ੂਰੀ ਵਿਚ ਵਾਸਾ ਲੱਭ ਪੈਂਦਾ ਹੈ। ਜੀਉਂਦੇ ਜੀ ਉਸ ਤੋਂ ਵਿਛੁੜਦਾ ਨਹੀਂ, ਆਪੇ ਨਾਲ ਮਿਲਿਆ ਕਰਤਾਰ ਨੂੰ ਉਹ ਸਹੀ ਕਰਨ ਲੱਗ ਪੈਂਦਾ ਹੈ। ਇਉਂ ਜੀਉਂਦੇ ਜੀ ਕੰਮ ਕਾਜ ਕਰਦਾ ਉਸ ਵਿਚ ਸਮਾਇਆ ਰਹਿੰਦਾ ਹੈ, ਜਦ ਮਰਦਾ ਹੈ ਤਾਂ ਉਸ ਨੇ ਕਿੱਥੇ ਜਾਣਾ ਹੋਇਆ। ਉਹ ਤਾਂ ਸਦਾ ਸਮਾਇਆ ਰਹਿੰਦਾ ਮਰ ਕੇ ਬੀ ਸਮਾਇਆ ਹੀ ਹੁੰਦਾ ਹੈ। ਉਸਨੂੰ ਕਹਿਣਾ ਕਿ ਕਿਤੇ ਜਾਏਗਾ ਤੇ ਆਵੇਗਾ, ਬਣਦਾ ਨਹੀਂ। ਉਹ ਸਦਾ ਸਮਾ ਰਿਹਾ, ਜੀਉਂਦੇ ਮੋਏ, ਸਮਾਈ ਰੰਗ ਵਿਚ ਹੈ, ਵੱਖ ਹੁੰਦਾ ਹੀ ਨਹੀਂ। ਏਹ ਉਪਦੇਸ਼ ਗੁਰੂ ਜੀ ਨੇ ਅੱਠਵੇਂ ਅੰਕ ਵਿਚ ਐਉਂ ਉਚਾਰਿਆ ਹੈ, ਸੁਣੋ ਮੈਂ ਫੇਰ ਵਾਚਦਾ ਹਾਂ।

***ਰਹੈ ਅਤੀਤੁ ਜਾਣੈ ਸਭੁ ਤਿਸਕਾ॥***
***ਤਨੁ ਮਨੁ ਅਰਪੈ ਹੈ ਇਹ ਜਿਸਕਾ॥***
***ਨਾ ਓਹੁ ਆਵੈ ਨਾ ਓਹੁ ਜਾਇ॥***
***ਨਾਨਕ ਸਚੈ ਸਾਚਿ ਸਮਾਇ॥***

ਇਹ ਸੁਣ ਕੇ ਸਾਰੇ ਭਗਤ ਗੁਰੂ ਕੇ ਚਰਨੀ ਪੈ ਗਏ ਤੇ ਅਰਜੋਈ ਕੀਤੀ ਕਿ ਸਾਨੂੰ ਨਾਮ ਦਾਨ ਬਖਸ਼ੋ। ਤਦ ਗੁਰੂ ਜੀ ਨੇ ਉਨ੍ਹਾਂ ਤੇ ਮਿਹਰ ਕਰਕੇ ਨਾਮ ਬਖਸ਼ਿਆ। ਜਨਮ ਸਾਖੀ ਵਿਚ ਲਿਖਿਆ ਹੈ ਕਿ ਉਹ ਨਾਮ ਜਪਦੇ ਅੰਤ ਪਰਮਗਤੀ ਨੂੰ ਪ੍ਰਾਪਤ ਹੋਏ। ਇਹ ਕਹਿ ਕੇ ਸੰਤ ਜੀ ਨੇ ਕਥਾ ਦੇ ਭੋਗ ਤੇ ਅੰਤ ਵਾਕ ਏਹ ਆਖੇ -

ਖਾਲਸਾ ਜੀ, ਮਾਈ ਭਾਈ, ਸੰਤ ਗ੍ਰਿਹਸਤੀ ਸਜਣੋ! ਅੱਜ ਉਸ ਨੈਣਾਂ ਵਾਲੇ ਸਤਿਗੁਰੂ ਦਾ ਅਵਤਾਰ ਦਿਨ ਹੈ। ਅੱਜ ਤੁਸਾਂ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਰਿਆ ਉਪਦੇਸ ਸੁਣਿਆ ਹੈ। ਇਹੋ ਸਮਝੋ ਕਿ ਅੱਜ ਸੁਹਣੇ ਬਾਬਲ ਗੁਰੂ ਬਾਬਾ ਸਤਿਗੁਰ ਨਾਨਕ ਦੇਵ ਨੇ ਇਹ ਸ਼ਬਦ ਸਾਨੂੰ ਆਪ ਆ ਕੇ ਦਿਤਾ ਹੈ। ਇਸਨੂੰ ਧਾਰਨ ਕਰੋ। ਅੱਜ ਨਾਮ ਧਾਰਨ ਵਾਲੇ ਹੋ ਜਾਓ। ਅੰਮ੍ਰਿਤ ਛਕੋ ਤੇ ਨਾਮ ਬਾਣੀ ਦੀ ਦਾਤ ਸਤਿਗੁਰ ਤੋਂ ਪ੍ਰਾਪਤ ਕਰ ਲਓ। ਨਾਮ ਨੂੰ ਪ੍ਰਾਪਤ ਹੋ ਕੇ ਨਾਮ ਦੀ ਕੀਮਤ ਕੂਤ ਨੂੰ ਹੋਰ ਕੀਮਤੀ ਲਖ ਲਓ। ਇਸ ਬਿਨਾਂ 'ਕਿਰਤਾਰਥ' ਅਵਸਥਾ ਨਹੀਂ ਲੱਭਦੀ। ਇਸਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਣ ਸ਼ਰਣ ਬੈਠ ਕੇ ਰੋਜ਼ ਸੱਚੇ ਗੁਰੂ ਦਾ ਸਤਿਸੰਗ ਕਰੋ, ਰੋਜ਼ ਉਪਦੇਸ ਸੁਣੋ ਜੋ ਤੁਹਾਡੇ ਅੰਦਰ ਨਾਮ ਪ੍ਰਪੱਕ ਹੁੰਦਾ ਰਹੇ। ਗੁਰਮਤਿ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਹ ਚਾਨਣ ਦਾਤਾ ਹੈ -

***ਗੁਰਬਾਣੀ ਇਸੁ ਜਗ ਮਹਿ ਚਾਨਣੁ॥***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਤੁਸੀਂ ਦੈਵੀ ਚਾਨਣੇ ਥੋਂ ਵਾਂਝੇ ਹੋ ਜਾਓਗੇ। ਰੋਜ਼ ਪਾਠ ਕਰੋ, ਵੀਚਾਰੋ, ਕੀਰਤਨ ਸੁਣੋ, ਕਰੋ, ਆਪਣੇ ਦੁਆਲੇ ਜਿੰਨਾਂ ਹੋ ਸਕੇ ਰੂਹਾਨੀ ਵਾਯੂ ਮੰਡਲ ਬਣਾਓ। ਗ੍ਰਿਹਸਤ ਵਿਚ ਵਸਦੇ, ਵਾਹਿਗੁਰੂ ਨੂੰ ਲਖਦੇ, ਉਸਦੀ ਹਜ਼ੂਰੀ ਵਿਚ ਵੱਸਦੇ ਉਤਮ ਆਚਰਣ, ਨੇਕ ਜੀਵਨ, ਦਾਤਾ ਜੀਵਨ ਬਸਰ ਕਰੋ, ਇਹ ਹੈ ਜੇ ਗੁਰਪੁਰਬ ਮਨਾਉਣਾ ਤੇ ਮਨਾ ਕੇ ਕ੍ਰਿਤਾਰਥ ਹੋ ਜਾਣਾ। ਅੱਜ ਦੇ ਆਏ ਗੁਰਵਾਕ ਦੇ ਹਰ ਅੰਗ ਤੇ ਅਮਲ ਕਰੋ।

# ਯੋਗਾ ਉਪਰ ਲੈਕਚਰ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਮਨ ਦਾ ਵਿਸ਼ਲੇਸ਼ਨ

ਯੋਗ ਵਿਗਿਆਨ ਅਨੁਸਾਰ ਸੌਂ ਕੇ ਦਿਮਾਗ ਨੂੰ ਆਰਾਮ ਮਿਲਦਾ ਹੈ ਪਰ ਮਨ ਨੂੰ ਆਰਾਮ ਨਹੀਂ ਮਿਲਦਾ। (ਯੋਗੀ ਜਿਸ ਨੇ ਮਨ ਤੇ ਕਾਬੂ ਪਾ ਲਿਆ ਹੋਵੇ ਉਹ ਮੈਡੀਟੇਸ਼ਨ ਕਰਕੇ ਆਰਾਮ ਕਰਦਾ ਹੈ) ਮਨ ਦੁਆਰਾ ਹੀ ਬ੍ਰਹਮਾ, ਵਿਸ਼ਵ ਆਤਮਾ ਪ੍ਰਗਟ ਹੁੰਦੇ ਹਨ। ਸਮਾਧੀ ਜੋ ਕਿ ਰਾਜ ਯੋਗ ਅਨੁਸਾਰ ਅਨੰਦ ਦੀ ਅੰਤਮ ਅਵਸਥਾ ਹੈ ਉਸ ਵਿਚ ਮਨ ਆਪਣੇ ਵਾਸਤਵ ਰੂਪ ਵਿਚ ਚਲਾ ਜਾਂਦਾ ਹੈ ਜਿਥੇ ਪ੍ਰਮਾਤਮਾ ਦਾ ਵਾਸਾ ਹੈ।

ਮਨ ਦਾ ਮੁੱਢ ਆਤਮ ਸ਼ਕਤੀ ਹੈ (ਆਤਮ ਸਮਰਥਾ) ਮਨ ਦੀ ਥਾਂ ਮਨ ਦੀ ਜਗ੍ਹਾ 'ਬ੍ਰਹਮ ਰੰਦਰਾ' ਹੈ ਜਿਸ ਨੂੰ ਦਿਮਾਗ ਦੀ ਥੋੜ੍ਹ ਕਿਹਾ ਗਿਆ ਹੈ। ਸੰਸਕ੍ਰਿਤ ਵਿਚ ਬ੍ਰਹਿਮੰਡ ਮਨ ਨੂੰ 'ਹਿਰਨ ਗਰਭ' ਕਹਿੰਦੇ ਹਨ ਭਾਵ ਇਹ ਸੋਨੇ ਦਾ ਆਂਡਾ ਜਿਹੜਾ ਯੋਗ ਦਾ ਪਹਿਲਾ ਗੁਰੂ ਮੰਨਿਆ ਜਾਂਦਾ ਹੈ। 'ਕਾਰੀਆ ਬ੍ਰਹਮਾ' ਤੇ 'ਸੰਮਭੂਤੀ' ਇਹ ਸਾਰੇ ਸ਼ਬਦ ਬ੍ਰਹਿਮੰਡ ਮਨ ਲਈ ਹੀ ਵਰਤੇ ਗਏ ਹਨ। ਗੀਤਾ ਅਨੁਸਾਰ ਮਨ 'ਅਸ਼ਟਪ੍ਰਾਕ੍ਰਿਤੀਆਂ' ਵਿਚੋਂ ਇਕ ਹੈ ਅਸ਼ਟਪ੍ਰਕ੍ਰਿਤੀਆਂ ਹਨ - ਧਰਤੀ, ਪਾਣੀ, ਅੱਗ, ਹਵਾ, ਪੁਲਾੜ, ਮਨ ਦਾ ਹੇਠਲਾ ਹਿੱਸਾ, ਬੁੱਧੀ ਤੇ ਅਹੰਕਾਰ। ਰਾਜ ਯੋਗ ਤੇ ਰਾਜ ਯੋਗ ਦੀ ਫਿਲੌਸਫੀ ਜਿਹੜੀ ਕਿ ਸਾਂਖਿਆਨ ਫਿਲੌਸਫੀ ਹੈ ਉਸ ਵਿਚ 'ਮਾਹਾਤ' ਤੋਂ ਭਾਵ ਹੈ ਬ੍ਰਹਿਮੰਡ ਵਿਸ਼ਵ ਮਨ ਅਪ੍ਰੱਖ ਦਾ ਪਹਿਲਾ ਪ੍ਰੱਖ ਨਿਯਮ ਹੈ, ਬ੍ਰਹਮਾ ਜਿਵੇਂ ਪਹੀਏ ਦਾ ਥੰਮ ਸਪੋਕਸ ਹਨ, ਸਪੋਕਸ ਐਕਸਲ ਤੇ ਟਿਕੇ ਹੋਏ ਹਨ, ਬਿਲਕੁਲ ਇਸ ਪ੍ਰਕਾਰ ਹੀ ਸਾਡਾ ਮਨ ਬ੍ਰਹਿਮੰਡ ਮਨ ਤੇ ਟਿਕਿਆ ਹੋਇਆ ਹੈ, ਬ੍ਰਹਿਮੰਡ ਮਨ ਬ੍ਰਹਮਾ ਤੇ ਟਿਕਿਆ ਹੋਇਆ ਹੈ। ਜੇ ਅਸੀਂ ਬ੍ਰਹਿਮੰਡ ਮਨ ਵਿਅਕਤੀਗਤ ਮਨ ਦੀ ਸਰੋਤ ਮੰਨੀਏ ਤੇ ਇਹ ਮੰਨੀਏ ਕਿ ਬ੍ਰਹਿਮੰਡ ਮਨ ਨੂੰ ਸ਼ਕਤੀ ਦਾ ਮੁੱਢ ਮੰਨੀਏ ਤਾਂ ਸੰਸਾਰ ਦੇ ਸਾਰੇ ਜੀਵ ਛੋਟੇ-ਛੋਟੇ ਜਗਦੇ ਬਲਬ ਲਗਣਗੇ ਤੇ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਬਿਜਲੀ ਕਿਸੇ ਬਿਜਲੀ ਘਰ ਵਿਚ ਪੈਦਾ ਹੁੰਦੀ ਹੈ ਤੇ ਫੇਰ ਸਾਡੇ ਘਰਾਂ ਦੇ ਬਲਬਾਂ ਵਿਚ ਆਉਂਦੀ ਹੈ ਬਿਲਕੁਲ ਏਸੇ ਤਰ੍ਹਾਂ ਹੀ ਬ੍ਰਹਿਮੰਡ ਮਨ ਤੋਂ ਸ਼ਕਤੀ ਵਿਅਕਤੀਗਤਿ ਮਨਾਂ ਵਿਚ ਆਉਂਦੀ ਹੈ। ਬ੍ਰਹਿਮੰਡ ਮਨ ਬਹੁਤ ਹੀ ਸੂਖਮ ਹੈ ਤੇ ਇਹ ਸਾਰੇ ਮਨਾਂ ਨਾਲ ਬਹੁਤ ਹੀ ਨੇੜਿਓਂ ਕੋਲੋਂ ਜੁੜਿਆ ਹੋਇਆ ਹੈ। ਦੂਸਰੇ ਸ਼ਬਦਾਂ ਵਿਚ ਇਸ ਤਰ੍ਹਾਂ ਕਹਿ ਲਓ ਕਿ ਜਿਵੇਂ ਮਨ ਪੂਰਨਤਾ ਤੇ ਪਹੁੰਚਦਾ ਹੈ ਤੁਸੀਂ ਦੂਸਰਿਆਂ ਦੇ ਮਨ ਨਾਲ ਇਕ ਚੇਤਨ ਸਬੰਧ ਪੈਦਾ ਕਰਦੇ ਹੋ ਇਸ ਤਰ੍ਹਾਂ ਨਾਲ ਬਹੁਤ ਸਾਰੇ ਮਨ ਜੁੜੇ ਹੁੰਦੇ ਹਨ ਤੇ ਜੁੜ ਜਾਂਦੇ ਹਨ ਇਸ ਤਰ੍ਹਾਂ ਦੇ ਸਬੰਧ ਜਾਂ ਜਾਲ ਇਕ 'ਮਾਹਤ' Mahat ਇਕ ਬ੍ਰਹਿਮੰਡ ਮਨ ਬਣ ਜਾਂਦਾ ਹੈ। ਇਸ ਨੂੰ ਰਾਜ ਯੋਗ ਦਾ 'ਵਿਭੂ' (Vibhu) ਸਿਧਾਂਤ ਕਹਿੰਦੇ ਹਨ।

'ਮਾਹਾਤ' ਤੋਂ ਅਹੰਕਾਰ ਹਉਮੈ ਪੈਦਾ ਹੁੰਦਾ ਹੈ ਉਸ ਤੋਂ ਸਾਤਵਿਕ ਅਹੰਕਾਰ ਜਾਂ ਕਹਿ ਲਓ ਬਿਲਕੁਲ ਸ਼ਾਂਤਮਈ ਹਉਮੈ ਆਉਂਦੀ ਹੈ ਜਿਥੋਂ ਹੇਠਲਾ ਮਨ ਉਤਪੰਨ ਹੁੰਦਾ ਹੈ। 'ਰਾਜਸਿਕ ਅਹੰਕਾਰ' ਜਾਂ ਕਿਰਿਆਸ਼ੀਲ ਅਹੰਕਾਰ ਤੋਂ 'ਇੰਦ੍ਰੀਆਸ' ਆਉਂਦਾ ਹੈ ਜਿਸ ਨਾਲ ਪ੍ਰਤੱਖ ਗਿਆਨ ਤੇ ਕਰਮ ਜਾਂ ਕਹਿ ਲਓ ਕਾਰਜ ਹੁੰਦਾ ਹੈ। 'ਤਾਮਸਿਕ ਅਹੰਕਾਰ' ਜਾਂ ਗਤੀਹੀਣ ਅਹੰਕਾਰ ਤੋਂ ਤਨਮਾਤਰਸ ਜਾਂ ਸੂਖਮ ਤੱਤ ਆਉਂਦੇ ਹਨ ਜਿਹੜੇ ਪੂਰੇ ਤੱਤ ਦਿੰਦੇ ਹਨ ਜਿਸ ਤੋਂ ਬ੍ਰਹਿਮੰਡ ਬਣਦਾ ਹੈ। ਜਿਵੇਂ ਕਿ ਯੋਗ ਮਨੋਵਿਗਿਆਨ ਵਿਚ ਦਸਿਆ ਹੈ ਮਨ ਦੇ ਚਾਰ ਭਾਗ ਹਨ। ਇਹ ਚਾਰ ਭਾਗ ਇਸ ਤਰ੍ਹਾਂ ਹਨ 1. ਅਨੰਤਾਕਰਣ, ਅੰਦਰ ਦਾ ਔਜ਼ਾਰ ਹੈ, ਹਥਿਆਰ ਹੈ ਜਿਹੜਾ ਹੇਠਲੇ ਮਨ ਤੋਂ ਸੰਸਾਰਕ ਮਨ ਤੋਂ ਬਣਦਾ ਹੈ 2. ਬੁੱਧੀ ਵਿਵੇਕ ਹੈ ਜਿਹੜਾ ਠੀਕ ਹਾਲਤ ਦਾ ਅੰਤਰ ਦਸਦਾ ਹੈ, ਅਹੰਕਾਰ ਜਿਸ ਨੂੰ ਈਗੋ ਹੈ 3. 'ਚਿਤ' ਮਨ ਦਾ ਅੰਤਰ 4. ਹੈ ਮਨ ਪੂਰਾ ਮਨ। ਸੰਸਾਰਕ ਮਨ ਸਾਡੇ ਪ੍ਰਤੱਖ ਗਿਆਨ, ਕਰਮ, ਬੁੱਧੀ ਵਿਚ ਦਾ ਜੋੜ ਹੈ ਵਿਵੇਕ ਹੈ ਇਹ ਬੁੱਧੀ ਦਾ ਹੁਕਮ ਇੰਦ੍ਰੀਆਂ ਤਕ ਪਹੁੰਚਾ ਕੇ ਉਨ੍ਹਾਂ ਨੂੰ ਕ੍ਰਿਆਸ਼ੀਲ ਕਰਦੀ ਹੈ। ਬੁੱਧੀ ਵਿਸ਼ਵ ਬੁੱਧੀ 'ਮਾਹਾਤ' ਦਾ ਭਾਗ ਹੈ। ਇਹ ਇੱਛਾ ਵੀ ਹੈ ਵਿਵੇਕ ਵੀ ਹੈ ਦੋਨੋਂ ਹੈ। ਬੁੱਧੀ ਇੰਦ੍ਰੀਆਂ ਨੂੰ ਇੰਦ੍ਰੀਆਂ ਦੇ ਨਿਵੇਸ਼ ਨੂੰ ਵਰਗੀਕਰਨ ਕਰਦਾ ਹੈ, ਜਦੋਂ ਕਿਸੇ ਨਿਸ਼ਕਰਸ਼ ਤੇ ਪਹੁੰਚਦਾ ਹੈ ਫੇਰ ਅਹੰਕਾਰ ਘੇਰ ਲੈਂਦਾ ਹੈ ਤੇ ਅੰਤਮ ਫੈਸਲਾ ਕਰਦਾ ਹੈ। ਇਹ ਸਾਰੀ ਮਨ ਦੀ ਕਾਰ 'ਚਿਤ' ਵਿਚ ਹੁੰਦੀ ਹੈ ਜਾਂ ਕਹਿ ਲਓ ਮਨ ਦੇ ਤੱਤ ਤੇ ਹੁੰਦਾ ਹੈ ਜਾਂ ਮਨ ਦੇ ਉਸ ਹਿੱਸੇ ਤੇ ਸਭ ਕੁਝ ਲਿਖਿਆ ਜਾਂਦਾ ਹੈ ਜਿੱਥੇ ਇਹ ਰਹਿੰਦਾ ਹੈ ਤੇ ਇਹ ਯਾਦ-ਯਾਸ਼ਤ ਬਣ ਜਾਂਦੀ ਹੈ। ਅਚੇਤ ਮਨ 'ਚਿਤ' ਦਾ ਹੀ ਹਿੱਸਾ ਹੈ।

ਭਾਵੇਂ ਮਨ ਇਨ੍ਹਾਂ ਚਾਰ ਪੱਖਾਂ ਦਾ ਚਾਰ ਪਹਿਲੂਆਂ ਦਾ ਮਿਸ਼ਰਨ ਹੈ ਪਰ ਵਾਸਤਵ ਵਿਚ ਮਨ ਇਕ ਹੀ ਇਕਾਈ ਹੈ। ਮਨ ਇਕ ਬਿਰਖ ਦੀ ਭਾਂਤੀ ਹੈ। ਇਸ ਬਿਰਖ ਦਾ ਬੀਜ ਹੈ 'ਮੈਂ' ਜੋ ਅਹੰਕਾਰ ਵਿਚੋਂ ਪੈਦਾ ਹੁੰਦਾ ਹੈ ਇਹ ਫੁਟਦਾ ਹੈ ਬੁੱਧੀ ਦੇ ਬੀਜ ਤੋਂ ਇਸ ਦੀਆਂ ਸ਼ਾਖਾ ਹਨ ਸਾਡੇ ਸੰਕਲਪ ਜਾਂ ਕਹਿ ਲਵੋ ਸਾਡੇ ਵਿਚਾਰ, ਪੁਨਰ-ਵਿਚਾਰਾਂ ਮਨ ਸੰਪੂਰਣ ਹੈ, ਭਾਵ ਭੂਤ, ਵਰਤਮਾਨ ਤੇ ਭਵਿੱਖ ਸਭ ਕੁਝ ਇਸ ਵਿਚ ਹੈ। ਇਸ ਦੇ ਵੱਖ-ਵੱਖ ਕਾਰਜ ਹਨ ਪਰ ਹੈ ਇਹ ਇਕ ਹੀ, ਮਿਸਾਲ ਵਜੋਂ ਇਕ ਵਿਅਕਤੀ ਕਾਲਜ ਵਿਚ ਪ੍ਰੋਫੈਸਰ ਹੈ, ਉਹ ਘਰ ਵਿਚ ਪਤਨੀ ਦਾ ਪਤੀ ਹੈ ਬੱਚਿਆਂ ਦਾ ਪਿਤਾ ਹੈ ਤੇ ਜੋ ਵੀ ਉਸ ਨੇ ਕਰਨਾ ਹੈ, ਉਹ ਕਰਦਾ ਹੈ, ਉਹ ਇਕ ਹੀ ਭਾਵੇਂ ਉਹ ਵੱਖ-ਵੱਖ ਰੋਲ ਕਰ ਰਿਹਾ ਹੈ, ਇਹੋ ਹੀ ਗੱਲ, ਇਸ ਤਰ੍ਹਾਂ ਹੀ ਮਨ ਨਾਲ

ਹੈ। ਜਦੋਂ ਇਹ ਸੋਚਦਾ ਹੈ ਇਹ ਸ਼ੱਕ ਕਰਦਾ ਹੈ, ਪ੍ਰਸ਼ਨ ਕਰਦਾ ਹੈ ਇਹ ਮਨ ਹੈ ਜਦੋਂ ਇਹ ਇੱਛਾ ਕਰਦਾ ਹੈ, ਚੰਗੇ ਮੰਦੇ ਦਾ ਭੇਦ ਦਸਦਾ ਹੈ ਇਹ ਬੁੱਧੀ ਹੈ, ਜਦੋਂ ਇਹ ਕਿਸੇ ਗੱਲ ਦਾ ਕਿਸੇ ਚੀਜ਼ ਦਾ ਦਾਅਵਾ ਕਰਦਾ ਹੈ ਇਹ ਅਹੰਕਾਰ ਹੈ, ਜਦੋਂ ਇਹ ਭੂਤ, ਵਰਤਵਾਰਾ ਦੇ ਵਿਚਾਰ ਰੱਖਦਾ ਹੈ ਇਹ 'ਚਿੱਤ' ਹੈ। ਮਨ ਦਾ ਇਕ ਬਹੁਤ ਸੋਹਣਾ ਗੁਣ ਹੈ ਜਦੋਂ ਮਨ ਦਾ ਇਕ ਪੱਖ ਕੰਮ ਕਰਨਾ ਸ਼ੁਰੂ ਕਰਦਾ ਹੈ ਬਾਕੀ ਸਾਰੇ ਵੀ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਦੂਸਰਾ ਵੱਡਾ ਮਨ ਦਾ ਗੁਣ ਹੈ ਇਹ ਸਦਾ ਹੀ ਆਪਣੇ ਆਪ ਨੂੰ ਕਿਸੇ, ਮਨੋਰਥ ਨਾਲ ਜੋੜ ਲੈਂਦਾ ਹੈ, ਇਹ ਕਦੇ ਵੀ ਸੁਤੰਤਰ ਨਹੀਂ ਨਾ ਹੀ ਸੁਤੰਤਰ ਹੋ ਕੇ ਕੰਮ ਕਰ ਸਕਦਾ ਹੈ, ਮਨ ਸਦਾ ਹੀ ਇਕ ਤਰੀਕੇ ਨਾਲ ਜਾਂ ਦੂਸਰੇ ਤਰੀਕੇ ਨਾਲ ਕਿਸੇ ਨਾ ਕਿਸੇ ਚੀਜ਼ ਤੇ ਨਿਰਭਰ ਹੀ ਰਹਿੰਦਾ ਹੈ, ਕਿਸੇ ਵਿਚਾਰ ਤੇ, ਕਿਸੇ ਆਕਾਰ ਤੇ, ਕਿਸੇ ਚਿੰਨ੍ਹ ਤੇ, ਕਿਸੇ ਰੂਪ ਤੇ ਕਿਸੇ ਸੋਚ ਤੇ।

ਆਤਮਾ ਤਿੰਨ ਸਰੀਰਾਂ ਵਿਚ ਲਪੇਟੀ ਹੋਈ ਹੈ, ਇਨ੍ਹਾਂ ਤਿੰਨਾਂ ਨੇ ਹੀ ਇਸ ਦੀ ਸ਼ਾਨ ਨੂੰ ਢਕਿਆ ਹੋਇਆ ਹੈ। ਸਭ ਤੋਂ ਪਹਿਲਾਂ ਬਿਲਕੁਲ ਅੰਦਰ ਹੈ 'ਕਰਨ ਸਰੀਰ' ਜਾਂ ਕਹਿ ਲਓ ਬੀਜ ਸਰੀਰ ਯੋਗੀ ਇਸੇ ਸਰੀਰ ਨਾਲ ਬਾਕੀ ਦੇ ਦੋਨੋਂ ਸਰੀਰਾਂ ਵਿਚ ਜਾਂਦਾ ਹੈ, ਇਸੇ ਸਰੀਰ ਤੋਂ ਬਾਕੀ ਦੇ ਦੋ ਸਰੀਰ ਉਤਪੰਨ ਹੁੰਦੇ ਹਨ ਇਸੇ ਕਰਕੇ ਇਸਨੂੰ ਬੀਜ ਸਰੀਰ ਕਿਹਾ ਗਿਆ ਹੈ ਜਾਂ ਕਾਰਣ ਸਰੀਰ ਕਿਹਾ ਗਿਆ ਹੈ। ਦੂਸਰਾ ਸਰੀਰ ਹੈ ਸੂਖਮ ਸਰੀਰ ਜਾਂ ਗੁੱਝਾ ਸਰੀਰ ਇਸ ਦੇ 17 ਤੱਤ ਹਨ ਜਾਂ ਕਹਿ ਲਓ, ਮੂਲ ਰੂਪ ਹਨ ਇਹ ਇਸ ਪ੍ਰਕਾਰ ਹਨ - ਦਸ ਇੰਦ੍ਰੀਆਂ, (ਪੰਜ ਗਿਆਨ ਇੰਦਰੀਆਂ - ਦੇਖਣਾ, ਸੁਣਨਾ, ਬੋਲਣਾ, ਮਹਿਸੂਸ ਕਰਨਾ ਹੱਥਾਂ ਨਾਲ, ਗਤੀਸ਼ੀਲ ਹੋਣਾ, ਕਾਮ, ਮਲਮੂਤਰ) ਪੰਜ ਤੰਨਮਾਤਰਾ ਸੂਖਮ ਤੱਤ - ਮਨ, ਸੰਸਾਰਕ ਮਨ, ਬੁੱਧੀ ਜਾਂ ਕਹਿ ਲਓ ਭੇਦ ਭਾਵ ਦੱਸਣ ਵਾਲੀ ਯੋਗਤਾ। ਇਹ ਬਾਹਰੀ ਸਰੀਰ 'ਸਥੂਲ ਸਰੀਰ' ਜਾਂ ਕਹਿ ਲਓ ਇਹ ਸੰਪੂਰਣ ਸਮੁੱਚਾ ਸਰੀਰ ਜਿਹੜਾ ਪ੍ਰਾਣਾਂ ਰਾਹੀਂ ਮਨ ਨਾਲ ਜੁੜਿਆ ਹੋਇਆ ਹੈ। ਜਦੋਂ ਅੰਤ ਆਉਂਦਾ ਹੈ ਬਾਹਰੀ ਸਰੀਰ ਖਤਮ ਹੋ ਜਾਂਦਾ ਹੈ ਪ੍ਰਾਣ ਖੇਰੂੰ-ਖੇਰੂੰ ਹੋ ਜਾਂਦੇ ਹਨ, ਇਹ ਬੀਜ ਸਰੀਰ ਦੂਸਰੇ ਕਿਸੇ ਖੇਤਰ ਵਿਚ ਜਾ ਕੇ ਕਿਸੇ ਹੋਰ ਸਰੀਰ ਰਾਹੀਂ ਜਨਮ ਲੈ ਲੈਂਦੀ ਹੈ। ਮਰਨਾ ਸਰੀਰ ਦਾ ਸੁਭਾਅ ਹੈ, ਆਤਮਾ ਅਜਰ ਹੈ, ਅਮਰ ਹੈ, ਅਟੱਲ ਹੈ, ਚੇਤਨਤਾ ਅਮਰ ਹੈ ਜਦੋਂ ਸਮਾਧੀ ਰਾਹੀਂ ਆਤਮ ਸਿੱਧੀ ਪ੍ਰਾਪਤ ਹੋ ਜਾਂਦੀ ਹੈ ਫੇਰ ਬੀਜ ਸਰੀਰ ਵੀ ਖਤਮ ਹੋ ਜਾਂਦਾ ਹੈ, ਆਤਮਾ ਬ੍ਰਹਮਲੀਨ ਹੋ ਜਾਂਦੀ ਹੈ ਜਿਵੇਂ ਕਿ ਪਾਣੀ ਸਮੁੰਦਰ ਵਿਚ ਮਿਲ ਜਾਂਦਾ ਹੈ।

ਆਤਮਾ ਬੁੱਧੀ ਦਾ ਸਰੋਤ ਹੈ ਇਹ ਆਪਣੀ ਰੋਸ਼ਨੀ ਨਾਲ ਹੀ ਚਮਕਦਾ ਹੈ ਮਨ ਤੇ ਇੰਦ੍ਰੀਆਂ ਕੰਮ ਕਰਨ ਦੀ ਸ਼ਕਤੀ ਆਤਮਾ ਤੋਂ ਹੀ ਲੈਂਦੀਆਂ ਹਨ। ਆਤਮਾ ਇਕ ਵਿਸ਼ਾ ਹੈ ਮਨ ਇਕ ਪਾਤਰ ਹੈ, ਅਨਾਤਮ ਹੈ। ਵੇਦਾਂ ਅਨੁਸਾਰ ਪੁਰਾਤਨ ਰਿਸ਼ੀ ਜਾਂ ਸਿੱਧ ਪੁਰਸ਼ ਉਹ ਆਤਮਾ ਹੀ ਜਿਹੜੀ ਮਨ ਦੇਖ ਸਕੇ, ਹਿੰਦੂ ਸਾਸ਼ਤਰਾਂ ਦਾ ਇਹ ਸਿਧਾਂਤ ਹੈ, ਕੋਈ ਵੀ ਕਰਤਾ ਆਪਣੇ ਪਾਤਰ ਨੂੰ ਬੁੱਧੀਮਾਨ ਨਹੀਂ ਸਮਝਦਾ। ਇਕ ਤਰ੍ਹਾਂ ਨਾਲ ਅਹੰਕਾਰ ਵੀ ਬੁੱਧੀ ਹੀਨ ਹੀ ਹੈ ਕਿਉਂਕਿ ਇਸ ਦਾ ਆਪਣਾ ਕੋਈ ਪ੍ਰਕਾਸ਼ ਨਹੀਂ।

ਜਿਵੇਂ ਕਿ ਸਰੀਰ ਇਕ ਠੋਸ, ਤਰਲ ਤੇ ਗੈਸ ਦਾ ਬਣਿਆ ਹੋਇਆ ਹੈ। ਇਸੇ ਤਰ੍ਹਾਂ ਮਨ ਹੈ ਜਾਂ ਕਹਿ ਲਓ ਇਸੇ ਤਰ੍ਹਾਂ ਸੂਖਮ ਸਰੀਰ ਹੈ ਇਹ ਵੀ ਵੱਖ-ਵੱਖ ਸੂਖਮ ਥਰਥਰਾਹਟ ਨਾਲ ਬਣੀ ਹੋਈ ਹੈ ਜਿਵੇਂ ਕਿ ਸਰੀਰ ਹਰ ਇਕ ਦਾ ਆਪਣਾ-ਆਪਣਾ ਹੈ। ਹਰ ਇਕ ਵਿਅਕਤੀ ਦਾ ਵੱਖ-ਵੱਖ ਹੈ। ਉਸੇ ਤਰ੍ਹਾਂ ਸੂਖਮ ਸਰੀਰ ਹਨ ਇਹ ਵੀ ਹਰ ਇਕ ਦੇ ਵੱਖ-ਵੱਖ ਹਨ। ਇਹ ਵੀ ਇਕ ਸਚਾਈ ਹੈ ਕਿ ਹਰ ਕਿਸੇ ਦਾ ਮਾਨਸਿਕ ਸੰਸਾਰ ਆਪਣਾ ਵੱਖਰਾ ਹੁੰਦਾ ਹੈ, ਇਕ ਵਿਅਕਤੀ ਦਾ ਮਾਨਸਿਕ ਸੰਸਾਰ ਦੂਸਰੇ ਨਾਲ ਨਹੀਂ ਮਿਲਦਾ ਹਰ ਇਕ ਦਾ ਆਪਣਾ ਹੀ ਹੈ, ਕਿਉਂਕਿ ਮਨ ਇਕ ਪਰਮਾਣੂ ਰੂਪ ਸੂਖਮ ਵੀ ਹੈ, ਨਾਲ ਹੀ ਸਰਬ ਵਿਆਪਕ ਵਿਭੂ ਵੀ ਹੈ ਭਾਵ ਹੈ ਵਿਸ਼ਵ ਵਿਚ ਪਸਰਿਆ ਹੋਇਆ ਹੈ।

ਸੰਸਕ੍ਰਿਤ ਵਿਚ ਅਸੀਂ 'ਤੇਜਸ' ਕਹਿੰਦੇ ਹਾਂ। ਤੇਜਸ ਉਹ ਪ੍ਰਕਾਸ਼ ਹੈ ਜਿਹੜਾ ਮਨ ਤੋਂ ਪੈਦਾ ਹੁੰਦਾ ਹੈ। ਯੋਗੀਆਂ ਦਾ ਮਨ ਪੂਰਨ ਤਰ੍ਹਾਂ ਨਾਲ ਵਿਕਸਿਤ ਹੁੰਦਾ ਹੈ, ਪੂਰੀ ਤਰ੍ਹਾਂ ਨਾਲ ਪ੍ਰਕਾਸ਼ਮਈ ਹੁੰਦਾ ਹੈ ਉਸ ਦਾ ਆਪਣਾ ਨੂਰ ਹੁੰਦਾ ਹੈ, ਆਭਾ ਮੰਡਲ ਹੁੰਦਾ ਹੈ ਜਿਹੜਾ ਦੂਸਰਿਆਂ ਤੇ ਪ੍ਰਭਾਵ ਪਾਉਂਦਾ ਹੈ, ਉਨ੍ਹਾਂ ਤੇ ਜਿਹੜੇ ਉਸ ਪ੍ਰਭਾਵ ਵਿਚ ਆਉਣਾ ਚਾਹੁੰਣ, ਇਸ ਪ੍ਰਭਾਵ ਤੋਂ ਉਹ ਲਾਭ ਲੈ ਸਕਦੇ ਹਨ ਇਸੇ ਤਰ੍ਹਾਂ ਨਾਲ ਦੂਰ ਸੰਵੇਦਨ (telepathy) ਹੁੰਦੀ ਹੈ ਇਹ ਕਿਸੇ ਵੀ ਦੋ ਮਨੁੱਖਾਂ ਵਿਚ ਹੋ ਸਕਦੀ ਹੈ। ਯੋਗੀਆਂ ਵਿਚ ਸ਼ਿਸ਼ ਤੇ ਗੁਰੂ ਕਿਸੇ ਵੀ ਦੋ ਵਿਚ ਹੋ ਸਕਦੀ ਹੈ। ਇਸੇ ਤਰ੍ਹਾਂ ਹੀ ਇਕ ਸ਼ਕਤੀਮਾਨ ਮਨ ਇਕ ਕਮਜ਼ੋਰ ਮਨਤੇ ਪ੍ਰਭਾਵ ਪਾਉਂਦਾ ਹੈ। ਕਈਆਂ ਦੇ ਵਿਚਾਰ ਦਾ ਤਰੀਕਾ ਵਧੇਰੇ ਨਿਯਮਬੱਧ ਤੇ ਸੂਖਮਗ੍ਰਾਹੀ ਹੁੰਦਾ ਹੈ, ਜਿਹੜਾ ਆਪਣਾ ਮਨ ਸਾਫ ਕਰ ਲੈਂਦਾ ਹੈ ਪਵਿੱਤਰ ਕਰ ਲੈਂਦਾ ਹੈ ਉਹ ਸ਼ਕਤੀ ਦਾ ਕੇਂਦਰ ਬਣ ਜਾਂਦਾ ਹੈ। ਏਸੇ ਕਰਕੇ ਜਿਨ੍ਹਾਂ ਦੇ ਮਨ ਕਮਜ਼ੋਰ ਹੁੰਦੇ ਹਨ, ਕੋਮਲ ਹੁੰਦੇ ਹਨ ਉਹ ਸਾਫ ਮਨ ਵਾਲੇ ਜਾਂ ਕਹਿ ਲਓ ਪਵਿੱਤਰ ਮਨ ਵਾਲਿਆਂ ਵਲ ਅਚਨਚੇਤ ਹੀ ਖਿੱਚੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਸ਼ਾਂਤੀ ਮਿਲਦੀ ਹੈ, ਸ਼ਕਤੀ ਮਿਲਦੀ ਹੈ, ਪ੍ਰਸੰਨਤਾ ਮਿਲਦੀ ਹੈ, ਪਵਿੱਤਰ ਮਨ ਤੋਂ ਸਭ ਕੁਝ ਪ੍ਰਾਪਤ ਹੁੰਦਾ ਹੈ ਜਿਵੇਂ ਕਿ ਯੋਗ ਵਿਚ, ਜਦੋਂ ਵੀ ਜਗਿਆਸੂ ਆਪਣੇ ਗੁਰੂ ਦੇ ਨਾਲ ਹੋਵੇਗਾ ਉਸਨੂੰ ਵਧੇਰੇ ਸਾਂਤੀ ਜਾਂ ਕਹਿ ਲਓ ਵਧੇਰੇ ਲਾਭ ਪ੍ਰਾਪਤ ਹੁੰਦਾ ਹੈ। ਗੁਰੂ ਭਾਵੇਂ ਇਕ ਸਬਦ ਵੀ ਨਾ ਬੋਲੇ ਤਾਂ ਵੀ ਜਗਿਆਸੂ ਨੂੰ ਇਕ ਝਰਨਾਹਟ ਮਹਿਸੂਸ ਹੁੰਦੀ ਹੈ, ਇਕ ਪ੍ਰੇਰਨਾ ਮਿਲਦੀ ਹੈ ਜਦੋਂ ਗੁਰੂ ਦੇ ਕੋਲ ਹੋਵੇ। ਜਿਹੜੇ ਸੂਖਮ ਮਨ ਵਾਲੇ ਹੋਣ ਦੁਰਬਲ ਮਨ ਵਾਲੇ ਹੋਣ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਸਾਫ ਤੇ ਪਵਿੱਤਰ ਮਨ ਦੀ ਸ਼ਰਨ ਵਿਚ ਆਉਣ ਜਿਨ੍ਹਾਂ ਦਾ ਮਨ ਅਜੇ ਪੂਰੀ ਤਰ੍ਹਾਂ ਨਾਲ ਵਿਕਸਤਿ ਨਹੀਂ ਹੋਇਆ ਉਨ੍ਹਾਂ ਲਈ ਜ਼ਰੂਰੀ ਹੈ ਉਹ ਸਾਫ

ਮਨ ਵਿਕਸਿਤ ਮਨ ਦੀ ਸ਼ਰਨ ਵਿਚ ਆਉਣ, ਆਪਣੇ ਆਪ ਨੂੰ ਉਨ੍ਹਾਂ ਕੋਲ ਸਮਰਪਣ ਕਰਨ, ਜਦੋਂ ਤਕ ਤੁਸੀਂ ਸਮਰਪਣ ਨਹੀਂ ਕਰਦੇ ਉਦੋਂ ਤਕ ਸਾਫ ਪਵਿੱਤਰ ਵਿਕਸਿਤ ਮਨ ਦਾ ਪ੍ਰਭਾਵ ਦੁਰਬਲ ਮਨ ਤੇ ਨਹੀਂ ਪੈ ਸਕਦਾ। ਬੜੀ ਹੀ ਵਡਭਾਗੇ ਹਨ ਜਿਹੜੇ ਪਵਿੱਤਰ ਮਨ ਅੱਗੇ ਆਪਾ ਸਮਰਪਣ ਕਰਦੇ ਹਨ ਜਿਨ੍ਹਾਂ ਨੂੰ ਇਹ ਅਵਸਰ ਪ੍ਰਾਪਤ ਹੁੰਦਾ ਹੈ।

ਮਨ ਤਾਂ ਵਿਚਾਰਾਂ ਦਾ ਇਕ ਸਮੂੰਹ ਹੈ, ਸਾਡੀਆਂ ਆਦਤਾਂ ਦਾ ਇਕ ਇਕੱਠ ਹੈ, ਇਹ ਇਛਾਵਾਂ ਦਾ ਢੇਰ ਹੈ, ਇਛਾਵਾਂ ਉਹ ਇਛਾਵਾਂ ਹਨ ਜਿਹੜੀਆਂ ਲੋਕਾਂ ਨੂੰ ਮਿਲ ਕੇ ਸਾਡੇ ਅੰਦਰ ਪੈਦਾ ਹੋ ਗਈਆਂ ਹਨ, ਮਨ ਦਾ ਇਹ ਸੁਭਾਅ ਹੈ ਕਿ ਮਨ ਆਪਣੇ ਆਲੇ-ਦੁਆਲੇ ਤੋਂ ਅਸ਼ਾਂਤੀ ਤੋਂ ਕਿਤੋਂ ਵੀ ਭਾਵ ਇਕੱਠੇ ਕਰ ਲੈਂਦਾ ਹੈ। ਮਨ ਤਾਂ ਹਰ ਬਦਲਦੀ ਚੀਜ਼ ਬਦਲਦੇ ਸੰਸਾਰ ਤੋਂ ਪ੍ਰਭਾਵ, ਸੰਸਕਰਣ ਲੈਂਦਾ ਹੀ ਰਹਿੰਦਾ ਹੈ। ਮਨ ਪੁਰਾਣੀਆਂ, ਨਵੀਆਂ ਇਛਆਵਾਂ ਦਾ ਗੁਦਾਮ ਹੈ, ਸਟੋਰ ਹੈ। ਇਹ ਸਟੋਰ ਹਰ ਸਮੇਂ ਬਦਲਦੀਆਂ ਚੀਜ਼ਾਂ ਮਨ ਦੇ ਕਾਰਜ ਵਿਚ ਵਿਘਨ ਨਹੀਂ ਪਾਉਂਦੀਆਂ ਕਿਉਂਕਿ ਜਦੋਂ ਕਈ ਨਵੀਆਂ ਇਛਾਵਾਂ ਆਉਂਦੀਆਂ ਹਨ, ਪੁਰਾਣੀਆਂ ਖਤਮ ਹੋ ਜਾਂਦੀਆਂ ਹਨ। ਪੁਰਾਣੀਆਂ ਸੂਖਮ ਮਨ ਵਿਚ ਚਲੀਆਂ ਜਾਂਦੀਆਂ ਹਨ ਇਸ ਤਰ੍ਹਾਂ ਨਾਲ ਮਨ ਦਾ ਸੰਤੁਲਨ, ਵਿਚਾਰਾਂ ਦਾ ਸੰਤੁਲਨ, ਸੰਸਕਾਰਾਂ ਦਾ ਸੰਤੁਲਨ, ਇਛਾਵਾਂ ਦਾ ਸੰਤੁਲਨ ਬਣਿਆ ਰਹਿੰਦਾ ਹੈ। ਮਨ ਤਾਂ ਆਪਣਾ ਰੰਗ ਢੰਗ ਹਰ ਸਮੇਂ ਬਦਲਦਾ ਹੀ ਰਹਿੰਦਾ ਹੈ ਪਰ ਵਿਸ਼ਵਾਸ਼, ਠੀਕ ਗਲਤ ਦੇਖਣ ਦੀ ਸ਼ਕਤੀ ਭੇਦ ਭਾਵ ਦੀ ਸ਼ਕਤੀ ਕੁਝ ਸਾਲਾਂ ਬਾਅਦ ਬਦਲਦੀ ਹੈ, ਕਾਰਣ ਇਹ ਹੈ ਕਿ ਮਨ ਦੇ ਵਿਕਾਸ ਲਈ ਵਿਸਤਾਰ ਲਈ ਸਮਾਂ ਲਗਦਾ ਹੈ, ਵਿਕਾਸ ਤੇ ਵਿਸਤਾਰ ਅਨੁਭਵ ਨਾਲ ਹੁੰਦਾ ਹੈ ਤੇ ਅਨੁਭਵ ਸਮੇਂ ਨਾਲ ਹੁੰਦਾ ਹੈ ਤੇ ਹੌਲੀ ਹੌਲੀ ਹੁੰਦਾ ਹੈ।

ਮਨ ਨੂੰ ਕੌਣ ਸਿਖਾਉਂਦਾ ਹੈ? ਮਨ ਨੂੰ ਅਨੁਭਵ ਸਿਖਾਉਂਦਾ ਹੈ। ਮਨੁੱਖ ਆਪਣੇ ਵਿਚਾਰ, ਆਪਣੇ ਨਵੇਂ ਅਨੁਭਵ ਦੇ ਗਿਆਨ ਨਾਲ ਬਦਲਦਾ ਹੈ। ਮਨੁੱਖ ਆਪਣਾ ਅੰਤਹਕਰਣ ਵੀ ਇਸੇ ਤਰ੍ਹਾਂ ਬਣਾਉਂਦਾ ਹੈ ਕਿਉਂਕਿ ਅੰਤਹਕਰਣ ਆਪਣੇ ਭਰੋਸੇ ਨਾਲ, ਆਪਣੀ ਧਾਰਨਾ ਨਾਲ, ਮੂਲਪਰਵਿਰਤੀ ਰਾਹੀਂ ਤੇ ਤਰਕ ਨਾਲ ਖੜ੍ਹਾ ਕੀਤਾ ਜਾਂਦਾ ਹੈ। ਇਕ ਆਮ ਆਦਮੀ ਦਾ ਅੰਤਹਕਰਣ ਤੇ ਇਕ ਯੋਗੀ ਦਾ ਅੰਤਹਕਰਣ ਬਿਲਕੁਲ ਅਲੱਗ, ਬਿਲਕੁਲ ਫਰਕ ਹੁੰਦਾ ਹੈ। ਇਕ ਯੋਗੀ ਦਾ ਅੰਤਹਕਰਣ ਇਕ ਸਾਫ ਸ਼ੀਸ਼ੇ ਦੀ ਤਰ੍ਹਾਂ ਹੁੰਦਾ ਹੈ, ਪ੍ਰਤੀਭਾਸ਼ਾਲੀ ਹੁੰਦਾ ਹੈ।

ਮਨ ਦੇ ਤਿੰਨ ਪੱਕੇ ਕਾਰਜ ਹਨ, ਸਨਸਨੀ ਝਰਨਾਹਟ ਵਿਚਾਰ ਤੇ ਸੰਕਲਪ ਇੱਛਾ ਸ਼ਕਤੀ, ਚੇਸ਼ਟਾ ਤੇ ਇਸ ਦੀਆਂ ਤਿੰਨ ਸਥਿਤੀਆਂ ਹਨ, ਕਿਰਿਆਸ਼ੀਲ, ਨਿਸ਼ਕਿਰਿਆ ਅਕਰਮਕ ਸਿਥਰ ਤੇ ਅਨਿਸ਼ਚਤ। ਮਨ ਸਦਾ ਹੀ ਨੀਰਸਤਾ ਨੂੰ ਅਸਵੀਕਾਰ ਕਰਦਾ ਹੈ, ਨਾ ਮਨਜ਼ੂਰ ਕਰਦਾ ਹੈ, ਮਨ ਦੇ ਤਿੰਨ ਨਿਯਮ ਹਨ, ਇਕ ਚੀਜ਼ ਨੂੰ ਵਿਚਾਰ ਨੂੰ ਦੂਸਰੇ ਨਾਲ ਜੋੜਨਾ ਸਬੰਧ ਸਤਾਪਤ ਕਰਨਾ, ਨਿਰੰਤਰਤਾ, ਸਾਪੇਖਤਾ ਤੇ ਜੇ ਮੋਟੇ ਤੌਰ ਤੇ ਦੇਖਿਆ ਜਾਏ ਮਨ ਦੇ ਤਿੰਨ ਦ੍ਰਿਸ਼ਟੀਕੋਣ ਹਨ ਚੇਤਨ ਮਨ ਜਾਂ ਬਾਹਰਮੁਖੀ ਅਨਾਤਮਕ ਅਚੇਤ ਮਨ ਜਾਂ ਕਹਿ ਲਓ, ਅੰਤਰਮੁਖੀ ਕਾਲਪਨਕ ਮਨ, ਤੇ ਉਤਮ ਚੇਤਨ ਮਨ।

ਮਨ, ਬੁੱਧੀ ਤੇ ਸਮਝਣਾ, ਇਹ ਸੂਖਮ ਸਰੀਰ ਵਿਚ ਹਨ ਪਰ ਇਹ ਆਪਣਾ ਕਾਰਜ ਸਰੀਰ ਦੇ ਰਾਹੀਂ ਹੀ ਕਰਦੇ ਹਨ। ਇਸ ਗੱਲ ਨੂੰ ਸਮਝਣ ਲਈ ਇਹ ਉਦਾਹਰਣ ਦੇ ਸਕਦੇ ਹਾਂ। ਰਾਜਾਂ ਦੇ ਕਹਿਣ ਵਿਚ ਰਾਜੇ ਦੇ ਥੱਲੇ ਸਾਰੀ ਸਲਤਨਤ ਸਾਰਾ ਰਾਜ ਹੁੰਦਾ ਹੈ, ਉਸ ਦੇ ਮਹੱਲ ਕਈ ਥਾਵਾਂ ਤੇ ਹੁੰਦੇ ਹਨ, ਪਰ ਸਭ ਤੋਂ ਸੋਹਣਾ ਤੇ ਵੱਡਾ ਮਹੱਲ ਰਾਜਧਾਨੀ ਵਿਚ ਹੀ ਹੁੰਦਾ ਹੈ, ਇਸੇ ਤਰ੍ਹਾਂ ਮਨ ਨਾਲ ਹੈ ਮਨ ਦੀਆਂ ਸਾਰੀਆਂ ਸ਼ਕਤੀਆਂ ਹਨ, ਮਨ ਦਾ ਕੰਟਰੋਲ ਸਾਰੇ ਸਰੀਰ ਤੇ ਹੈ ਯੋਗੀਆਂ ਦੇ ਅਨੁਭਵ ਅਨੁਸਾਰ ਮਨ ਦੀਆਂ ਤਿੰਨ ਅਵਸਥਾਵਾਂ ਹਨ ਘਰ ਹਨ ਕੁਛ ਕਹਿ ਲਓ। ਜਾਗਣ ਅਵਸਥਾ, ਸੁਪਨ ਤੇ ਗੂੜ੍ਹੀ ਨੀਂਦ। ਜਾਗਤ ਅਵਸਥਾ ਵਿਚ ਮਨ 'ਅਜਨ ਚੱਕਰ' ਵਿਚ ਸਥਿਤ ਹੁੰਦਾ ਹੈ ਇਹ ਦੋਨੋਂ ਭਰਵੱਟਿਆਂ ਦੇ ਵਿਚ ਦੀ ਥਾਂ ਹੈ, ਇਹ ਸਭ ਤੋਂ ਵੱਧ ਸ਼ਾਨਦਾਰ ਮਹੱਲ ਹੈ, ਜ਼ਰਾ ਸੋਚੋ ਜਦੋਂ ਤੁਸੀਂ ਕੁਝ ਸੋਚਣਾ ਹੁੰਦਾ ਹੈ ਤੁਸੀਂ ਕੀ ਕਰਦੇ ਹੋ ਤੁਸੀਂ ਆਪਣੀ ਠੋਡੀ ਤੇ ਉਂਗਲੀ ਰੱਖਦੇ ਹੋ, ਗਰਦਨ ਸੱਜੇ ਪਾਸੇ ਮੋੜਦੇ ਹੋ, ਭਰਵੱਟਿਆਂ ਦੇ ਵਿਚ ਵਾਲੀ ਥਾਂ ਤੇ ਦੇਖਦੇ ਹੋ ਤੇ ਸਮੱਸਿਆ ਬਾਰੇ ਸੋਚਦੇ ਹੋ, ਦੇਖਦੇ ਹੋ। ਇਸ ਤੋਂ ਇਹ ਪਤਾ ਲਗਦਾ ਹੈ ਕਿ ਜਾਗਤ ਅਵਸਥਾ ਵਿਚ ਮਨ 'ਅਜਨ ਚੱਕਰ' ਵਿਚ ਨਿਵਾਸ ਰੱਖਦਾ ਹੈ।

ਆਤਮਾ ਜਿਸਨੂੰ ਮਨ ਦਾ ਸਰੋਤ ਕਿਹਾ ਗਿਆ ਹੈ ਉਹ ਇਕ ਨਿਰੋਲ ਚੇਤਨਾ ਹੈ, ਮਨ ਉਸ ਦੀ ਸਿਆਣਪ ਨਾਲ ਬੁੱਧੀ ਨਾਲ ਚਮਕ ਰਿਹਾ ਹੈ। ਬਿਲਕੁਲ ਉਸ ਤਰਾਂ ਹੀ ਜਿਵੇਂ ਇਕ ਲੋਹੇ ਦੇ ਟੁਕੜੇ ਨੂੰ ਅੱਗ ਵਿਚ ਪਾਉਂਦੇ ਹਾਂ ਉਹ ਅੱਗ ਨਾਲ ਲਾਲ ਹੋ ਜਾਂਦਾ ਹੈ, ਅੱਗ ਆਪਣੇ ਅੰਦਰ ਇਕੱਠੀ ਕਰ ਲੈਂਦਾ ਹੈ ਬਿਲਕੁਲ ਇਸੇ ਤਰ੍ਹਾਂ ਹੀ ਮਨ ਨਾਲ ਹੈ, ਮਨ ਕੇਵਲ ਇਕ ਸਾਧਨ ਹੈ ਇਕ ਰਸਤਾ ਹੈ, ਬੁੱਧੀਹੀਨ ਹੈ ਪਰ ਆਤਮਾ ਤੋਂ ਬੁੱਧੀ ਲੈ ਕੇ ਬੁੱਧੀਮਾਨ ਹੋ ਜਾਂਦਾ ਹੈ।

ਮਨ ਤਾਂ ਇਕ ਸਮੇਂ ਇਕ ਹੀ ਚੀਜ਼ ਕਰ ਸਕਦਾ ਹੈ ਕਿਉਂਕਿ ਇਹ ਸੀਮਾਬੱਧ ਹੈ ਇਸ ਦੀ ਸੀਮਾ ਹੈ (ਸੰਸਕ੍ਰਿਤ ਵਿਚ ਮਨ ਨੂੰ ਪ੍ਰੀਛਿਨ ਕਿਹਾ ਗਿਆ ਹੈ ਭਾਵ ਇਸ ਦੀ ਸੀਮਾ ਹੈ) ਮਨ ਸਦਾ ਹੀ ਉਤਰਦਾ ਚੜ੍ਹਦਾ ਰਹਿੰਦਾ ਹੈ, ਘਟਦਾ-ਵਧਦਾ ਰਹਿੰਦਾ ਹੈ ਭਾਵ ਮਨ ਦਾ ਸੁਭਾਅ ਹੀ ਅਸਥਿਰਤਾ ਹੈ, ਮਨ ਵਿਚ ਮਨੋਵੇਗ ਹਨ, ਆਦਤਾਂ ਹਨ, ਸੰਵੇਗ ਹਨ, ਇਹ ਉਹ ਜੋਤ ਹੈ ਜਿਸ ਵਿਚ ਝਰਨਾਹਟ, ਸਨਸਨੀ ਉਠਦੀ ਹੈ, ਵਿਚਾਰ ਉਠਦੇ ਹਨ ਪਰ ਮਨ ਤੇ ਕਿਸੇ ਦਾ ਕੰਟਰੋਲ ਹੋਣਾ ਚਾਹੀਦਾ ਹੈ। ਮਿਸਾਲ ਵਜੋਂ ਜੇ ਕੋਈ ਆਪਣਾ ਮਨ ਕਾਬੂ ਕਰ ਲਵੇ ਉਸ ਨੂੰ ਇਹ ਪਤਾ ਹੋਵੇਗਾ ਕਿ ਸੋਚਣ ਵਾਲਾ ਸੋਚ ਤੋਂ ਵਿਚਾਰ ਤੋਂ ਵੱਖਰਾ

ਹੈ। ਜਦੋਂ ਅਸੀਂ ਸੌਂਦੇ ਹਾਂ, ਮਨ ਸਾਂਤ ਹੁੰਦਾ ਹੈ, ਇਸ ਕਰਕੇ ਮਨ ਜੀਵਨ ਸਰੋਤ ਨਹੀਂ ਹੈ, ਚਾਨਣ ਮੁਨਾਰਾ ਨਹੀਂ ਹੈ, ਮਨ ਨੂੰ ਨਿਰੋਲ ਆਤਮਾ ਨਹੀਂ ਕਿਹਾ ਜਾ ਸਕਦਾ, ਮਨ ਤਾਂ ਅਸ਼ੁੱਧੀਆਂ ਦਾ ਭਰਿਆ ਪਿਆ ਹੈ, ਮਨ ਗੁੱਸੇ ਨਾਲ ਉਤੇਜਿਤ ਹੋ ਜਾਂਦਾ ਹੈ, ਡਰ ਨਾਲ ਕੰਬਣ ਲਗ ਪੈਂਦਾ ਹੈ ਇਕ ਦਮ ਕੋਈ ਸਦਮਾ ਲੱਗੇ ਗਮ ਲੱਗੇ ਤਾਂ ਬਿਲਕੁਲ ਸਿਮਟ ਜਾਂਦਾ ਹੈ, ਇਕੱਠਾ ਹੋ ਜਾਂਦਾ ਹੈ, ਮਨ ਆਤਮਾ ਨਹੀਂ ਹੈ, ਮਨੁੱਖ ਦੀ ਆਤਮਾ ਵੀ ਮਨ ਨੂੰ ਦਿਸ਼ਾ ਨਹੀਂ ਦਿਖਾਉਂਦੀ, ਮਨ ਦਾ ਕੰਟਰੋਲ ਤਾਂ ਕਿਸੇ ਹੋਰ ਕੋਲ ਹੀ ਹੈ, ਇਸ ਨੂੰ 'ਮਾਨਸਪਤੀ' ਕਹਿੰਦੇ ਹਨ ਭਾਵ ਮਨ ਦਾ ਰਾਜਾ। ਜੇ ਡੂੰਘੀ ਸੋਚ ਵਿਚ ਜਾ ਕੇ ਦੇਖੋ ਤੁਸੀਂ ਮਹਿਸੂਸ ਕਰੋਗੇ ਕਿ ਕੋਈ ਤੁਹਾਡੇ ਮਨ ਦੀ ਝੀਲ ਨੂੰ ਚੁੱਪ ਚਾਪ ਦੇਖ ਰਿਹਾ ਹੈ, ਇਸ ਵਿਚ ਉਠਦੀਆਂ ਲਹਿਰਾਂ ਨੂੰ ਦੇਖ ਰਿਹਾ ਹੈ। ਮਨ ਦੀ ਝੀਲ ਆਤਮਾ ਨਾਲੋਂ ਬਿਲਕੁਲ ਫਰਕ ਹੈ, ਦੇਖਣ ਵਾਲਾ ਤਾਂ ਇਕੱਲੇ ਬੈਠਾ ਹੈ ਉਹ ਦੋਨਾਂ ਤੋਂ ਦੂਰ ਹੈ। ਜਦੋਂ ਤਕ ਮਨ ਦੇ ਵਲਵਲੇ ਸ਼ਾਂਤ ਨਹੀਂ ਹੁੰਦੇ, ਆਤਮਾ ਨੂੰ ਨਹੀਂ ਦੇਖਿਆ ਜਾ ਸਕਦਾ।

ਆਮ ਤੌਰ ਤੇ ਅਸੀਂ ਗਿਆਨ ਸ਼ਬਦ ਦੀ ਵਿਆਖਿਆ ਜਦੋਂ ਕਰਦੇ ਹਾਂ ਅਸੀਂ ਭੁੱਲ ਜਾਂਦੇ ਹਾਂ ਕਿ ਗਿਆਨ ਦੇ ਚਾਰ ਸਰੋਤ ਹਨ - ਮੂਲਪਰਵ੍ਰਿਤੀਆਂ, ਤਰਕ, ਫੁਰਨਾ ਜਾਂ ਸਹਿਜ ਗਿਆਨ ਤੇ ਉਤਮ ਪ੍ਰੇਰਨਾ ਉਤਮ ਸਹਿਜ ਗਿਆਨ। ਜਾਨਵਰਾਂ ਨੂੰ ਪਤਾ ਨਹੀਂ ਲਗਦਾ ਕਿਉਂਕਿ ਉਨ੍ਹਾਂ ਕੋਲ ਕੇਵਲ ਸਰੀਰਕ ਚੇਤਨਾ ਹੈ ਉਨ੍ਹਾਂ ਦੀ ਸਾਰੀ ਕਿਰਿਆ ਮੂਲ ਪ੍ਰਕ੍ਰਿਤੀ ਦੇ ਆਧਾਰ ਤੇ ਹੀ ਹੈ ਪਰ ਉਹ ਜਿਹੜਾ ਵੀ ਕੰਮ ਕਰਦੇ ਹਨ ਭਾਵੇਂ ਮੂਲ ਪ੍ਰਵਿਰਤੀ ਦੇ ਆਧਾਰ ਤੇ ਹੀ ਹੈ ਪਰ ਪੂਰਾ ਹੁੰਦਾ ਹੈ ਹਰ ਤਰ੍ਹਾਂ ਨਾਲ ਸੰਪੂਰਣ ਹੁੰਦਾ ਹੈ। ਉਦਾਹਰਣ ਵਜੋਂ ਜੇ ਤੁਸੀਂ ਪੰਛੀਆਂ ਦੇ ਆਹਲਣੇ ਦੇਖੋ ਕਿੰਨੀ ਸੋਹਣੀ ਤਰ੍ਹਾਂ ਬਣਾਏ ਹੁੰਦੇ ਹਨ ਕਮਾਲ ਹੀ ਕੀਤੀ ਹੁੰਦੀ ਹੈ।

ਦੂਸਰਾ ਹੈ ਤਰਕ। ਤਰਕ ਮੂਲ ਪ੍ਰਵਿਰਤੀ ਤੋਂ ਉਪਰ ਹੈ ਤੇ ਕੇਵਲ ਮਨੁੱਖਾਂ ਵਿਚ ਹੀ ਹੁੰਦਾ ਹੈ। ਤਰਕ ਦਾ ਵਿਕਾਸ ਸੂਝ ਬੂਝ ਵਿਵੇਕਸ਼ੀਲ ਦੀ ਯੋਗਤਾ, ਸ਼ਕਤੀ ਦੇ ਵਿਕਾਸ ਨਾਲ ਹੁੰਦਾ ਹੈ ਜਿੰਨਾਂ ਵਧੇਰੇ ਇਸਨੂੰ ਤੀਖਣ ਕਰੋ ਓਨਾ ਹੀ ਵਧੇਰੇ ਬੁੱਧੀ ਦਾ ਵਿਕਾਸ ਹੁੰਦਾ ਹੈ ਤੇ ਵਧੇਰੇ ਬੁੱਧੀ ਤੀਖਣ ਹੁੰਦੀ ਹੈ, ਜੇ ਬੁੱਧੀ ਪਵਿੱਤਰ ਹੋਵੇ, ਸਾਤਵਿਕ ਹੋਵੇ, ਉਹ ਬਹੁਤ ਹੀ ਉਚਾਈਆਂ ਤਕ ਜਾ ਸਕਦੀ ਹੈ। ਬੁੱਧੀ ਨੂੰ ਵਧੇਰੇ ਸਿਖਾਇਆ ਜਾ ਸਕਦਾ ਹੈ, ਵਧੇਰੇ ਸੁਧਾਰਿਆ ਜਾ ਸਕਦਾ ਹੈ, ਇਸੇ ਤਰ੍ਹਾਂ ਦੀ ਬੁੱਧੀ ਤੋਂ ਆਤਮਕ ਝਲਕ ਉਠਦੀ ਹੈ ਜਿਵੇਂ ਕਿ ਯਥਾਰਥ ਤੇ ਤਰਕ ਨੂੰ ਇਕੱਠਾ ਕਰਕੇ, ਕਾਰਣ ਤੇ ਪ੍ਰਭਾਵ ਦੇਖ ਕੇ ਹੋਰ ਹਰ ਤਰ੍ਹਾਂ ਦੇ ਸਬੂਤ ਦੇਖ ਕੇ ਬੁੱਧੀਮਾਨ ਸਿਆਣਾ ਆਪਣਾ ਨਿਰਣਾ ਕਰ ਸਕਦਾ ਹੈ ਤੇ ਬੜੇ ਹੀ ਸਹਿਜ ਨਾਲ ਅੰਤਰ ਗਿਆਨ ਵਿਚ ਜਾ ਸਕਦਾ ਹੈ।

ਅੰਤਰ ਗਿਆਨ ਇਕ ਆਤਮਕ ਅਨੁਭਵ ਹੈ ਉਤਮ ਸੰਵੇਦੀ ਅੰਤਰ ਗਿਆਨ ਸੂਖਮ ਸਰੀਰ ਦੀ ਵਰਤੋਂ ਨਾਲ ਆਉਂਦਾ ਹੈ। ਸੂਖਮ ਸਰੀਰ ਉਚ ਗਿਆਨ ਦਾ ਸਰੋਤ ਹੈ, ਬੁੱਧੀ ਨਾਲੋਂ ਉਚਾ, ਅੰਤਰ ਗਿਆਨ ਵਿਚ ਕੋਈ ਤਰਕ ਨਹੀਂ ਹੁੰਦਾ, ਇਸ ਨੂੰ ਦਿਬਯ ਦ੍ਰਿਸ਼ਟੀ ਕਹਿੰਦੇ ਹਨ। ਆਤਮਕ ਪ੍ਰੇਰਨਾ, ਅੰਤਰ ਤੋਂ ਅਨੁਭਵ ਨਾਲ ਆਉਂਦੀ ਹੈ, ਬੁੱਧੀ ਤੋਂ ਨਹੀਂ, ਅੰਤਰ ਗਿਆਨ ਅਨੁਭਵ ਤੋਂ ਹੀ ਪ੍ਰੇਰਨਾ ਤੇ ਆਤਮਕ ਅੰਤਰ ਦ੍ਰਿਸ਼ਟੀ ਆਉਂਦੀ ਹੈ। ਅਨੁਭਵ ਤੋਂ ਪਰ੍ਹੇ ਅੰਤਰ ਗਿਆਨ ਤੋਂ ਪਰ੍ਹੇ ਆਤਮਾ ਦਾ ਗਿਆਨ ਹੈ ਇਹ ਸੂਖਮ ਸਰੀਰ ਤੋਂ ਵੀ ਪਰ੍ਹੇ ਹੈ ਇਹ ਗਿਆਨ ਸਭ ਤੋਂ ਉਤਮ ਹੈ, ਸਤਿ ਤੋਂ ਵੀ ਉਪਰ।

ਇਹ ਪੰਜ ਭੌਤਿਕ ਸਰੀਰ ਉਹ ਜੰਤਰ ਹੈ ਜਿਸ ਰਾਹੀਂ ਮਨ ਅਨੁਭਵ ਲੈਂਦਾ ਹੈ ਸੰਸਾਰਕ ਚੀਜ਼ਾਂ ਨੂੰ ਆਲੇ ਦੁਆਲੇ ਤੋਂ ਪੰਜ ਗਿਆਨ ਇੰਦ੍ਰੀਆਂ ਰਾਹੀਂ ਗਿਆਨ ਪ੍ਰਾਪਤ ਕਰਦਾ ਹੈ। ਸਾਰੀਆਂ ਇੰਦਰੀਆਂ ਦੀ ਵਰਤੋਂ ਕਰਕੇ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ, ਅਨੁਭਵ ਪ੍ਰਾਪਤ ਕੀਤਾ ਜਾਂਦਾ ਹੈ ਕਿਉਂ ਜੋ ਮਨ ਇਸ ਸਰੀਰ ਦਾ ਇਕ ਜਾਗਦਾ ਜੰਤਰ ਹੈ ਜਿਸ ਦੇ ਹੁਕਮ ਨਾਲ ਸਾਰੇ ਸਰੀਰ ਦੇ ਅੰਗ ਕੰਮ ਕਰਦੇ ਹਨ ਜੋ ਕੁਝ ਵੀ ਗਿਆਨ ਇੰਦਰੀਆਂ ਦਸਦੀਆਂ ਹਨ ਉਹ ਸਾਰਾ ਕੁਝ ਮਨ ਵਿਚ ਜਮ੍ਹਾਂ ਹੁੰਦਾ ਰਹਿੰਦਾ ਹੈ। ਜਿਸ ਪ੍ਰਕਾਰ ਕੋਈ ਵੀ ਬਾਗ ਪਾਣੀ ਤੋਂ ਬਿਨ੍ਹਾਂ ਨਹੀਂ ਰਹਿ ਸਕਦਾ, ਬਿਲਕੁਲ ਇਸ ਤਰ੍ਹਾਂ ਹੀ ਸਰੀਰ ਵੀ ਮਾਨਸਿਕ ਕਿਰਿਆ ਦੇ ਬਿਨਾਂ ਨਹੀਂ ਰਹਿ ਸਕਦਾ, ਮਨ ਆਪਣੀ ਕਿਰਿਆ ਬੜੀ ਹੀ ਤੇਜ਼ ਗਤੀ ਨਾਲ ਕਰਦਾ ਹੈ (ਪਰ ਸਰੀਰ ਇਸ ਗੱਲ ਤੋਂ ਬਿਲਕੁਲ ਅਣਜਾਣ ਰਹਿੰਦਾ ਹੈ) ਸਰੀਰ ਮਨ ਦਾ ਇਕ ਚਲ ਚਿੱਤਰ ਹੈ ਤੇ ਮਨ ਇਕ ਸੂਖਮ ਸਰੀਰ ਹੈ, ਮਨ ਕਿਉਂਕਿ ਸਰੀਰ ਲਈ ਸੋਚਦਾ ਰਹਿੰਦਾ ਹੈ, ਇਕ ਪ੍ਰਕਾਰ ਸਰੀਰ ਨੂੰ ਹੀ ਧਿਆਉਂਦਾ ਰਹਿੰਦਾ ਹੈ, ਉਸ ਪ੍ਰਕਾਰ ਉਹ ਸਰੀਰ ਹੀ ਬਣ ਜਾਂਦਾ ਹੈ ਤੇ ਸਰੀਰ ਵਿਚ ਹੀ ਖਪਤ ਹੋ ਜਾਂਦਾ ਹੈ।

ਇਸ ਤੋਂ ਪਹਿਲਾਂ ਕਿ ਬਾਹਰੀ ਸੰਸਾਰ ਵਿਚ ਕੁਝ ਹੋਵੇ ਅੰਦਰ ਦੇ ਸੰਸਾਰ ਵਿਚ ਉਹ ਪਹਿਲਾਂ ਹੀ ਹੋ ਚੁੱਕਾ ਹੁੰਦਾ ਹੈ। ਕੁਝ ਵੀ ਕਰਨ ਤੋਂ ਪਹਿਲਾਂ ਮਨ ਦੇ ਸੂਤਰ ਤੇ ਹੋ ਚੁੱਕਾ ਹੁੰਦਾ ਹੈ, ਸਰੀਰ ਦੇ ਛੋਟੇ-ਛੋਟੇ ਸੈਲ ਵੀ ਮਨ ਦੇ ਵਿਚਾਰਾਂ ਦਾ ਮਨੋਵੇਗ ਲੈ ਲੈਂਦਾ ਹੈ। ਜਦੋਂ ਮਨ ਕਿਸੇ ਇਕ ਵਿਚਾਰ ਨੂੰ ਲੈਂਦਾ ਹੈ, ਸੋਚਦਾ ਹੈ ਇਕ ਝਰਨਾਹਟ ਹੁੰਦੀ ਹੈ ਤੇ ਇਹ ਚਲਦੀ ਰਹਿੰਦੀ ਹੈ ਤੇ ਅੰਤ ਵਿਚ ਇਕ ਆਦਤ ਬਣ ਜਾਂਦੀ ਹੈ। ਸਰੀਰ ਮਨ ਦੇ ਪਿੱਛੇ ਹੀ ਲਗ ਕੇ ਚਲਦਾ ਹੈ ਤੇ ਇਸ ਦੀ ਨਕਲ ਕਰਦਾ ਹੈ।

ਮਨ ਸਰੀਰ ਦਾ ਭਾਵ ਪੰਜ ਭੌਤਿਕ ਸਰੀਰ ਦਾ ਸੂਖਮ ਸਰੀਰ ਹੈ ਤੇ ਇਹ ਸਰੀਰ ਮਨ ਦਾ ਹੀ ਪ੍ਰਕਾਸ਼ ਹੈ, ਇਸ ਕਰਕੇ ਜਦੋਂ ਮਨ ਵਿਚ ਤਨਾਅ ਹੁੰਦਾ ਹੈ, ਖਿਚਾਓ ਹੁੰਦਾ ਹੈ, ਮਨ ਅਸ਼ਾਂਤ ਹੁੰਦਾ ਹੈ, ਸਰੀਰ ਵੀ ਉਤੇਜਿਤ ਹੋ ਜਾਂਦਾ ਹੈ, ਬੇਚੈਨ ਹੋ ਜਾਂਦਾ ਹੈ। ਜਦੋਂ ਮਨ ਸ਼ਾਂਤ ਹੋਵੇ ਪੂਰੀ ਤਰ੍ਹਾਂ ਨਾਲ ਸਥਿਲ ਹੁੰਦਾ ਹੈ ਸਰੀਰ ਵੀ ਸਥਿਲ ਹੁੰਦਾ ਹੈ। ਮਨ ਦੀਆਂ ਦਸ਼ਾ ਬੜੀ ਚੰਗੀ ਤਰ੍ਹਾਂ ਨਾਲ ਚਿਹਰੇ ਤੇ ਦਿਸ ਪੈਂਦੀਆਂ ਹਨ ਜਿਵੇਂ ਕਿ ਜਦੋਂ ਪੇਟ ਦੀ ਹਾਲਤ ਜਾਨਣੀ ਹੋਵੇ ਜੀਭ ਨੂੰ ਦੇਖ ਕੇ ਦੱਸ ਦਿੰਦੇ ਹਨ ਬਿਲਕੁਲ ਉਸ ਤਰ੍ਹਾਂ ਹੀ ਚਿਹਰੇ ਨੂੰ ਮਨ ਦਾ ਸੂਚਕ ਕਿਹਾ ਗਿਆ ਹੈ। ਤੁਸੀਂ ਭੁਲੇਖੇ ਵਿਚ ਹੋਵੋਗੇ ਜੇ ਤੁਸੀਂ ਸੋਚਦੇ ਹੋ ਕਿ

ਤੁਸੀਂ ਆਪਣੇ ਵਿਚਾਰ, ਸੰਵੇਗ, ਭਾਵਾਵੇਸ਼ ਲਕੋ ਸਕਦੇ ਹੋ, ਛੁਪਾ ਸਕਦੇ ਹੋ ਪਰ ਇਹ ਸਾਰੇ ਹੀ ਬੜੀ ਸਪਸ਼ਟਤਾ ਨਾਲ ਚਿਹਰੇ ਤੇ ਆ ਜਾਂਦੇ ਹਨ ਤੇ ਬੜੀ ਹੀ ਚੰਗੀ ਤਰ੍ਹਾਂ ਦਿਸ ਹੀ ਜਾਂਦੇ ਹਨ।

ਸਰੀਰ ਤੇ ਮਨ ਦਾ ਇਕ ਬਹੁਤ ਹੀ ਪਰਸਪਰ ਸਬੰਧ ਹੈ ਦੋਨੋਂ ਇਕ ਦੂਸਰੇ ਨਾਲ ਬਹੁਤ ਹੀ ਗੂੜ੍ਹੀ ਤਰ੍ਹਾਂ ਨਾਲ ਜੁੜੇ ਹੋਏ ਹਨ, ਮਨ ਸਰੀਰ ਤੇ ਪ੍ਰਭਾਵ ਪਾਉਂਦਾ ਹੈ ਤੇ ਸਰੀਰ ਮਨ ਤੇ ਪ੍ਰਤੀਕਿਰਿਆ ਕਰਦਾ ਹੈ। ਇਕ ਸ਼ੁੱਧ ਸਵਸਥ ਮਨ ਸਰੀਰ ਨੂੰ ਸਵਸਥ ਰਖਦਾ ਹੈ ਕਿਉਂਕਿ ਵਿਚਾਰ ਹੀ ਸਾਰੇ ਦੁਖਾਂ ਦਾ ਕਾਰਣ ਹਨ। ਜੋ ਵੀ ਕੁਝ ਤੁਸੀਂ ਆਪਣੇ ਮਨ ਵਿਚ ਰੱਖੋਗੇ ਉਸ ਦਾ ਪ੍ਰਭਾਵ ਸਰੀਰ ਉਤੇ ਪਵੇਗਾ ਹੀ ਗੁੱਸੇ ਵਿਚ ਆਪੇ ਤੋਂ ਬਾਹਰ ਹੋ ਜਾਣ ਨਾਲ ਦਿਮਾਗ ਦੇ ਸੈਲ ਖਤਮ ਹੋ ਜਾਂਦੇ ਹਨ, ਖੂਨ ਵਿਚ ਜ਼ਹਿਰ ਭਰ ਜਾਂਦੀ ਹੈ, ਨਾੜੀ ਤੰਤਰ ਵਿਚ ਸਦਮਾ ਪਹੁੰਚਦਾ ਹੈ, ਪਾਚਨ ਸ਼ਕਤੀ ਦੇ ਰਸ ਦਬ ਜਾਂਦੇ ਹਨ ਬਾਈਲ ਤੇ ਹੋਰ ਰਸ ਸਾਰੀ ਸ਼ਕਤੀ ਖਿੱਚ ਲੈਂਦੇ ਹਨ ਤੇ ਮਨੁੱਖ ਸਮੇਂ ਤੋਂ ਪਹਿਲਾਂ ਹੀ ਬੁੱਢਾ ਹੋ ਜਾਂਦਾ ਹੈ ਤੇ ਮਰ ਜਾਂਦਾ ਹੈ ਸਰੀਰ ਦੀ ਪੀੜਾ, ਸਰੀਰ ਦਾ ਦੁੱਖ, ਮਨ ਦੇ ਦੁੱਖ ਨਾਲੋਂ ਕਿਤੇ ਘੱਟ ਹਨ ਇਹ ਨੰਬਰ ਦੋ ਹੀ ਹਨ, ਮਨ ਦਾ ਰੋਗ, ਮਨ ਦਾ ਦੁੱਖ ਨੰਬਰ ਇਕ ਹੈ ਵਧੇਰੇ ਕਸ਼ਟਮਈ ਹੈ।

ਦੂਸਰੇ ਪਾਸੇ ਜੇ ਅਣਚਾਹੇ ਵਿਚਾਰ ਜਿਹੜੇ ਸਾਡੇ ਵਿਚ ਠੀਕ ਨਹੀਂ, ਸਾਡੇ ਅਨੁਕੂਲ ਨਹੀਂ ਜੇਕਰ ਉਨ੍ਹਾਂ ਨੂੰ ਰੋਕ ਲਿਆ ਜਾਵੇ ਉਨ੍ਹਾਂ ਉਤੇ ਕਾਬੂ ਪਾ ਲਿਆ ਜਾਵੇ ਸਾਰੀਆਂ ਬਿਮਾਰੀਆਂ ਦਾ ਅੰਤ ਹੋ ਜਾਵੇਗਾ ਇਸ ਕਰਕੇ ਜਗਿਆਸੂ ਨੂੰ ਚਾਹੀਦਾ ਹੈ ਆਪਣੇ ਵਿਚਾਰਾਂ ਤੇ ਪੂਰਾ-ਪੂਰਾ ਕਾਬੂ ਰੱਖੇ, ਆਉਣ ਵਾਲੇ ਵਿਚਾਰ ਤੇ ਬਾਹਰ ਜਾਣ ਵਾਲੇ ਵਿਚਾਰ, ਸੰਵੇਗਾਂ ਤੇ ਮਹਿਸੂਸ ਕਰਨ ਤੇ ਪੂਰਾ-ਪੂਰਾ ਕਾਬੂ ਰੱਖੇ, ਕਿਸ ਵਿਚਾਰ ਦਾ, ਕਿਸ ਸੰਵੇਗ ਦਾ ਕੀ ਅਸਰ ਹੋਵੇਗਾ, ਕੀ ਪ੍ਰਭਾਵ ਹੋਵੇਗਾ ਉਸ ਦੇ ਅਨੁਸਾਰ ਇਨ੍ਹਾਂ ਨੂੰ ਰੱਖ ਲੈਣਾ ਚਾਹੀਦਾ ਹੈ ਜਾਂ ਛੱਡ ਦੇਣਾ ਚਾਹੀਦਾ ਹੈ। ਇਨ੍ਹਾਂ ਦਾ ਕੀ ਨਤੀਜਾ ਹੋਵੇਗਾ। ਇਹ ਸਭ ਕੁਝ ਤੁਸੀਂ ਛੇਤੀ ਹੀ ਕਰ ਲੈਂਦੇ ਹੋ ਜੇ ਮਨ ਨੂੰ 'ਯਮ' ਨੀਯਮ ਨਾਲ ਸਾਧ ਲਿਆ ਹੋਵੇ। ਠੀਕ ਮਨ ਦੀ ਪ੍ਰਵਿਰਤੀ ਨਾਲ, ਸਥਿਰ ਹੋ ਕੇ ਬੈਠਣ ਨਾਲ, ਡੂੰਘੇ ਸ੍ਵਾਸ ਲੈਣ ਨਾਲ ਇਕ ਸਾਰ ਸ੍ਵਾਸ ਲੈਣ ਨਾਲ, ਚਿੱਤ ਬਿਰਤੀਆਂ ਨੂੰ ਇਕੱਠੇ ਕਰਨ ਨਾਲ ਮਨ ਦਾ ਬਾਹਰ ਜਾਣਾ ਰੋਕਿਆ ਜਾ ਸਕਦਾ ਹੈ। ਇਕ ਵਾਰੀ ਜਦੋਂ ਬਾਹਰ ਜਾਣੋ ਰੁਕ ਜਾਵੇ ਮਨ ਅੰਤਰਮੁਖੀ ਹੋ ਜਾਂਦਾ ਹੈ ਤੇ ਅੰਤਰ ਦੀ ਯਾਤਰਾ ਸ਼ੁਰੂ ਕਰ ਦਿੰਦਾ ਹੈ। ਮਨ ਦੀ ਕਿਰਿਆ ਤੋਂ ਜਾਣੂ ਹੋ ਜਾਣਾ ਇਨ੍ਹਾਂ ਕਿਰਿਆਵਾਂ ਤੇ ਕਾਬੂ ਪਾ ਲੈਣਾ। ਸੁਚੇਤ ਹੋ ਕੇ ਕਾਬੂ ਪਾ ਲੈਣ ਨਾਲ ਇਕਾਗਰਤਾ ਆ ਜਾਂਦੀ ਹੈ। ਮਨ ਇਕ ਬਿੰਦੂ ਤੇ ਇਕਾਗਰ ਹੋ ਜਾਂਦਾ ਹੈ ਜਿਹੜਾ ਪਹਿਲਾਂ ਖੇਰੂੰ ਸੀ ਉਹ ਮਨ ਹੁਣ ਹਰ ਤਰ੍ਹਾਂ ਨਾਲ ਡੂੰਘਾ ਚਲਾ ਜਾਂਦਾ ਹੈ, ਚੇਤਨ ਮਨ ਤੇ ਅਚੇਤ ਮਨ ਦੀਆਂ ਤਹਿਾਂ ਤਕ ਚਲਾ ਜਾਂਦਾ ਹੈ ਤੇ ਅੰਤ ਵਿਚ ਉਤਮ ਚੇਤਨਾ ਤੇ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਕਰਕੇ ਜਗਿਆਸੂ ਮੈਡੀਟੇਸ਼ਨ ਤੇ ਪਹੁੰਚ ਜਾਂਦਾ ਹੈ ਭਾਵ ਮੈਡੀਟੇਸ਼ਨ ਕਰਨ ਲਗ ਪੈਂਦਾ ਹੈ।


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................................

ਪਤਾ/Address ..........................................................

..........................................................

..........................................................

..................................Pin Code......................................

Phone......................... E-mail :..................................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 04, 11, 18, 25 ਮਾਰਚ।

**ਸੰਗਰਾਂਦ** – 14 ਮਾਰਚ, ਦਿਨ ਬੁੱਧਵਾਰ।

**ਪੂਰਨਮਾਸ਼ੀ** – 3 ਮਾਰਚ, ਦਿਨ ਸ਼ਨੀਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 31 ਮਾਰਚ 2007, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI 61816/95

Postal Regd. No. CHD/0081/2006
PP/CHD-3/0003

ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਸਿਮ੍ਰਤੀ ਅੰਦਰ

# ਗੁਰਮਤਿ ਸਮਾਗਮ

ਅਨਾਜ ਮੰਡੀ ਬਹਿਰਾਮ ਵਿਖੇ 4,5,6,7 ਅਪ੍ਰੈਲ 2007

ਸ਼ਾਮ 7.00 ਤੋਂ ਰਾਤ 11.00 ਵਜੇ



ਇਸ ਸਮਾਗਮ ਅੰਦਰ ਰਤਵਾੜਾ ਸਾਹਿਬ, ਰਾੜਾ ਸਾਹਿਬ, ਨਾਨਕਸਰ ਕਲੇਰਾਂ, ਭੂਰੀ ਵਾਲੇ, ਸਵਾਮੀ, ਯੋਗੀ, ਉਦਾਸੀ, ਸੰਪ੍ਰਦਾਇ ਦੇ ਸਾਧੂ-ਸੰਤ-ਮਹਾਤਮਾ ਆਪਣੇ ਕੀਰਤਨ, ਦਰਸ਼ਨ ਅਤੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਸ੍ਰਸ਼ਾਰ ਕਰਨਗੇ। ਸਮੇਂ ਸਿਰ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

ਆਤਮ ਮਾਰਗ ਮੈਗਜੀਨ ਅਤੇ ਪੁਸਤਕਾਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।



ਬਾਬਾ ਸਤਨਾਮ ਸਿੰਘ ਜੀ ਅਮਰੀਕਾ

ਪ੍ਰਾਰਥਕ - ਬਾਬਾ ਸਤਨਾਮ ਸਿੰਘ ਅਤੇ ਸਮੂੰਹ ਇਲਾਕਾ ਬਹਿਰਾਮ



ਮਾਤਾ ਰਣਜੀਤ ਕੌਰ ਜੀ